ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

ਸੰਪਾਦਕ

ਅਮਨਦੀਪ ਸਿੰਘ

ਚਿੱਤਰ

Microsoft BING AI

https://pixabay.com/

NASA Gemini AI

ਈ-ਮੇਲ

punjabiscifi@gmail.com

ਵੈੱਬਸਾਈਟ

https://udaanpunjabi.com

ਸਮਾਜਿਕ

ਉਡਾਣ ਮੈਗਜ਼ੀਨ ਨੂੰ ਸੋਸ਼ਲ ਮੀਡੀਆ ‘ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ ‘ਤੇ ਕਲਿੱਕ ਕਰੋ

ਇਸ ਮੈਗ਼ਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com ‘ਤੇ ਆਰਡਰ ਕਰ ਸਕਦੇ ਹੋ।

ਅਕਤੂਬਰ-ਦਸੰਬਰ 2025
ਸਾਲ ਚੌਥਾ, ਅੰਕ ਤੇਰ੍ਹਵਾਂ

ISSN: 3065-7113

ਮੁੱਖ ਪੰਨੇ ਦੀ ਤਸਵੀਰ (ਗੂਗਲ ਜੈਮਿਨੀ ਏ.ਆਈ. ਤੇ ਨਾਸਾ ਤੋਂ ਧੰਨਵਾਦ ਸਹਿਤ)

ਨਾਸਾ ਦੇ ਪਰਸੈਵਰੈਂਸ ਮੰਗਲ ਰੋਵਰ ਨੂੰ ਜੇਜ਼ੇਰੋ ਕ੍ਰੇਟਰ ਵਿੱਚ ਘੁੰਮਦਿਆਂ ਪੇਸ਼ ਕਰਦੀ ਹੈ, ਜੋ ਖ਼ਾਸ ਤੌਰ 'ਤੇ ਪੂਰਬਲੇ ਜੀਵਨ ਦੇ ਸਬੂਤ ਲੱਭਣ ਲਈ ਚੁਣਿਆ ਗਿਆ ਹੈ। ਵਿਗਿਆਨਕ ਮੰਨਦੇ ਹਨ ਕਿ ਇਹ ਪ੍ਰਾਚੀਨ ਕ੍ਰੇਟਰ ਇੱਕ ਨਦੀ ਦੇ ਡੈਲਟਾ ਦੁਆਰਾ ਭਰੀ ਜਾਣ ਵਾਲੀ ਝੀਲ ਸੀ, ਇੱਕ ਅਜਿਹਾ ਵਾਤਾਵਰਣ ਜੋ ਧਰਤੀ 'ਤੇ ਸੂਖਮ ਜੀਵਨ ਦੇ ਸੰਕੇਤਾਂ ਨੂੰ ਸੁਰੱਖਿਅਤ ਰੱਖਣ ਲਈ ਉੱਤਮ ਹੈ। ਰੋਵਰ ਦਾ ਮਿਸ਼ਨ ਉੱਨਤ ਯੰਤਰਾਂ ਦੀ ਵਰਤੋਂ ਕਰਕੇ ਸੂਖਮ ਪੱਧਰ 'ਤੇ ਚੱਟਾਨਾਂ ਅਤੇ ਮਿੱਟੀ ਦਾ ਵਿਸ਼ਲੇਸ਼ਣ ਕਰਕੇ ਜੀਵਨ ਦੀ ਹੋਂਦ ਦੇ ਚਿੰਨ੍ਹ ਲੱਭਣਾ ਹੈ, ਜੋ ਸਿਰਫ਼ ਜੀਵਤ ਜੀਵਾਂ ਦੁਆਰਾ ਬਣਾਏ ਜਾ ਸਕਦੇ ਸਨ। ਨਾਸਾ ਦੇ ਅਨੁਸਾਰ, ਪਿੱਛੇ ਜਿਹੇ ਜੁਲਾਈ 2024 ਵਿੱਚ ਪਰਸੈਵਰੈਂਸ (ਮੰਗਲ ਰੋਵਰ) ਨੇ "ਚੇਯਾਵਾ ਫਾਲਜ਼" ਨਾਮਕ ਇੱਕ ਪਥਰੀਲੇ ਖੇਤਰ ਦੀ ਇਹ ਤਸਵੀਰ ਖਿੱਚੀ ਤੇ ਜੇਜ਼ੇਰੋ ਕ੍ਰੇਟਰ ਵਿੱਚ ਇੱਕ ਪ੍ਰਾਚੀਨ ਸੁੱਕੇ ਨਦੀ ਦੇ ਤਲ ਤੋਂ ਇੱਕ ਨਮੂਨਾ ਇਕੱਠਾ ਕੀਤਾ ਜੋ ਕਿ ਪ੍ਰਾਚੀਨ ਸੂਖਮ ਜੀਵ ਜੀਵਨ ਦੇ ਸਬੂਤ ਦੇ ਸਕਦਾ ਹੈ। ਨੇਚਰ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਪੇਪਰ ਦੇ ਅਨੁਸਾਰ, ਪਿਛਲੇ ਸਾਲ ਇਕੱਠੇ ਕੀਤੇ ਗਏ ਨਮੂਨੇ ਵਿੱਚ ਸੰਭਾਵੀ ਜੀਵਨ ਦੇ ਪਦ ਚਿੰਨ੍ਹ (ਬਾਇਓਸਿਗਨੇਚਰ) ਹੋ ਸਕਦੇ ਹਨ!

Front Page Image Credit: Google Gemini and NASA

ਇਸ ਅੰਕ ਵਿਚ

2 ਸੰਪਾਦਕੀ - ਉਡਾਣ ਦੇ ਚੌਥੇ ਸਾਲ ਦਾ ਆਰੰਭ

3 ਦੋ ਦਿਲ, ਇਕ ਧੜਕਣ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

8 ਬਲੌਂਕਚੇਨ ਨੇ ਖੋਹਿਆ ਚੈਨ /ਅਮਨਦੀਪ ਸਿੰਘ

9 ਸਹਾਰਾ/ਰੂਪ ਢਿੱਲੋਂ

15 ਚੰਦਰਯਾਨ-ਤਿਸ਼ਕਿਨ/ਗੁਰਚਰਨ ਕੌਰ ਥਿੰਦ

21 ਸਿਤਾਰਿਆਂ ਤੋਂ ਅੱਗੇ/ਅਮਨਦੀਪ ਸਿੰਘ

29 ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ/ਇੰਜ. ਈਸ਼ਰ ਸਿੰਘ

33 ਨਵੀਂ ਪੁਲਾਂਘ: ਉਪਗ੍ਰਹਿ - ਨਿਸਾਰ/ਪ੍ਰਿੰ. ਹਰੀ ਕ੍ਰਿਸ਼ਨ ਮਾਇਰ

35 ਪੁਸਤਕ ਰਿਵਿਊ: 'ਈਕੋਜ਼ ਆਫ਼ ਏ ਡਿਜੀਟਲ ਡਾਅਨ'/ਡਾ. ਸੁਖਦੇਵ ਸਿੰਘ ਝੰਡ

ਬੱਚਿਆਂ ਦਾ ਕੋਨਾ

39 ਪੁਲਾੜ ਦੀ ਸੈਰ/ਡਾ. ਕਰਮਜੀਤ ਸਿੰਘ ਧਾਲੀਵਾਲ

44 ਮਨੁੱਖ ਹੁਣ ਪਹਿਲਾਂ ਵਰਗਾ ਨਹੀਂ ਰਿਹਾ/ਹਰੀ ਕ੍ਰਿਸ਼ਨ ਮਾਇਰ

46 ਕਵਿਤਾ-ਪ੍ਰਕਾਸ਼/ਸੁਰਿੰਦਰਪਾਲ ਸਿੰਘ

47 ਕਵਿਤਾ-ਜਲ ਚੱਕਰ/ਵਿਕਾਸ ਵਰਮਾ

48 ਪਲੂਟੋ/ਸੁਖਮੰਦਰ ਸਿੰਘ ਤੂਰ

50 ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

Udaan is published quarterly by Amandeep Singh for Aman Publications, located at 13 Bluebird Dr., Grafton, MA, USA.

© Copyright 2025 by the respective authors. The opinions expressed in this publication are those of the authors and do not necessarily reflect the opinions of Udaan Magazine or its editorial team.

ਸੰਪਾਦਕੀ - ਉਡਾਣ ਦੇ ਚੌਥੇ ਸਾਲ ਦਾ ਆਰੰਭ

ਪਿਆਰੇ ਪਾਠਕੋ, "ਉਡਾਣ" ਦਾ ਇਹ ਤੇਰ੍ਹਵਾਂ ਵਿਸ਼ੇਸ਼ ਅੰਕ ਆਪ ਜੀ ਦੀ ਸੇਵਾ ਵਿੱਚ ਅਰਪਣ ਹੈ। ਮਾਖਿਓਂ ਮਿੱਠੀ ਪਿਆਰੀ ਪੰਜਾਬੀ ਮਾਂ-ਬੋਲੀ ਵਿੱਚ ਵਿਗਿਆਨ, ਵਿਗਿਆਨ ਗਲਪ ਬਾਰੇ ਜਾਗਰੂਕਤਾ ਫੈਲਾਉਣ ਅਤੇ ਵਿਗਿਆਨ ਨਾਲ਼ ਸੰਬੰਧਿਤ ਮਿਆਰੀ ਤੇ ਰੋਚਕ ਰਚਨਾਵਾਂ ਪੇਸ਼ ਕਰਦਾ ਇਹ ਮੈਗ਼ਜ਼ੀਨ ਸਫ਼ਲਤਾਪੂਰਵਕ ਚੌਥੇ ਸਾਲ ਵਿੱਚ ਦਾਖਲ ਹੋ ਰਿਹਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਅਸੀਂ ਇਸ ਯਾਤਰਾ ਵਿੱਚ ਸਫ਼ਲ ਹੋ ਰਹੇ ਹਾਂ, ਅਤੇ ਅਸੀਂ ਇਸਦਾ ਹਿੱਸਾ ਬਣਨ ਲਈ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।ਸਭ ਤੋਂ ਪਹਿਲਾਂ ਅਸੀਂ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਕਰਕੇ ਜਾਨ ਤੇ ਮਾਲ ਦੇ ਹੋਏ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਤੇ ਹੜ੍ਹ-ਪੀੜਤਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ। ਪੰਜਾਬ ਦੇ ਹਿੰਮਤੀ ਲੋਕਾਂ ਤੇ ਸਮਾਜ ਸੇਵੀ ਜਥੇਬੰਦੀਆਂ ਵਲੋਂ ਹੜ੍ਹ-ਪੀੜਤਾਂ ਦੀ ਕੀਤੀ ਵਡਮੁੱਲੀ ਸਹਾਇਤਾ ਅਤਿ ਸ਼ਲਾਘਾਯੋਗ ਹੈ। ਪਰ ਦੁੱਖ ਦੀ ਗੱਲ ਹੈ ਕਿ ਇਹ ਵਰਤਾਰਾ ਆਲਮੀ ਤਪਿਸ਼ ਤੇ ਜਲਵਾਯੂ ਪਰਿਵਰਤਨ ਦੇ ਮਾਰੂ ਪ੍ਰਭਾਵਾਂ ਦੀ ਸਾਨੂੰ ਸਭ ਨੂੰ ਇੱਕ ਤਿੱਖੀ ਅਤੇ ਦਰਦਨਾਕ ਯਾਦ ਦਿਵਾਉਂਦਾ ਹੈ - ਇੱਕ ਮਹੱਤਵਪੂਰਨ ਮੁੱਦਾ ਜਿਸਨੂੰ ਸਮਝਣ ਅਤੇ ਹੱਲ ਕਰਨ ਵਿੱਚ ਵਿਗਿਆਨ ਸਾਡੀ ਮਦਦ ਕਰ ਸਕਦਾ ਹੈ।

ਗਹਿਰੇ ਮਨੁੱਖੀ ਅਨੁਭਵ ਅਤੇ ਵਿਗਿਆਨਕ ਜਾਣਕਾਰੀ ਦੀ ਭਾਵਨਾ ਨਾਲ਼, ਇਹ ਅੰਕ ਤੁਹਾਡੇ ਲਈ ਵਿਗਿਆਨਕ ਕਹਾਣੀਆਂ, ਕਵਿਤਾਵਾਂ ਅਤੇ ਲੇਖਾਂ ਦਾ ਇੱਕ ਵਿਭਿੰਨ ਸੰਗ੍ਰਹਿ ਲੈ ਕੇ ਹਾਜ਼ਰ ਹੈ। ਡਾ. ਦੇਵਿੰਦਰ ਪਾਲ ਸਿੰਘ ਦੀ ਦਿਲ ਨੂੰ ਛੂਹ ਦੇਣ ਵਾਲ਼ੀ ਕਹਾਣੀ "ਦੋ ਦਿਲ, ਇਕ ਧੜਕਣ" ਵਿੱਚ ਇੱਕ ਕਾਲ਼ੀ ਨਸਲ ਦੇ ਆਦਮੀ ਦਾ ਦਿਲ ਇੱਕ ਗੋਰੀ ਨਸਲ ਦੇ ਆਦਮੀ ਨੂੰ ਦਿੱਤਾ ਜਾਂਦਾ ਹੈ। ਇਸ ਪਰਿਵਰਤਨਸ਼ੀਲ ਅਨੁਭਵ ਦੁਆਰਾ, ਪ੍ਰਾਪਤਕਰਤਾ ਨਸਲਵਾਦ ਪ੍ਰਤੀ ਵਧੇਰੇ ਹਮਦਰਦ ਹੋ ਜਾਂਦਾ ਹੈ, ਆਪਣੇ ਦਾਨੀ ਦੇ ਸ਼ੌਕ ਨੂੰ ਸਿੱਖਦਾ ਹੋਇਆ ਨਸਲਵਾਦ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਚਿੱਤਰ ਬਣਾਉਂਦਾ ਹੈ। ਰੂਪ ਢਿੱਲੋਂ ਦੀ ਦਿਲਚਸਪ ਵਿਗਿਆਨ ਗਲਪ ਕਹਾਣੀ "ਸਹਾਰਾ" ਦੇ ਦੂਜੇ ਭਾਗ ਵਿੱਚ ਇੱਕ ਏਲੀਅਨ ਦੁਆਰਾ ਰੌਂਗਟੇ ਖੜੇ ਕਰ ਦੇਣ ਵਾਲ਼ੀ ਤਰਥੱਲੀ ਬਾਰੇ ਪੜ੍ਹਨ ਲਈ ਤਿਆਰ ਹੋ ਜਾਵੋ। ਗੁਰਚਰਨ ਕੌਰ ਥਿੰਦ ਤੇ ਮੇਰੇ ਲੜੀਵਾਰ ਵਿਗਿਆਨ ਗਲਪ ਨਾਵਲ "ਚੰਦਰਯਾਨ-ਤਿਸ਼ਕਿਨ" ਤੇ "ਸਿਤਾਰਿਆਂ ਤੋਂ ਅੱਗੇ" ਵਿੱਚ ਪੜ੍ਹੋ ਕਿ ਅੱਗੇ - ਅੱਗੇ ਕੀ ਹੁੰਦਾ ਹੈ? ਕੀ ਪੁਲਾੜ ਯਾਤਰੀ ਤੇ ਤਾਰਾ ਵਿਗਿਆਨੀ ਆਪਣੀ - ਆਪਣੀ ਮੰਜ਼ਲ 'ਤੇ ਅੱਪੜਦੇ ਹਨ? ਇੰਜ: ਈਸ਼ਰ ਸਿੰਘ ਦਾ ਵਿਗਿਆਨਕ ਲੇਖ ਤਰੱਕੀ ਦੀ ਦੋਧਾਰੀ ਤਲਵਾਰ 'ਤੇ ਇੱਕ ਆਲੋਚਨਾਤਮਕ ਨਜ਼ਰ ਮਾਰਦੇ ਹੋਏ ਸਾਡੀ ਇਸ ਨਿਰਭਉ ਤੇ ਨਵੀਂ ਦੁਨੀਆਂ ਵਿੱਚ ਆਈ ਨਵੀ ਤਕਨਾਲੋਜੀ, ਖ਼ਾਸ ਕਰਕੇ ਏ. ਆਈ. ਦੇ ਖ਼ਤਰਿਆਂ ਪ੍ਰਤੀ ਸੁਚੇਤ ਕਰਦਾ ਹੈ ਤੇ ਪ੍ਰਿੰ .ਹਰੀ ਕ੍ਰਿਸ਼ਨ ਮਾਇਰ ਦਾ ਖੋਜ ਭਰਪੂਰ ਲੇਖ ਇਸਰੋ ਤੇ ਨਾਸਾ ਵਲੋਂ ਕੀਤੇ ਸਾਂਝੇ ਉਪਰਾਲੇ ਨਿਸਾਰ ਉਪਗ੍ਰਹਿ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਦਾ ਹੈ। ਬੱਚਿਆਂ ਦੇ ਕੋਨੇ ਵਿੱਚ ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਦੀ ਬਾਲ ਕਹਾਣੀ "ਮਨੁੱਖ ਹੁਣ ਪਹਿਲਾਂ ਵਰਗਾ ਨਹੀਂ ਰਿਹਾ" ਵਿੱਚ ਪਲਾਸਟਿਕ ਖਾ ਕੇ ਬਿਮਾਰ ਹੋਏ ਬਲੂੰਗੜੇ ਦਾ ਮਰਮ ਬਿਰਤਾਂਤ ਹੈ, ਜੋ ਕਿ ਮਨੁੱਖ ਵਲੋਂ ਵਾਤਾਵਰਣ ਨਾਲ਼ ਕੀਤੇ ਖਿਲਵਾੜ ਕਰਕੇ ਦਰਪੇਸ਼ ਚੁਣੌਤੀਆਂ ਦਾ ਇੱਕ ਨਿੱਜੀ ਦ੍ਰਿਸ਼ਟਾਂਤ ਪੇਸ਼ ਕਰਦੀ ਹੈ। ਡਾ: ਕਰਮਜੀਤ ਸਿੰਘ ਧਾਲੀਵਾਲ ਦੇ ਪ੍ਰੇਰਣਾਮਈ ਵਿਗਿਆਨਕ ਬਾਲ ਨਾਟਕ "ਪੁਲਾੜ ਦੀ ਸੈਰ" ਵਿੱਚ ਬੱਚਿਆਂ ਦੀ ਉਤਸੁਕਤਾ ਨੂੰ ਸ਼ਾਂਤ ਕਰਦਾ ਉਨ੍ਹਾਂ ਨੂੰ ਚੰਨ, ਤਾਰਿਆਂ ਤੇ ਪੁਲਾੜ ਵਿੱਚ ਲੈ ਜਾਂਦਾ ਹੈ। ਸੁਖਮੰਦਰ ਸਿੰਘ ਤੂਰ ਦੇ ਲੇਖ ਵਿੱਚ ਅਸੀਂ ਜਾਣ ਸਕਦੇ ਹਾਂ ਕਿ ਪਲੂਟੋ ਕੋਲੋਂ ਕਿਉਂ ਖੋਹਿਆ ਗਿਆ ਨੌਵੇਂ ਗ੍ਰਹਿ ਦਾ ਦਰਜਾ? ਵਿਕਾਸ ਵਰਮਾ ਤੇ ਸੁਰਿੰਦਰਪਾਲ ਸਿੰਘ ਦੀਆਂ ਵਿਗਿਆਨਕ ਕਵਿਤਾਵਾਂ ਜਲ-ਚੱਕਰ ਤੇ ਪ੍ਰਕਾਸ਼ ਬਾਰੇ ਕਵਿਤਾ ਰਾਹੀਂ ਸੌਖੀ ਜਾਣਕਾਰੀ ਪੇਸ਼ ਕਰਦੀਆਂ ਹਨ, ਜਿਨ੍ਹਾਂ ਦਾ ਪਾਠ ਬਾਲ ਮਨ ਨੂੰ ਵਿਗਿਆਨ ਨੂੰ ਸਮਝਣ ਤੇ ਉਸਦੀ ਕਦਰ ਕਰਨ ਲਈ ਸਹਿਜੇ ਹੀ ਪ੍ਰੇਰਿਤ ਕਰਦਾ ਹੈ। ਵਿਗਿਆਨ ਅਤੇ ਵਿਗਿਆਨਕ ਕਥਾ ਕਹਾਣੀਆਂ, ਕਵਿਤਾਵਾਂ ਤੇ ਲੇਖ, ਬ੍ਰਹਿਮੰਡ ਅਤੇ ਇਸ ਦੇ ਅੰਦਰ ਸਾਡੀ ਜਗ੍ਹਾ ਬਾਰੇ ਸਾਡੀ ਸਮਝ ਨੂੰ ਵਧਾਉਣ ਲਈ ਸਹਾਇਤਾ ਕਰਦੇ ਹਨ। ਅਸੀਂ ਉਮੀਦ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਅੰਕ ਵਿਚਲੀਆਂ ਰਚਨਾਵਾਂ ਨੂੰ ਜ਼ਰੂਰ ਪਸੰਦ ਕਰੋਗੇ। ਇਸ ਯਾਤਰਾ 'ਤੇ ਸਾਡੇ ਨਾਲ ਚੱਲਣ ਲਈ ਆਪ ਜੀ ਦਾ ਧੰਨਵਾਦ। ਹਮੇਸ਼ਾਂ ਦੀ ਤਰ੍ਹਾਂ ਆਪਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿਚ ...

~ ਅਮਨਦੀਪ ਸਿੰਘ

punjabiscifi@gmail.com

"ਉਡਾਣ" ਮੈਗ਼ਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਸੰਪਾਦਕੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ

ਵਿਗਿਆਨ ਗਲਪ ਕਹਾਣੀ

ਦੋ ਦਿਲ, ਇਕ ਧੜਕਣ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਸਰਦੀ ਦੀ ਰੁੱਤ ਸੀ। ਦਸੰਬਰ ਦੀ ਇੱਕ ਸਰਦ ਸਵੇਰ ਸੀ ਉਸ ਦਿਨ, ਜਦੋਂ ਡਾ. ਸਾਮੰਥਾ ਕਾਰਟਰ ਨੇ ਨਾਰਥਵੈਸਟਰਨ ਮੈਮੋਰੀਅਲ ਹੋਸਪੀਟਲ, ਸ਼ਿਕਾਗੋ ਵਿਖੇ ਆਪਣੇ ਡਾਕਟਰੀ ਜੀਵਨ ਦਾ ਸਭ ਤੋਂ ਅਹਿਮ ਅਪ੍ਰੇਸ਼ਨ ਕੀਤਾ। ਤੀਹ ਸਾਲਾਂ ਗੋਰਾ ਡੈਨੀਅਲ ਹਾਰਪਰ ਇਕ ਨਿਵੇਸ਼ ਬੈਂਕਰ ਸੀ। ਜੋ ਅਕਸਰ ਸੂਟਿਡ ਬੂਟਿਡ ਰਹਿੰਦਾ ਸੀ ਪਰ ਜ਼ਬਾਨ ਦਾ ਕਾਫ਼ੀ ਤਲਖ਼ ਸੀ। ਉਸ ਦਿਨ ਉਹ ਹਸਪਤਾਲ ਵਿਖੇ ਓਪਰੇਟਿੰਗ ਟੇਬਲ ਉੱਤੇ ਬੇਹੋਸ਼ ਪਿਆ ਸੀ। ਗੰਭੀਰ ਹਰਟ-ਅਟੈਕ ਦੀ ਹਾਲਾਤ ਵਿਚ ਉਸ ਨੂੰ ਇਥੇ ਲਿਆਂਦਾ ਗਿਆ ਸੀ। ਲੋੜ੍ਹ ਸੀ ਉਸ ਦੇ ਨਾਕਾਮ ਹੋ ਚੁੱਕੇ ਦਿਲ ਨੂੰ ਬਦਲਣ ਦੀ।

ਡੈਨੀਅਲ ਦੀ ਚੰਗੀ ਕਿਸਮਤ ਨੂੰ ਉਸੇ ਦਿਨ ਹਸਪਤਾਲ ਵਿਚ ਏਲੀਯਾਹ ਬਰੂਕਸ ਦੀ ਲਾਸ਼ ਪਹੁੰਚੀ ਸੀ। ਜਿਸ ਦੀ ਕੁਝ ਦੇਰ ਪਹਿਲਾਂ ਹੀ ਇੱਕ ਮੋਟਰਸਾਈਕਲ ਦੁਰਘਟਨਾ ਵਿੱਚ ਦੁਖਦਾਈ ਮੌਤ ਹੋ ਗਈ ਸੀ। ਏਲੀਯਾਹ ਬਰੂਕਸ, ਕਾਲੀ ਨਸਲ ਦਾ ਇੱਕ 19 ਸਾਲਾ ਕਲਾਕਾਰ ਸੀ। ਹਸਪਤਾਲ ਦੀ ਮੈਡੀਕਲ ਨੈਤਿਕਤਾ ਕਮੇਟੀ ਨੇ ਇਸੇ ਨੌਜੁਆਨ ਦਾ ਦਿਲ ਡੈਨੀਅਲ ਹਾਰਪਰ ਨੂੰ ਲਗਾਉਣ ਦਾ ਫੈਸਲਾ ਕੀਤਾ ਸੀ।

ਏਲੀਯਾਹ ਬਰੂਕਸ ਦਾ ਨਰੋਆ ਦਿਲ ਡੈਨੀਅਲ ਹਾਰਪਰ ਨੂੰ ਨਵੀਂ ਜ਼ਿੰਦਗੀ ਦੇਣ ਜਾ ਰਿਹਾ ਸੀ।

*****

ਜਿਵੇਂ ਹੀ ਉਹ ਏਲੀਯਾਹ ਦੇ ਦਿਲ ਨੂੰ ਨਵੇਂ ਸਰੀਰ ਵਿਚ ਲਗਾਉਣ ਲਈ ਤਿਆਰ ਕਰ ਰਹੀ ਸੀ ਤਾਂ ਡਾ. ਸਾਮੰਥਾ ਦੇ ਸਰਜੀਕਲ ਸਹਾਇਕ ਡਾਕਟਰ ਪਟੇਲ ਨੇ ਫੁਸਫੁਸਾਹਟ ਭਰੀ ਆਵਾਜ਼ ਵਿਚ ਉਸ ਨੂੰ ਪੁੱਛਿਆ, "ਸੈਮ! ਕੀ ਤੁਹਾਨੂੰ ਯਕੀਨ ਹੈ ਕਿ ਡੈਨੀਅਲ ਹਾਰਪਰ ਲਈ ਇਹ ਦਿਲ ਸਹੀ ਰਹੇਗਾ? ਅਜਿਹਾ ਆਪ੍ਰੇਸ਼ਨ ਬਹੁਤ ਹੀ ਮੁਸ਼ਕਲ ਹੋਣ ਦਾ ਅੰਦਾਜ਼ਾ ਹੈ।"

“ਹੁਣ ਹੋਰ ਸੋਚਣ ਦਾ ਸਮਾਂ ਨਹੀਂ ਹੈ,” ਸਮੰਥਾ ਦਾ ਦ੍ਰਿੜਤਾ ਭਰਪੂਰ ਜਵਾਬ ਸੀ। "ਸਾਡਾ ਕੰਮ ਇਹ ਨਹੀਂ ਕਿ ਕਿਸ ਦਾ ਦਿਲ ਕਿਸ ਨੂੰ ਦੇਣਾ ਹੈ; ਸਾਡਾ ਕੰਮ ਤਾਂ ਬੱਸ ਜਾਨ ਬਚਾਉਣਾ ਹੈ।"

ਸਫਲ ਸਰਜਰੀ ਦੀ ਬਦੌਲਤ ਡੈਨੀਅਲ ਬਚ ਗਿਆ। ਪਰ ਉਸ ਲਈ ਜ਼ਿੰਦਗੀ ਦਾ ਇਹ ਦੂਜਾ ਮੌਕਾ ਇੰਝ ਜ਼ਾਹਿਰ ਹੋਵੇਗਾ ਇਸ ਬਾਰੇ ਕਿਸੇ ਨੇ ਵੀ ਨਹੀਂ ਸੋਚਿਆ ਸੀ।

*****

ਪਹਿਲੀ ਤਬਦੀਲੀ ਓਪਰੇਸ਼ਨ ਤੋਂ ਛੇ ਹਫ਼ਤਿਆਂ ਬਾਅਦ ਨਜ਼ਰ ਆਈ। ਡੈਨੀਅਲ, ਜੋ ਆਪਣੇ ਨਿਵੇਸ਼ ਕਰੀਅਰ ਤੋਂ ਬਾਹਰ ਕਿਸੇ ਵੀ ਚੀਜ਼ ਵਿਚ ਕੋਈ ਰੁਚੀ ਨਹੀਂ ਸੀ ਰੱਖਦਾ, ਨੇ ਸਕੈਚਿੰਗ ਸ਼ੁਰੂ ਕਰ ਲਈ। ਸਿਹਤਯਾਬੀ ਦੇ ਅਰਸੇ ਦੌਰਾਨ ਪਹਿਲਾਂ ਪਹਿਲ ਤਾਂ ਇਹ ਬੇਢੰਗੀ ਜਿਹੀ ਚਿੱਤਰਕਾਰੀ ਹੀ ਸੀ, ਪਰ ਜਲਦੀ ਹੀ ਉਸ ਦੀ ਕਲਾ ਵਧੇਰੇ ਸੁਚੱਜੀ, ਅਤੇ ਭਾਵਨਾਵਾਂ ਦਾ ਵਿਸਥਾਰਪੂਰਣ ਚਿੱਤਰਣ ਕਰਨ ਵਾਲੀ ਹੋ ਗਈ।

ਇੱਕ ਦਿਨ, ਜਦੋਂ ਉਸ ਨੇ ਚਾਰਕੋਲ ਨਾਲ ਇੱਕ ਔਰਤ, ਜਿਸ ਨੂੰ ਉਹ ਜਾਣਦਾ ਵੀ ਨਹੀਂ ਸੀ, ਦਾ ਖੂਬਸੂਰਤ ਚਿੱਤਰ ਮੁਕੰਮਲ ਹੀ ਕੀਤਾ ਸੀ, ਕਿ ਉਸ ਦੀ ਮੰਗੇਤਰ ਕਲੇਰ ਉਸ ਨੂੰ ਮਿਲਣ ਆ ਗਈ।

"ਡੈਨੀਅਲ.... ਤੂੰ ਕਦੋਂ ਤੋਂ ਇਸ ਤਰ੍ਹਾਂ ਦੀ ਖੂਬਸੂਰਤ ਚਿੱਤਰਕਾਰੀ ਕਰ ਰਿਹਾ ਹੈਂ?" ਉਸ ਨੇ ਹੈਰਾਨ ਹੋ ਕੇ ਪੁੱਛਿਆ।

“ਮੈਨੂੰ ਨਹੀਂ ਪਤਾ। ਇਹ ਬੱਸ..... ਇਹ ਆਪਣੇ ਆਪ ਹੀ ਜਨਮ ਲੈ ਲੈਂਦੀ ਹੈ,” ਉਹ ਸਕੈਚ ਵੱਲ ਵੇਖਦਿਆਂ ਬੁੜਬੁੜਾਇਆ।

ਇਸ ਦੌਰਾਨ ਉਸ ਨੂੰ ਅਜਬ ਸੁਪਨੇ ਵੀ ਦਿਸਣੇ ਸ਼ੁਰੂ ਹੋ ਗਏ ਸਨ – ਬਿਲਕੁਲ ਸਾਫ਼ ਸਾਫ਼ ਪਰ ਮਨ ਹਿਲਾ ਦੇਣ ਵਾਲੇ। ਇਨ੍ਹਾਂ ਸੁਪਨਿਆਂ ਵਿੱਚ ਉਸ ਨੂੰ ਏਲੀਯਾਹ ਦੇ ਬਚਪਨ ਦੇ ਅੰਸ਼ ਨਜ਼ਰ ਆਉਂਦੇ ਸਨ: ਕਦੇ ਇੱਕ ਛੋਟਾ ਜਿਹਾ ਘਰ, ਕਦੇ ਕਿਸੇ ਬਗੀਚੇ ਵਿੱਚ ਹੋਰ ਬੱਚਿਆਂ ਸੰਗ ਹੱਸਦੇ ਹੋਏ, ਕਦੇ ਸਕੂਲ ਵਿੱਚ ਨਸਲਵਾਦ ਬਾਰੇ ਬਹਿਸ ਵਿਚ ਹਿੱਸਾ ਲੈਂਦੇ ਹੋਏ। ਡੈਨੀਅਲ ਨੂੰ ਅਜਿਹੀਆਂ ਭਾਵਨਾਵਾਂ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਜੋ ਉਸ ਨੇ ਪਹਿਲਾਂ ਕਦੇ ਵੀ ਅਨੁਭਵ ਨਹੀਂ ਸਨ ਕੀਤੀਆਂ, ਜਿਵੇਂ ਕਿ ਨਸਲੀ ਵਿਤਕਰੇ ਉੱਤੇ ਗੁੱਸਾ। ਖਾਸਕਰ ਰੰਗਭੇਦ ਅਧਾਰਿਤ ਬੇਇਨਸਾਫ਼ੀ ਦਾ ਵਰਤਾਰਾ ਤਾਂ ਉਸ ਨੇ ਪਹਿਲਾਂ ਕਦੇ ਵੀ ਅਨੁਭਵ ਨਹੀਂ ਸੀ ਕੀਤਾ।

*****

ਇਕ ਦਿਨ, ਇੱਕ ਡਿਨਰ ਪਾਰਟੀ ਦੌਰਾਨ, ਉਸ ਦੇ ਸਾਥੀਆਂ ਵਿੱਚ, ਅਚਾਨਕ ਨਸਲਵਾਦ ਦੇ ਵਿਸ਼ੇ ਬਾਰੇ ਚਰਚਾ ਛਿੜ ਪਈ। ਡੈਨੀਅਲ, ਆਮ ਕਰ ਕੇ, ਅਜਿਹੀਆਂ ਚਰਚਾਵਾਂ ਤੋਂ ਪਰਹੇਜ਼ ਹੀ ਕਰਦਾ ਸੀ, ਪਰ ਇਸ ਵਾਰ ਉਹ ਚੁੱਪ ਨਾ ਰਹਿ ਸਕਿਆ।

“ਮੈਨੂੰ ਖਿਆਲ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਨਹੀਂ ਕਿ ਚਮੜੀ ਦੇ ਰੰਗ ਵਰਗੀ ਸਾਧਾਰਣ ਚੀਜ਼ ਕਾਰਣ ਲਗਾਤਾਰ ਵਿਤਕਰੇ ਦਾ ਸਾਹਮਣਾ ਕਰਨਾ ਕਿੰਨਾ ਬੁਰਾ ਲੱਗਦਾ ਹੈ,” ਉਸ ਨੇ ਗੁੱਸੇ ਭਰੇ ਅੰਦਾਜ਼ ਵਿੱਚ ਕਿਹਾ।

ਸੱਭ ਪਾਸੇ ਚੁੱਪ ਛਾ ਗਈ।

"ਕਦੋਂ ਤੋਂ ਤੂੰ ਅਜਿਹੀ ਸੋਚ ਦਾ..... ਧਾਰਣੀ ਹੋ ਗਿਆ ਹੈਂ?" ਉਸ ਦੇ ਸਾਥੀ ਗ੍ਰੇਗ ਦੇ ਬੋਲ ਸਨ।

"ਮੇਰਾ ਭਾਵ ਤਾਂ ਇਹ ਹੈ ਕਿ ਸ਼ਾਇਦ ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਆਵਾਜ਼ਾਂ ਨੂੰ ਸੁਣੀਏ ਜਿਨ੍ਹਾਂ ਨੂੰ ਅਸੀਂ ਲੰਮੇ ਅਰਸੇ ਤੋਂ ਨਜ਼ਰਅੰਦਾਜ਼ ਕਰਦੇ ਰਹੇ ਹਾਂ।"

ਡੈਨੀਏਲ ਨੇ ਮਹਿਸੂਸ ਕੀਤਾ ਕਿ ਏਲੀਯਾਹ ਦੀ ਅਵਾਜ਼ ਉਸ ਦੇ ਦਿਲ ਵਿੱਚੋਂ ਆਪਣੇ ਆਪ ਬਾਹਰ ਆ ਰਹੀ ਸੀ। ਉਸ ਦੇ ਇਨ੍ਹਾਂ ਵਿਚਾਰਾਂ ਕਾਰਣ ਉਸ ਨੂੰ ਨਾ ਸਿਰਫ਼ ਸਮਾਜਿਕ ਵਿਰੋਧ ਦਾ ਸਾਹਮਣਾ ਹੀ ਕਰਨਾ ਪਿਆ ਸਗੋਂ ਉਸ ਦੇ ਅੰਦਰ ਵੀ ਇਕ ਕਸ਼ਮਕਸ਼ ਚਲਣੀ ਸ਼ੁਰੂ ਹੋ ਗਈ ਸੀ। ਉਸ ਨੇ ਮਨ ਵਿੱਚ ਵਿਚਾਰਾਂ ਦੀ ਉੱਥਲ ਪੁੱਥਲ ਵਾਪਰਣ ਲੱਗ ਪਈ ਸੀ। ਏਲੀਯਾਹ ਦੀ ਸੋਚ ਉਸ ਦੇ ਵਿਚਾਰਾਂ ਉੱਤੇ ਸਵਾਲ ਉਠਾਉਂਣ ਲੱਗ ਪਈ ਸੀ।

*****

ਇੱਕ ਸ਼ਾਮ ਜਦੋਂ ਉਹ ਇੱਕ ਕਲਾ ਪ੍ਰਦਰਸ਼ਨੀ ਦੇਖਣ ਗਿਆ ਤਾਂ ਇਸ ਪ੍ਰਦਰਸ਼ਨੀ ਵਿਚ ਡੈਨੀਅਲ ਏਲੀਯਾਹ ਦੇ ਅਧੂਰੇ ਕੰਮਾਂ ਦੀ ਨੁਮਾਇਸ਼ ਦੇਖ ਉਹ ਬਹੁਤ ਉਦਾਸ ਹੋ ਗਿਆ। ਏਲੀਯਾਹ ਦੀ ਸਜੀਵ, ਤੇ ਆਸ਼ਾਵਾਦੀ ਕਲਾ ਨੂੰ ਦੇਖ ਕੇ ਡੈਨੀਅਲ ਖੁੱਦ ਨੂੰ ਜ਼ਿੰਦਾ ਪਰ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਸੀ।

ਉਸ ਸਮੇਂ ਜਦ ਉਹ ਪ੍ਰਦਰਸ਼ਨੀ ਹਾਲ ਦੀ ਕੰਧ ਉੱਤੇ ਲੱਗੇ ਇੱਕ ਵਿਸ਼ਾਲ ਚਿੱਤਰ ਸਾਮ੍ਹਣੇ ਖੜ੍ਹਾ ਸੀ ਜਿਸ ਵਿੱਚ ਇੱਕ ਕਾਲਾ ਨੌਜਵਾਨ ਤਾਰਿਆਂ ਵੱਲ ਝਾਕ ਰਿਹਾ ਸੀ, ਉਸ ਨੂੰ ਏਲੀਯਾਹ ਦੀ ਆਵਾਜ਼ ਸਾਫ਼-ਸਾਫ਼ ਸੁਣਾਈ ਦਿੱਤੀ: "ਨਸਲੀ ਵਿਤਕਰਾ ਖਤਮ ਕਰੋ।"

"ਇਹ ਕੌਣ ਬੋਲ ਰਿਹਾ ਹੈ?" ਬੋਲਦਿਆਂ ਡੈਨੀਅਲ ਆਲੇ-ਦੁਆਲੇ ਝਾਕਿਆ।

"ਤੁਹਾਡੇ ਕੋਲ ਮੇਰਾ ਦਿਲ ਹੈ, ਪਰ ਤੁਸੀਂ ਇਸ ਦੀ ਵਰਤੋਂ ਨਹੀਂ ਕਰ ਰਹੇ। ਜ਼ਰਾ ਇਸ ਦੇ ਜਜ਼ਬਾਤਾਂ ਨੂੰ ਵੀ ਸਮਝੋੋ।''

ਹੈਰਾਨ-ਪ੍ਰੇਸ਼ਾਨ ਡੈਨੀਅਲ ਮਾਰੇ ਡਰ ਦੇ ਚੀਖ ਉੱਠਿਆ। ਆਲੇ ਦੁਆਲੇ ਖੜ੍ਹੇ ਦਰਸ਼ਕ ਉਸ ਵੱਲ ਚਿੰਤਾ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਉਸ ਦੀ ਦੋਸਤ, ਕਲੇਰ ਨੇ ਉਸ ਨੂੰ ਸਹਾਰਾ ਦੇ ਪ੍ਰਦਰਸ਼ਨੀ ਹਾਲ ਵਿਚੋਂ ਬਾਹਰ ਲੈ ਆਂਦਾ।

"ਡੈਨੀਅਲ, ਕੀ ਹੋਇਆ?" ਉਸ ਨੇ ਪੁੱਛਿਆ।

"ਮੈਂ... ਮੈਨੂੰ ਲੱਗ ਰਿਹਾ ਹੈ ਕਿ ਇਹ ਏਲੀਯਾਹ ਹੈ। ਉਸ ਦਾ ਦਿਲ – ਇੰਝ ਲੱਗ ਰਿਹਾ ਹੈ ਕਿ ਜਿਵੇਂ ਉਹ ਅਜੇ ਵੀ ਇੱਥੇ ਹੈ, ਉਹ ਮੈਨੂੰ ਉਸ ਵਰਗਾ ਬਣਨ ਲਈ ਜ਼ੋਰ ਪਾ ਰਿਹਾ ਹੈ," ਡੈਨੀਅਲ ਦੇ ਘਬਰਾਹਟ ਭਰੇ ਬੋਲ ਸਨ।

"ਤੈਨੂੰ ਡਾਕਟਰੀ ਮਦਦ ਦੀ ਲੋੜ ਹੈ," ਬੋਲਦਿਆਂ ਕਲੇਅਰ ਦੀ ਆਵਾਜ਼ ਕੰਬ ਰਹੀ ਸੀ।

*****

ਮਾਨਸਿਕ ਇਲਾਜ (ਥੈਰੇਪੀ) ਨਾਲ ਕੁਝ ਰਾਹਤ ਤਾਂ ਮਿਲੀ ਪਰ ਇਹ ਕੋਈ ਪੱਕਾ ਹੱਲ ਨਹੀਂ ਸੀ। ਡਾ. ਸਿਮੰਸ, ਜੋ ਇੱਕ ਮਨੋਵਿਗਿਆਨੀ ਸੀ, ਨੇ ਇਸ ਨੂੰ "ਟਰਾਂਸਪਲਾਂਟਡ ਮੈਮੋਰੀ" ਵਜੋਂ ਦੱਸਿਆ। ਇਹ ਇੱਕ ਅਜਿਹਾ ਮਨੋਵਿਗਿਆਨਕ ਵਰਤਾਰਾ ਸੀ ਜਿਸ ਅਨੁਸਾਰ ਅੰਗ ਪ੍ਰਾਪਤ ਕਰਨ ਵਾਲੇ ਵਿਚ, ਅੰਗ-ਦਾਨੀ ਦੇ ਗੁਣ ਪੈਦਾ ਹੋ ਜਾਂਦੇ ਹਨ।

"ਮੈਨੂੰ ਨਹੀਂ ਜਾਪਦਾ ਕਿ ਇਹ ਸਿਰਫ ਮਨੋਵਿਗਿਆਨਕ ਗੱਲ ਹੈ," ਡੈਨੀਅਲ ਨੇ ਇੱਕ ਥੈਰੇਪੀ ਸੈਸ਼ਨ ਵਿੱਚ ਕਿਹਾ। "ਇੰਝ ਮਹਿਸੂਸ ਹੁੰਦਾ ਹੈ ..... ਉਹ ਮੇਰੇ ਨਾਲ ਇਹ ਸਰੀਰ ਸਾਂਝਾ ਕਰ ਰਿਹਾ ਹੈ।"

"ਪਰ ਤੁਸੀਂ ਇਸ ਬਾਰੇ ਕੀ ਕਰ ਸਕਦੇ ਹੋ?" ਡਾ. ਸਿਮੰਸ ਨੇ ਪੁੱਛਿਆ।

ਡੈਨੀਅਲ ਸੋਚਾਂ ਵਿੱਚ ਡੁੱਬ ਗਿਆ।

*****

ਤਦ ਹੀ ਡੈਨੀਅਲ ਨੇ ਏਲੀਯਾਹ ਦੀ ਦੁਨੀਆਂ ਨੂੰ ਜਾਨਣ ਲਈ ਯਤਨ ਸ਼ੁਰੂ ਕਰ ਲਏ। ਉਸ ਦੇ ਪਰਿਵਾਰ ਨੂੰ ਮਿਲਣਾ ਸ਼ੁਰੂ ਕੀਤਾ। ਉਨ੍ਹਾਂ ਥਾਵਾਂ ਦਾ ਦੌਰਾ ਕੀਤਾ ਜਿਨ੍ਹਾਂ ਨੂੰ ਏਲੀਯਾਹ ਨੇ ਪੇਂਟ ਕੀਤਾ ਸੀ। ਉਸ ਨੇ ਆਪਣੇ (ਗੋਰੇ ਰੰਗ ਦੀ ਬਦੌਲਤ ਪ੍ਰਾਪਤ) ਵਿਸ਼ੇਸ਼ ਅਧਿਕਾਰਾਂ ਦੀ ਤਲਖ ਹਕੀਕਤ ਜਾਨਣ ਲਈ ਏਲੀਯਾਹ ਦੇ ਦਿਲ ਦੀ ਵਰਤੋਂ ਕੀਤੀ। ਉਸ ਨੇ ਅਜਿਹੇ ਚਿੱਤਰ ਤਿਆਰ ਕੀਤੇ ਜੋ ਏਲੀਯਾਹ ਦੀ ਕਹਾਣੀ ਨੂੰ ਬਿਆਨ ਕਰਦੇ ਸਨ। ਆਪਣੇ ਚਿੱਤਰਾਂ ਵਿਚ ਉਸ ਨੇ ਨਸਲਵਾਦ ਅਤੇ ਅਸਮਾਨਤਾ ਦੇ ਮੁੱਦਿਆਂ ਨੂੰ ਬਿਆਨ ਕੀਤਾ।

ਹੁਣ ਡੈਨੀਅਲ ਨੇ ਸਵੈ-ਪਛਾਣ ਦੇ ਦਵੈਤ ਨੂੰ ਅਪਣਾ, ਦੁਵਿਧਾ ਉੱਤੇ ਕਾਬੂ ਪਾ ਲਿਆ ਸੀ। ਇੱਕ ਰਾਤ, ਏਲੀਯਾਹ ਦੇ ਤਾਰਿਆਂ ਵੱਲ ਝਾਕਣ ਵਾਲੇ ਚਿੱਤਰ ਨੂੰ ਪੂਰਾ ਕਰਦੇ ਹੋਏ, ਉਹ ਫੁਸਫੁਸਾਇਆ, "ਮੈਂ ਹੁਣ ਜਾਣ ਗਿਆ ਹਾਂ ਕਿ ਇਹ ਦੂਜਾ ਮੌਕਾ ਸਿਰਫ਼ ਮੇਰਾ ਹੀ ਨਹੀਂ ਹੈ। ਇਹ ਸਾਡੇ ਦੋਨਾਂ ਦਾ ਹੀ ਦੂਸਰਾ ਮੌਕਾ ਹੈ।"

ਹਰ ਰੋਜ਼ ਵਾਪਰਣ ਵਾਲੀ ਫੁਸਫੁਸਾਹਟ ਹੁਣ ਬੰਦ ਹੋ ਗਈ ਸੀ। ਇਸ ਲਈ ਨਹੀਂ ਕਿ ਏਲੀਯਾਹ ਚਲਾ ਗਿਆ ਸੀ, ਪਰ ਇਸ ਲਈ ਕਿਉਂ ਕਿ ਡੈਨੀਅਲ ਨੇ ਹੁਣ ਇਸ ਤੋਂ ਪ੍ਰੇਸ਼ਾਨ ਹੋਣਾ ਛੱਡ ਦਿੱਤਾ ਸੀ। ਹੁਣ ਉਹ ਦੋਨੋਂ ਇੱਕ ਹੋ ਚੁੱਕੇ ਸਨ।

*****

ਕੁਝ ਮਹੀਨਿਆਂ ਬਾਅਦ, ਡੈਨੀਅਲ ਨੇ "ਦੋ ਦਿਲ ਇਕ ਧੜਕਣ (Two Hearts, One Voice)" ਨਾਮੀ ਇੱਕ ਚਿੱਤਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਇਸ ਵਿਚ ਏਲੀਯਾਹ ਦੇ ਅਧੂਰੇ ਚਿੱਤਰਾਂ ਅਤੇ ਡੈਨੀਅਲ ਦੀਆਂ ਨਵੀਆਂ ਕਲਾ-ਕ੍ਰਿਤਾਂ ਸ਼ਾਮਿਲ ਸਨ। ਪ੍ਰਦਰਸ਼ਨੀ ਦੇ ਪਹਿਲੇ ਹੀ ਦਿਨ ਬਹੁਤ ਸਾਰੇ ਲੋਕ ਇਸ ਨੂੰ ਦੇਖਣ ਆਏ। ਜਿਸ ਨਾਲ ਕਲਾ, ਪਛਾਣ ਅਤੇ ਨਸਲਵਾਦ ਵਰਗੇ ਮੁੱਦੇ ਆਮ ਚਰਚਾ ਦਾ ਵਿਸ਼ਾ ਬਣ ਗਏ।

ਜਿਵੇਂ ਹੀ ਡੈਨੀਅਲ ਇਕ ਚਿੱਤਰ ਨੇੜੇ ਖੜ੍ਹਾ ਸੀ, ਇੱਕ ਕਾਲਾ ਨੌਜਵਾਨ ਉਸ ਕੋਲ ਆਇਆ।

"ਡੈਨੀਅਲ, ਕੀ ਇਹ ਤੇਰੀ ਪੇਂਟਿੰਗ ਹੈ?"

"ਇਹ ਸਾਡੀ ਪੇਂਟਿੰਗ ਹੈ," ਡੈਨੀਅਲ ਨੇ ਮੁਸਕਰਾ ਕੇ ਕਿਹਾ।

ਨੌਜਵਾਨ ਮੁਸਕਰਾ ਪਿਆ ਅਤੇ ਉਸ ਪੁੱਛਿਆ, "ਕੀ ਤੁਸੀਂ ਮੈਨੂੰ ਕਦੇ ਇਸ ਤਰ੍ਹਾਂ ਦਾ ਪੇਂਟ ਕਰਨਾ ਸਿਖਾ ਸਕਦੇ ਹੋ?"

"ਬਿਲਕੁਲ," ਜਵਾਬ ਦਿੰਦਿਆਂ ਡੈਨੀਅਲ ਦਾ ਦਿਲ – ਸੱਚ, ਉਸ ਦਾ ਅਤੇ ਏਲੀਯਾਹ ਦਾ ਦਿਲ – ਖੁਸ਼ੀ ਭਰਪੂਰ ਧੜਕ ਰਿਹਾ ਸੀ।

*****

ਸ਼ਾਮ ਤਕ ਪ੍ਰਦਰਸ਼ਨੀ ਵਿਚ ਗਹਿਮਾ ਗਹਿਮ ਹੋ ਗਈ ਸੀ। ਏਲੀਯਾਹ ਦਾ ਪਰਿਵਾਰ, ਪ੍ਰਦਰਸ਼ਨੀ ਦੇ ਠੀਕ ਵਿਚਕਾਰ ਰੱਖੇ ਵੱਡੇ ਸਾਰੇ ਚਿੱਤਰ ਕੋਲ ਖੜ੍ਹਾ ਸੀ। ਉਹ ਸਾਰੇ ਹੀ ਏਲੀਯਾਹ

ਦੀਆਂ ਕਲਾਕ੍ਰਿਤੀਆਂ ਬਾਰੇ ਲੋਕਾਂ ਦਾ ਉਤਸ਼ਾਹ ਦੇਖ ਸਪਸ਼ਟ ਰੂਪ ਵਿਚ ਪ੍ਰਭਾਵਿਤ ਨਜ਼ਰ ਆ ਰਹੇ ਸਨ। ਪੇਂਟਿੰਗ ਨੂੰ ਨਿਹਾਰਦਿਆਂ, ਏਲੀਯਾਹ ਦੀ ਮਾਂ ਲੀਨਾ ਦੀਆਂ ਅੱਖਾਂ ਭਰ ਆਈਆਂ।

"ਇੰਝ ਲਗ ਰਿਹਾ ਹੈ ਜਿਵੇਂ ਉਹ ਅੱਜ ਵੀ ਇੱਥੇ ਹੀ ਹੈ," ਡੈਨੀਅਲ ਦੇ ਉਸ ਦੇ ਕੋਲ ਆਉਣ ਉੱਤੇ ਲੀਨਾ ਨੇ ਕਿਹਾ।

"ਉਹ ਇੱਥੇ ਹੀ ਹੈ," ਬੋਲਦਿਆਂ ਡੈਨੀਅਲ ਦੀ ਆਵਾਜ਼ ਅਡੋਲ ਪਰ ਭਾਵੁਕ ਸੀ। "ਪੇਂਟਿੰਗ ਬੁਰਸ਼ ਦੀ ਹਰ ਛੋਹ, ਹਰ ਖਿਆਲ - ਇਹ ਸੱਭ ਉਸ ਦਾ ਹੀ ਪ੍ਰਗਟਾ ਹੈ ਜਿਸ ਨੂੰ ਮੈਂ ..... ਸਾਕਾਰ ਰੂਪ ਦੇ ਰਿਹਾ ਹਾਂ।"

ਲੀਨਾ ਨੇ ਉਸ ਦਾ ਹੱਥ ਘੁੱਟ ਕੇ ਫੜ ਲਿਆ। "ਉਸ ਦੀ ਯਾਦ ਨੂੰ ਜਿੰਦਾ ਰੱਖਣ ਲਈ ਤੇਰਾ ਧੰਨਵਾਦ।" ਲੀਨਾ ਦੇ ਭਾਵੁਕ ਬੋਲ ਸਨ।

*****

ਜਿਵੇਂ-ਜਿਵੇਂ ਸ਼ਾਮ ਢਲਦੀ ਗਈ, ਡੈਨੀਅਲ ਅਣਗਿਣਤ ਲੋਕਾਂ ਦੀਆਂ ਗੱਲਾਂਬਾਤਾਂ ਦਾ ਕੇਂਦਰ ਬਣ ਚੁੱਕਾ ਸੀ। ਪ੍ਰਦਰਸ਼ਨੀ ਵਿਖੇ ਜੀਵਨ ਦੇ ਲਗਭਗ ਹਰ ਖੇਤਰ ਦੇ ਲੋਕ, ਜਿਨ੍ਹਾਂ ਵਿਚ ਕਲਾਕਾਰ, ਕਾਰਿੰਦੇ ਤੇ ਕਾਰਪੋਰੇਟ ਪੇਸ਼ੇਵਰ ਵੀ ਸ਼ਾਮਿਲ ਸਨ, ਨੁਮਾਇਸ਼ੀ ਚਿੱਤਰਕਲਾ ਅਤੇ ਇਸ ਰਾਹੀਂ ਪ੍ਰਗਟਾਈਆਂ ਸੰਵੇਦਨਾਵਾਂ ਬਾਰੇ ਆਪਸੀ ਚਰਚਾ ਕਰ ਰਹੇ ਸਨ। ਕੁਝ ਲੋਕਾਂ ਨੇ ਡੈਨੀਅਲ ਦੇ ਕੰਮ ਦੀ ਕ੍ਰਾਂਤੀਕਾਰੀ ਪ੍ਰਗਟਾਵੇ ਵਜੋਂ ਪ੍ਰਸ਼ੰਸਾ ਕੀਤੀ; ਪਰ ਕਈ ਹੋਰਾਂ ਦਾ ਸਵਾਲ ਸੀ ਕਿ ਕੀ ਉਹ (ਗੋਰਾ ਵਿਅਕਤੀ), ਸੱਚਮੁੱਚ ਏਲੀਯਾਹ (ਕਾਲੇ ਨੌਜੁਆਨ) ਦੀ ਸੋਚ ਬਿਆਨ ਕਰ ਸਕਦਾ ਹੈ।

"ਕੀ ਤੂੰ ਇਹ ਮਹਿਸੂਸ ਨਹੀਂ ਕਰਦਾ ਕਿ ਤੂੰ ਉਸ ਦੀ ਆਵਾਜ਼ ਉੱਤੇ ਕਾਬਜ਼ ਹੋ ਰਿਹਾ ਹੈ। ਕੀ ਤੈਨੂੰ ਅਜਿਹਾ ਕਰਨ ਦਾ ਅਧਿਕਾਰ ਹੈ?" ਇੱਕ ਆਦਮੀ ਦੇ ਤਿੱਖੇ ਸਵਾਲ ਸਨ।

ਡੈਨੀਅਲ ਕੁਝ ਦੇਰ ਸੋਚਦਾ ਰਿਹਾ ਤੇ ਫਿਰ ਬੋਲਿਆ, "ਤੁਹਾਡਾ ਸਵਾਲ ਜਾਇਜ਼ ਹੈ। ਮੈਂ ਉਸ ਦੀ ਸੋਚ ਬਿਆਨ ਕਰਨ ਦਾ ਦਾਅਵਾ ਨਹੀਂ ਕਰ ਰਿਹਾ। ਮੈਂ ਸਿਰਫ਼ ਉਸ ਵਿਚਾਰ ਨੂੰ ਲੋਕਾਂ ਤਕ ਪਹੁੰਚਾਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜੋ ਮੈਨੂੰ ਲੱਗਦਾ ਹੈ ਕਿ ਉਹ ਕਹਿਣਾ ਚਾਹੁੰਦਾ ਸੀ। ਮੈਂ ਇਸ ਨੂੰ ਅਣਦੇਖਾ ਨਹੀਂ ਸਾਂ ਕਰ ਸਕਦਾ - ਭਾਵੇਂ ਮੈਂ ਅਜਿਹਾ ਚਾਹੁੰਦਾ ਵੀ।"

ਉਸ ਆਦਮੀ ਨੇ ਡੈਨੀਅਲ ਵੱਲ ਪਲ ਕੁ ਲਈ ਇੱਕ ਟਕ ਦੇਖਿਆ, ਤੇ ਫਿਰ ਸਹਿਜਤਾ ਨਾਲ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ।

ਉਸ ਰਾਤ, ਜਿਵੇਂ ਹੀ ਲੋਕ ਵਾਪਸ ਜਾਣ ਲੱਗੇ, ਡੈਨੀਅਲ, ਏਲੀਯਾਹ ਦੇ ਚਿੱਤਰ ਦੇ ਸਾਹਮਣੇ ਇਕੱਲਾ ਖੜ੍ਹਾ ਸੀ। ਤਾਰਿਆਂ ਜੜ੍ਹੇ ਅੰਬਰ ਹੇਠਾਂ ਖੜ੍ਹਾ ਮੁੰਡਾ ਹੁਣ ਉਸ ਨੂੰ ਆਪਣਾ ਹੀ ਰੂਪ ਨਜ਼ਰ ਆ ਰਿਹਾ ਸੀ। – ਇਕ ਛੋਟਾ ਜਿਹਾ ਰੂਪ ਜੋ ਬਹੁਤ ਹੀ ਉਮੀਦ ਨਾਲ ਅਥਾਹ ਭਵਿੱਖੀ ਸੰਭਾਵਨਾਵਾਂ ਦੇ ਸੁਪਨੇ ਬੁਣ ਰਿਹਾ ਸੀ।

ਕਲੇਰ ਉਸ ਦੇ ਕੋਲ ਆਈ ਤੇ ਉਸ ਦੀ ਬਾਂਹ ਵਿਚ ਬਾਂਹ ਪਾਉਂਦੀ ਹੋਈ ਉਹ ਹੌਲੇ ਜਿਹੇ ਬੋਲੀ; "ਤੂੰ ਅੱਜ ਬਹੁਤ ਚੰਗਾ ਕੰਮ ਕੀਤਾ ਹੈ।"

"ਮੈਂ ਤੇਰੇ ਬਿਨਾਂ ਅਜਿਹਾ ਨਹੀਂ ਸਾਂ ਕਰ ਸਕਦਾ," ਡੈਨੀਅਲ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ।

ਕਲੇਰ ਨੇ ਉਸ ਵੱਲ ਧਿਆਨ ਨਾਲ ਦੇਖਿਆ। "ਹੁਣ, ਤੂੰ ਬਦਲ ਗਿਆ ਹੈ। ਪਰ ਮੈਨੂੰ ਲਗਦਾ ਹੈ ਕਿ ਇਹ ਇੱਕ ਵਧੀਆ ਬਦਲਾਵ ਹੈ।"

ਡੈਨੀਅਲ ਹੱਸ ਪਿਆ। "ਹੁਣ ਇਹ ਸਿਰਫ਼ ਮੈਂ ਹੀ ਨਹੀਂ ਰਿਹਾ, ਹੈ ਨਾ?"

"ਨਹੀਂ। ਅਜਿਹਾ ਤਾਂ ਨਹੀਂ," ਉਹ ਬੋਲੀ, "ਪਰ ਸ਼ਾਇਦ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਸੀ।"

*****

ਸਮਾਂ ਗੁਜ਼ਰਦਾ ਗਿਆ। ਮਹੀਨੇ ਸਾਲਾਂ ਵਿੱਚ ਬਦਲ ਗਏ। ਡੈਨੀਅਲ ਦੀ ਜ਼ਿੰਦਗੀ ਨੇ ਇੱਕ ਅਜਿਹਾ ਉਦੇਸ਼ ਅਪਨਾ ਲਿਆ ਜਿਸ ਦੀ ਉਸ ਨੇ ਟ੍ਰਾਂਸਪਲਾਂਟ ਤੋਂ ਪਹਿਲਾਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਉਹ ਅੰਗ ਦਾਨ, ਨਸਲੀ ਸਮਾਨਤਾ, ਅਤੇ ਕਲਾਵਾਂ ਦਾ ਇੱਕ ਪ੍ਰੇਰਨਾਦਾਇਕ ਸਮਰਥਕ ਗਿਆ। ਉਹ ਅਕਸਰ ਹਮਦਰਦੀ, ਸੰਵੇਦਨਾ ਅਤੇ ਸਮਝ ਦੀ ਸਾਂਝੀ ਤਾਕਤ ਬਾਰੇ ਭਾਸ਼ਣ ਦਿੰਦਾ।

ਉਸ ਦੀ ਦੋਹਰੀ ਪਛਾਣ ਉਸ ਲਈ ਕੋਈ ਬੌਝ ਨਾ ਰਹੀ ਸਗੋਂ ਇਹ ਉਸ ਦੀ ਤਾਕਤ ਬਣ ਗਈ - ਜੋ ਦੋ ਸੰਸਾਰਾਂ, ਜੋ ਕਦੇ ਬਹੁਤ ਦੂਰ ਜਾਪਦੇ ਸਨ, ਵਿਚਕਾਰ ਇੱਕ ਪੁਲ ਦਾ ਕੰਮ ਕਰ ਰਹੀ ਸੀ।

ਖਿੜੀ ਧੁੱਪ ਵਾਲੇ ਇਕ ਦਿਨ, ਡੈਨੀਅਲ ਸ਼ਿਕਾਗੋ ਵਿੱਖੇ, ਏਲੀਯਾਹ ਦੀ ਯਾਦ ਨੂੰ ਸਮਰਪਿਤ ਇੱਕ ਪਾਰਕ ਵਿੱਚ ਖੜ੍ਹਾ ਸੀ। ਉਹ ਖੁੱਲ੍ਹੇ ਅਸਮਾਨ ਹੇਠ ਪੇਂਟਿੰਗ ਕਰ ਰਹੇ ਬੱਚਿਆਂ ਨਾਲ ਘਿਰਿਆ ਹੋਇਆ ਸੀ। ਉਹੀ ਨੌਜਵਾਨ ਲੜਕਾ ਜਿਸ ਨੇ ਕੁਝ ਮਹੀਨੇ ਪਹਿਲਾਂ ਉਸ ਤੋਂ ਪੇਂਟਿੰਗ ਸਿੱਖਣ ਲਈ ਕਿਹਾ ਸੀ, ਹੁਣ

ਉਸ ਦੇ ਕੋਲ ਬੈਠਾ ਬੜੇ ਮਾਣ ਇਕ ਕੰਧ-ਚਿੱਤਰ ਬਣਾਉਣ ਦਾ ਕੰਮ ਕਰ ਰਿਹਾ ਸੀ।

"ਤੁਹਾਡਾ ਕੀ ਵਿਚਾਰ ਹੈ, ਮਿਸਟਰ ਹਾਰਪਰ?" ਮੁੰਡੇ ਨੇ ਆਪਣੇ ਕਲਾਕ੍ਰਿਤੀ ਵੱਲ ਡੈਨੀਅਲ ਦਾ ਧਿਆਨ ਖਿੱਚਦੇ ਹੋਏ ਪੁੱਛਿਆ।

ਡੈਨੀਅਲ ਮੁਸਕਰਾਇਆ। "ਮੇਰਾ ਖਿਆਲ ਹੈ ਕਿ ਤੇਰਾ ਕੰਮ ਦੇਖ ਏਲੀਯਾਹ ਨੂੰ ਖੁਸ਼ੀ ਹੋਵੇਗੀ।"

ਜਿਵੇਂ ਹੀ ਉਸ ਨੇ ਆਪਣੇ ਆਲੇ ਦੁਆਲੇ ਦੇ ਸੰਸਾਰ ਉੱਤੇ ਝਾਤ ਮਾਰੀ, ਬੱਚਿਆਂ ਦੇ ਹਾਸੇ ਅਤੇ ਜੀਵੰਤ ਰੰਗਾਂ ਨੂੰ ਵੇਖ ਉਸ ਨੇ ਅਜਬ ਸ਼ਾਂਤੀ ਮਹਿਸੂਸ ਕੀਤੀ।

ਏਲੀਯਾਹ ਦੀ ਅਵਾਜ਼ ਹੁਣ ਚੁੱਪ ਸੀ— ਉਹ ਗਾਇਬ ਨਹੀਂ, ਸ਼ਾਂਤ ਸੀ। ਡੈਨੀਅਲ ਲਈ, ਇਹ ਅੰਤ ਨਹੀਂ ਸੀ, ਸਗੋਂ ਇੱਕ ਸ਼ੁਰੂਆਤ ਸੀ। ਇੱਕ ਅਜਿਹੀ ਯਾਦ-ਦਹਾਨੀ ਦੀ ਕਿ ਇੱਕ ਦਿਲ ਸੱਚਮੁੱਚ ਸੰਸਾਰ ਨੂੰ ਬਦਲ ਸਕਦਾ ਹੈ।

*****

ਪਾਰਕ ਉੱਤੇ ਸੁਨਹਿਰੀ ਕਿਰਨਾਂ ਖਿਲਾਰਦਾ ਜਿਵੇਂ ਹੀ ਸੂਰਜ ਖਿਤਿਜ ਤੋਂ ਹੇਠਾਂ ਹੋਣ ਲੱਗਾ, ਡੈਨੀਅਲ ਬੱਚਿਆਂ ਦੁਆਰਾ ਬਣਾਏ ਚਿੱਤਰਾਂ ਦੀ ਪ੍ਰਸ਼ੰਸਾ ਕਰਨ ਲਈ ਖੜ੍ਹਾ ਹੋ ਗਿਆ। ਜਿਸ ਲੜਕੇ ਨੇ ਪਹਿਲਾਂ ਉਸ ਤੋਂ ਮਾਰਗਦਰਸ਼ਨ ਦੀ ਮੰਗ ਕੀਤੀ ਸੀ, ਉਹ ਹੁਣ ਹੋਰ ਬੱਚਿਆ ਨੂੰ ਰੰਗਾਂ ਨੂੰ ਮਿਲਾਉਣ ਦਾ ਢੰਗ, ਬਹੁਤ ਹੀ ਉਤਸ਼ਾਹ ਨਾਲ, ਸਿਖਾ ਰਿਹਾ ਸੀ।

ਕਲੇਰ, ਕੌਫੀ ਦੇ ਦੋ ਕੱਪ ਲੈ ਕੇ, ਡੈਨੀਅਲ ਕੋਲ ਪਹੁੰਚੀ। ਉਹ ਇੱਕ ਕੱਪ ਉਸ ਨੂੰ ਫੜ੍ਹਾਂਦਿਆਂ ਹੋਇਆ ਬੋਲੀ, "ਜ਼ਰਾ ਇਨ੍ਹਾਂ ਖੁਸ਼ੀਆਂ ਭਰਪੂਰ ਬੱਚਿਆਂ ਵੱਲ ਦੇਖੋ, ਸੱਚ ਹੀ ਤੂੰ ਬਹੁਤ ਹੀ ਵਧੀਆ ਉੱਦਮ ਸ਼ੁਰੂ ਕੀਤਾ ਹੈ।"

"ਇਹ ਸਿਰਫ ਮੈਂ ਨਹੀਂ ਹਾਂ," ਡੈਨੀਅਲ ਨੇ ਕਿਹਾ। "ਇਹ ਏਲੀਯਾਹ ਹੈ। ਇਹ ਉਸ ਦੀ ਕਹਾਣੀ ਹੈ, ਉਸ ਦੀ ਵਿਰਾਸਤ ਹੈ।" ਉਸ ਨੇ ਨਿੱਘੀ ਨਿੱਘੀ ਕੌਫੀ ਦੀ ਚੁਸਕੀ ਦਾ ਆਨੰਦ ਲੈਂਦੇ ਹੋਏ ਕਿਹਾ। "ਸ਼ਾਇਦ ਜੀਣ ਦਾ ਇਹੋ ਹੀ ਅਸਲ ਮਤਲਬ ਹੈ – ਜੋ ਤੁਹਾਨੂੰ ਜੀਵਨ ਵਿਚ ਮਿਲਦਾ ਹੈ, ਉਸ ਤੋਂ ਵੱਧ ਹੋਰਾਂ ਨੂੰ ਵੰਡਣਾ।"

ਡੈਨੀਅਲ ਦੇ ਹੱਥ ਨੂੰ ਮਜ਼ਬੂਤੀ ਨਾਲ ਫੜ੍ਹਦਿਆਂ ਕਲੇਰ ਬੋਲੀ, "ਅਤੇ ਆਪਣੇ ਡਰਾਂ ਨਾਲੋਂ ਵੱਧ ਪਿਆਰ ਵੰਡਣਾ।"

ਜਿਵੇਂ ਹੀ ਰਾਤ ਦੇ ਅਸਮਾਨ ਵਿੱਚ ਤਾਰੇ ਬਿੰਦੀਆਂ ਵਾਂਗ ਚਮਕਣ ਲੱਗੇ, ਉਹ ਵਿਸ਼ਾਲ ਅੰਬਰ ਹੇਠ ਚੁੱਪਚਾਪ ਖੜ੍ਹੇ ਤਾਰਿਆਂ ਨੂੰ ਨਿਹਾਰੇ ਰਹੇ ਸਨ। ਡੈਨੀਅਲ ਨੇ ਧੁਰ ਅੰਦਰ ਅਜਬ ਸ਼ਾਂਤੀ ਮਹਿਸੂਸ ਕੀਤੀ ਜਿਸ ਤੋਂ ਉਹ ਸਾਲਾਂ ਬੱਧੀ ਅਣਜਾਣ ਸੀ। ਏਲੀਯਾਹ ਦਾ ਦਿਲ ਸਿਰਫ਼ ਉਸਨੂੰ ਜ਼ਿੰਦਾ ਹੀ ਨਹੀਂ ਸੀ ਰੱਖ ਰਿਹਾ - ਇਹ ਉਸ ਦੀ ਰਾਹਨੁਮਾਈ ਵੀ ਕਰ ਰਿਹਾ ਸੀ। ਉਸ ਦੀਆਂ ਰਚਨਾਵਾਂ ਵਿਚ ਅਜਿਹੀ ਦਾਸਤਾਨ ਮਿਲਾ ਰਿਹਾ ਸੀ ਜੋ ਉਹ ਇਕੱਲੇ ਕਦੇ ਵੀ ਬਿਆਨ ਨਹੀਂ ਸੀ ਕਰ ਸਕਦਾ।

*****

ਕਈ ਸਾਲਾਂ ਬਾਅਦ, ਇਹ ਪਾਰਕ ਨੌਜਵਾਨ ਕਲਾਕਾਰਾਂ ਅਤੇ ਸੁਪਨਸਾਜ਼ਾਂ ਲਈ ਇੱਕ ਪਨਾਹਗਾਹ ਬਣ ਗਿਆ। ਪਾਰਕ ਦੇ ਠੀਕ ਵਿਚਕਾਰ ਇੱਕ ਕਾਲੇ ਲੜਕੇ ਦਾ ਉੱਚਾ ਬੁੱਤ ਮੌਜੂਦ ਸੀ, ਜੋ ਤਾਰਿਆਂ ਵੱਲ ਦੇਖ ਰਿਹਾ ਸੀ। ਬੁੱਤ ਦੇ ਪੈਰਾਂ ਕੋਲ ਜੜ੍ਹੀ ਤਖ਼ਤੀ ਉੱਤੇ ਲਿਖਿਆ ਸੀ,

"ਏਲੀਯਾਹ ਬਰੂਕਸ ਦੀ ਯਾਦ ਵਿੱਚ, ਜਿਸ ਦੇ ਦਿਲ ਨੇ ਤਬਦੀਲੀ ਲਈ ਪ੍ਰੇਰਿਤ ਕੀਤਾ, ਅਤੇ ਡੈਨੀਅਲ ਹਾਰਪਰ ਦੇ ਉੱਦਮ ਲਈ, ਜਿਸ ਨੇ ਇਸ ਨੂੰ ਅੱਗੇ ਵਧਾਇਆ। ਉਨ੍ਹਾਂ ਦੋਨਾਂ ਨੇ ਸਾਨੂੰ ਸਿਖਾਇਆ ਕਿ ਪਿਆਰ ਹੀ ਆਪਸੀ ਸਮਝ ਦਾ ਆਧਾਰ ਹੈ।"

ਡੈਨੀਅਲ, ਜੋ ਹੁਣ ਬੁੱਢਾ ਹੋ ਗਿਆ ਸੀ, ਪਰ ਅਜੇ ਵੀ ਕਾਰਜ਼ਸ਼ੀਲ ਸੀ, ਬੁੱਤ ਦੇ ਨੇੜੇ ਬੈਠਾ ਚਿੱਤਰ ਬਣਾ ਰਿਹਾ ਸੀ। ਇੱਕ ਬੱਚੀ ਹੱਥ ਵਿੱਚ ਸਕੈੱਚ ਬੁੱਕ ਫੜ੍ਹੀ ਉਸ ਕੋਲ ਆਈ।

"ਹਾਰਪਰ ਅੰਕਲ, ਕੀ ਤੁਸੀਂ ਮੈਨੂੰ ਸਿਖਾਓਗੇ?" ਉਸ ਨੇ ਹਿਚਕਚਾਂਦੇ ਹੋਏ ਪੁੱਛਿਆ।

ਪਿਆਰ ਭਰੀ ਤੱਕਣੀ ਨਾਲ ਉਸ ਨੂੰ ਦੇਖ ਉਹ ਮੁਸਕਰਾਇਆ।

"ਜ਼ਰੂਰ। ਆਓ ਦੇਖੀਏ ਤੁਸੀਂ ਕੀ ਬਣਾਇਆ ਹੈ।" ਉਹ ਬੋਲਿਆ।

ਜਿਵੇਂ ਹੀ ਉਹ ਸਕੈਚ ਦੇਖਣ ਲਈ ਝੁਕਿਆ, ਪਾਰਕ ਵਿੱਚ ਮੌਜੂਦ ਖੁਸ਼ਨੁਮਾ ਜ਼ਿੰਦਗੀ ਦੀਆਂ ਆਵਾਜ਼ਾਂ ਨਾਲ ਰਲਗੱਡ ਹਾਸੇ ਦੀ ਫੁਹਾਰ ਚਾਰੇ ਪਾਸੇ ਫੈਲ ਗਈ। ਹਨੇਰੇ ਅੰਬਰ ਵਿੱਚ ਤਾਰੇ ਟਿਮਟਿਮਾ ਰਹੇ ਸਨ, ਜਿਵੇਂ ਕਿ ਉਹ ਤਬਦੀਲੀ, ਇਤਫ਼ਾਕ ਅਤੇ ਉਮੀਦ ਦੀ ਕਹਾਣੀ ਦੇ ਖਾਮੋਸ਼ ਗਵਾਹ ਹੋਣ।

ਇਹ ਅੰਤ ਨਹੀਂ, ਸਗੋਂ ਇੱਕ ਲਗਾਤਾਰਤਾ ਸੀ। ਇੱਕ ਖੁੱਲੀ ਸੜਕ ਵਾਂਗ, ਜੋ ਇੱਕ ਸ਼ਾਨਦਾਰ ਤੇ ਸਾਂਝੀਵਾਲਤਾ ਵਾਲੇ ਭਵਿੱਖ ਵੱਲ ਲੈ ਜਾ ਰਹੀ ਹੋਵੇ ਅਤੇ ਇਸ ਸਭ ਦੇ ਕੇਂਦਰ ਵਿਚ, ਦੋ ਜ਼ਿੰਦਗੀਆਂ, ਇਕ ਧੜ੍ਹਕਣ ਦੀ ਸਾਂਝ, ਨਾਲ ਹਮੇਸ਼ਾ ਲਈ ਆਪਸ ਵਿੱਚ ਜੁੜੀਆਂ ਹੋਈਆਂ ਸਨ।

ਡਾ. ਦੇਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ, ਜਿਸ ਦੀਆਂ 24 ਕਿਤਾਬਾਂ ਤੇ ਲਗਭਗ 1200 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਛੱਪ ਚੁੱਕੀਆਂ ਹਨ। ਉਸ ਦੇ 75 ਟੈਲੀਵਿਯਨ ਪ੍ਰੋਗਰਾਮ ਟੈਲੀਕਾਸਟ ਹੋ ਚੁੱਕੇ ਹਨ। ਜੋ ਯੁਟਿਊਬ ਪੇਸ਼ਕਾਰੀਆਂ ਵਜੋਂ ਇੰਟਰਨੈੱਟ ਉੱਤੇ ਵੀ ਉਪਲਬਧ ਹਨ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਅਜ ਕਲ ਉਹ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ, ਕੈਨਬ੍ਰਿਜ ਲਰਨਿੰਗ ਸੰਸਥਾ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।

ਵੈਬਸਾਈਟ : www.drdpsigauthor.wordpress.com

ਈ-ਮੇਲ : drdpsn@gmail.com

ਮਿੰਨੀ ਕਹਾਣੀ

ਬਲੌਕਚੇਨ ਨੇ ਖੋਹਿਆ ਚੈਨ

ਅਮਨਦੀਪ ਸਿੰਘ



ਹੈਰੀ ਦਾ ਤਾਂ ਸਭ ਕੁਝ ਲੁੱਟਿਆ ਗਿਆ ਸੀ। ਆਪਣੀ ਰਿਟਾਇਰਮੈਂਟ ਲਈ ਉਸ ਨੇ ਜਿੰਨੇ ਵੀ ਪੈਸੇ ਜੋੜੇ ਸਨ ਉਹ ਸਭ ਇਕਦਮ ਖਤਮ ਹੋ ਗਏ, ਉਸ ਦੀ ਗ਼ਲਤੀ ਕਰਕੇ ਤੇ ਉਸ ਨਾਲ਼ ਹੋਏ ਫਰਾਡ ਕਰਕੇ। ਪੈਸੇ ਵੀ ਥੋੜ੍ਹੇ ਨਹੀਂ ਬਲਕਿ ਇੱਕ ਲੱਖ ਅਮਰੀਕਨ ਡਾਲਰ ਸਨ, ਜੋ ਉਸ ਦੇ ਕ੍ਰਿਪਟੋ ਕਰੰਸੀ ਖਾਤੇ ਵਿੱਚੋਂ ਖੰਭ ਲਾ ਕੇ ਉਡ ਗਏ! ਪੁਲਿਸ ਰਿਪੋਰਟ ਲਿਖਾਉਣ ਤੇ ਉਸ ਨੂੰ ਪਤਾ ਲੱਗਿਆ ਕਿ ਕ੍ਰਿਪਟੋ ਕਰੰਸੀ ਆਨਲਾਈਨ ਚੋਰਾਂ ਤੇ ਠੱਗਾਂ ਦੀ ਮਨਪਸੰਦ ਕਰੰਸੀ ਹੁੰਦੀ ਹੈ, ਕਿਉਂਕਿ ਉਸ ਨੂੰ ਟਰੇਸ ਨਹੀਂ ਕੀਤਾ ਜਾ ਸਕਦਾ, ਉਹ ਗੁਪਤ ਹੁੰਦੀ ਹੈ, ਜਿਸਦਾ ਪਤਾ ਨਹੀਂ ਲਗਾਇਆ ਜਾ ਸਕਦਾ ਅਤੇ ਕੀਤੇ ਭੁਗਤਾਨ ਨੂੰ ਵਾਪਸ ਨਹੀਂ ਲਿਆ ਜਾ ਸਕਦਾ!

ਸੀਨੀਅਰ ਸੈਂਟਰ ਵਿਚ ਆਪਣੇ ਦੋਸਤਾਂ-ਮਿੱਤਰਾਂ ਨਾਲ਼ ਗੱਲਬਾਤ ਕਰਦੇ ਹੋਏ ਉਸਨੂੰ ਮਹਿਸੂਸ ਹੋਇਆ ਕਿ ਉਸ ਕੋਲ਼ ਤਾਂ ਰਿਟਾਇਰਮੈਂਟ ਲਈ ਇੰਨੇ ਪੈਸੇ ਨਹੀਂ ਹਨ ਜਿਨ੍ਹਾਂ ਨਾਲ਼ ਰਿਟਾਇਰਮੈਂਟ ਤੋਂ ਬਾਅਦ ਉਸਦਾ ਆਸਾਨੀ ਨਾਲ਼ ਗੁਜ਼ਾਰਾ ਹੋ ਸਕੇ। ਉਹ ਰਿਟਾਇਰ ਤਾਂ ਹੋ ਗਿਆ ਸੀ ਪਰ ਪਹਿਲਾਂ ਵਰਗੀ ਆਮਦਨ ਪ੍ਰਾਪਤ ਕਰਨ ਲਈ ਤੇ ਸੌਖੀ ਜ਼ਿੰਦਗੀ ਜਿਊਣ ਲਈ, ਉਸ ਕੋਲ਼ ਹੁਣ ਤੱਕ ਘੱਟੋ-ਘੱਟ 20 ਲੱਖ ਅਮਰੀਕੀ ਡਾਲਰ ਹੋਣੇ ਚਾਹੀਦੇ ਸਨ, ਪਰ ਉਸ ਕੋਲ ਤਾਂ ਮਸਾਂ ਦੋ-ਢਾਈ ਕੁ ਲੱਖ ਹੀ ਸਨ। ਅਜਿਹਾ ਉਸ ਨੇ ਆਨਲਾਈਨ ਰਿਟਾਇਰਮੈਂਟ ਕੈਲਕੁਲੇਟਰ ਤੋਂ ਅੰਦਾਜ਼ਾ ਲਗਾਇਆ ਸੀ। 20 ਲੱਖ ਡਾਲਰ ਉਹ ਇੰਨੇ ਥੋੜ੍ਹੇ ਸਮੇਂ ਵਿਚ ਕਿਵੇਂ ਜੋੜੇਗਾ? ਉਸ ਨੇ ਪਹਿਲਾਂ ਤੋਂ ਹੀ ਪਲਾਨਿੰਗ ਕਿਉਂ ਨਹੀਂ ਕੀਤੀ? ਕਿਉਂ ਨਹੀਂ ਹਰ ਮਹੀਨੇ ਤਨਖਾਹ ਦੇ ਵਿਚੋਂ ਹੀ ਪੈਸੇ ਰਿਟਾਇਰਮੈਂਟ ਫ਼ੰਡ ਵਿਚ ਜਮ੍ਹਾਂ ਕਰਾਏ ਤਾਂ ਜੋ ਸ਼ੇਅਰ ਬਾਜ਼ਾਰ ਦੀ ਚੜ੍ਹਾਈ, ਮਿਸ਼ਰਤ ਵਿਆਜ ਦੇ ਜਾਦੂ ਸਦਕਾ ਤੇ ਸਮੇਂ ਨਾਲ਼ ਉਸ ਕੋਲ਼ ਹੁਣ 20 ਲੱਖ ਡਾਲਰ ਤੋਂ ਵੀ ਵੱਧ ਹੋਣੇ ਸਨ! ਹੁਣ ਉਹ ਕੀ ਕਰੇ?

ਉਸ ਦਾ ਨਿਰਾਸ਼ ਮਨ ਜਲਦੀ ਨਾਲ਼ ਪੈਸੇ ਬਣਾਉਣ ਦੀਆਂ ਤਰਕੀਬਾਂ ਸੋਚਣ ਲੱਗਾ। ਇਸ ਲਈ ਉਸ ਨੇ ਤੇਜ਼ੀ ਨਾਲ਼ ਵਧ ਰਹੀ ਨਵੀਂ ਤਕਨਾਲੋਜੀ ਬਲੌਂਕ ਚੇਨ, ਜੋ ਕ੍ਰਿਪਟੋ ਕਰੰਸੀ ਦਾ ਆਧਾਰ ਹੈ, ਵਿੱਚ ਪੈਸੇ ਨਿਵੇਸ਼ ਕਰਨ ਦਾ ਫ਼ੈਸਲਾ ਕੀਤਾ ਤਾਂ ਜੋ ਰਾਤੋ-ਰਾਤ ਅਮੀਰ ਬਣ ਸਕੇ। ਕਿਉਂਕਿ ਬਹੁਤ ਸਾਰੇ ਲੋਕ ਇਸ ਤਰ੍ਹਾਂ ਅਮੀਰ ਬਣ ਚੁੱਕੇ ਸਨ ਜਾਂ ਬਣਨ ਦਾ ਦਾਅਵਾ ਕਰਦੇ ਸਨ। ਇਸ ਤਰ੍ਹਾਂ ਉਹ ਇੱਕ ਆਨਲਾਈਨ ਠੱਗ ਦੇ ਝਾਂਸੇ ਵਿੱਚ ਫਸ ਗਿਆ। ਪਹਿਲਾਂ ਤਾਂ ਠੱਗ ਨੇ ਉਸ ਨੂੰ ਦਿਖਾਇਆ ਕਿ ਉਸ ਦਾ ਪੈਸਾ ਲਗਾਤਾਰ ਦੁੱਗਣਾ ਹੁੰਦਾ ਜਾ ਰਿਹਾ ਹੈ। ਉਹ ਬਹੁਤ ਖ਼ੁਸ਼ ਹੋਇਆ ਤੇ ਕਾਹਲ਼ੀ ਵਿੱਚ ਵੱਡੀ ਰਕਮ ਜਮ੍ਹਾਂ ਕਰਵਾ ਦਿੱਤੀ। ਪਰ ਜਲਦੀ ਹੀ ਉਸ ਦੀ ਖ਼ੁਸ਼ੀ ਗ਼ਮੀ ਵਿੱਚ ਬਦਲ ਗਈ, ਜਦੋਂ ਉਸ ਨੇ ਪੈਸੇ ਕਢਾਉਣੇ ਚਾਹੇ ਤਾਂ ਠੱਗ ਫ਼ੀਸ ਦੇ ਤੌਰ 'ਤੇ ਹੋਰ ਪੈਸੇ ਮੰਗਣ ਲੱਗਾ। ਹੁਣ ਉਸ ਕੋਲ਼ ਆਪਣੇ ਪੈਸੇ ਵਾਪਸ ਲੈਣ ਲਈ ਵੀ ਲੋੜੀਂਦੇ ਪੈਸੇ ਨਹੀਂ ਸਨ। ਉਸਦੀਆਂ ਅੱਖਾਂ ਖੁੱਲ ਗਈਆਂ। ਉਸ ਨੇ ਠੱਗ ਨੂੰ ਫ਼ੀਸ ਤੇ ਹੋਰ ਪੈਸੇ ਦੇਣ ਤੋਂ ਮਨ੍ਹਾ ਕਰ ਦਿੱਤਾ। ਉਸ ਦੇ ਅਕਾਊਂਟ ਵਿੱਚ ਪੈਸੇ ਰਾਤੋ-ਰਾਤ ਤੇਜ਼ੀ ਨਾਲ਼ ਘਟਣ ਲੱਗੇ ਜਿਵੇਂ ਵਧੇ ਸਨ! ਜਿਸ ਵੈੱਬਸਾਈਟ 'ਤੇ ਉਸ ਦਾ ਅਕਾਊਂਟ ਸੀ ਉਹ ਵੀ ਗ਼ਾਇਬ ਹੋ ਗਈ ਤੇ ਤੇ ਉਹ ਠੱਗ ਵੀ! ਆਪਣਾ ਸਾਰਾ ਕੁਝ ਗਵਾਉਣ ਤੋਂ ਬਾਅਦ ਉਸ ਦਾ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਹਰਾਮ ਹੋ ਗਏ। ਹੁਣ ਤਾਂ ਦਵਾ ਨਹੀਂ ਸਿਰਫ਼ ਦੁਆ ਹੀ ਕੰਮ ਕਰ ਸਕਦੀ ਸੀ ਤਾਂ ਜੋ ਉਸ ਦੇ ਦਿਲ ਨੂੰ ਥੋੜ੍ਹਾ ਚੈਨ ਆਵੇ। ਰਿਟਾਇਰ ਤਾਂ ਕੀ ਹੋਣਾ ਸੀ, ਆਪਣਾ ਖ਼ਰਚਾ-ਪਾਣੀ ਚਲਾਉਣ ਲਈ ਉਸਨੂੰ ਵਾਲਮਾਰਟ ਵਿਚ ਸਟੋਰ ਐਸੋਸ਼ੀਏਟ ਦੀ ਨੌਕਰੀ ਸ਼ੁਰੂ ਕਰਨੀ ਪਈ! ਅਤੇ ਹੁਣ ਰਹਿੰਦੀ ਉਮਰ ਉਸ ਨੂੰ ਕੋਈ ਨਾ ਕੋਈ ਨੌਕਰੀ ਕਰਨੀ ਪੈਣੀ ਸੀ!

ਸਾਰਿਆਂ ਨੇ ਜੋੜਿਆਂ ਵਿੱਚ ਤਹਿਖਾਨੇ ਦੀ ਹਰ ਨੁੱਕਰ ਨੂੰ ਚੈੱਕ ਕੀਤਾ, ਹਰ ਇਕਲਵੰਜੇ ਦੀ ਛਾਣਬੀਣ ਕੀਤੀ। ਜਦ ਹੈਨਰੀ 'ਤੇ ਜਗੀ ਜੀ ਦੇ ਪੁਲਾੜ ਜਹਾਜ਼ ਦੇ ਦਰ ਕੋਲ਼ ਪਹੁੰਚੇ, ਇੱਕ ਦੂਜੇ ਵੱਲ ਇੱਕ ਵਾਰੀ ਹੀ ਵੇਖਿਆ ਫੇਰ ਉਸ ਨੂੰ ਵੈਲਡਿੰਗ ਟਾਰਚ ਨਾਲ਼ ਟਾਂਕੇ ਲਾ ਦਿੱਤੇ। ਏਸ ਸੋਚ ਨੇ ਜਗੀ ਨੂੰ ਟੁੰਬਿਆ, ਖ਼ਾਸ ਸਵਾਲ ਹੈਨਰੀ ਨੂੰ ਪੁੱਛਣ।

ਵੇਖ, ਮੈਨੂੰ ਪਤਾ ਤੂੰ ਕੀ ਕਹਿਣਾ ਹੈ, ਪਰ ਹੁਣ ਇੱਥੇ ਸਿਰਫ਼ ਅਸੀਂ ਹਾਂ। ਸੋਚ ਲਿਓ। ਜੇ ਸੱਚ ਮੁੱਚ ਓਹ ਜੀ ਬਾਹਰ ਨਿਕਲ਼ ਗਿਆ ਹੋਵੇ? ਜਾਂ ਨਿਕਲ਼ਣ ਦੀ ਕੋਸ਼ਿਸ਼ ਕਰੇ? ਉਸ ਬਾਰੇ ਸਾਨੂੰ ਕੁਝ ਨਹੀਂ ਪਤਾ। ਖ਼ਾਲਿਦ ਨੇ ਸਭ ਕੁਝ ਚਾਲੂ ਕਰ ਦਿੱਤਾ।

ਠੀਕ। ਮੈਂ ਸਮਝ ਗਿਆ ਔਲਡ ਬਓਏ। ਮੈਂ ਹੁਣੀ ਹੀ ਲਿਫ਼ਟ ਨੂੰ ਬੰਦ ਕਰਦਾ। ਪਰ ਜਦ ਮੈਂ ਸਹੀ ਨਿਕਲਿਆ, ਫੇਰ ਚਾਲੂ ਕਰਨੀਆਂ, ਠੀਕ?

ਠੀਕ।

ਲਿਫ਼ਟ ਦੀ ਬਾਹਰਲੀ ਕੰਧ 'ਤੇ ਪੀਲਾ ਡੱਬਾ ਸੀ। ਉਸ ਦੀ ਭਿੱਤ ਖੋਲ੍ਹ ਕੇ ਹੈਨਰੀ ਨੇ ਹੁੜਕਾ ਬੰਦ ਕਰ ਦਿੱਤਾ। ਦੋਹੀਂ ਲਿਫ਼ਟਾਂ ਹੁਣ ਥੱਲੇ ਵਾਲ਼ੀ ਮੰਜ਼ਲ 'ਤੇ ਚੁੱਪ ਚਾਪ ਖਲੋਤੀਆਂ ਸਨ। ਫੇਰ ਵੀ ਜਦ ਦਾ ਖ਼ਾਲਿਦ ਨੇ ਸਭ ਕੁਝ ਚਾਲੂ ਕੀਤਾ, ਕੋਈ ਵੀ ਉੱਪਰ ਜਾ ਸਕਦਾ ਸੀ। ਓਹ ਜੀ ਵੀ। ਜੇ ਉਸ ਕੋਲ਼ ਪੁਲਾੜ ਜਹਾਜ਼ ਹੈ, ਫੇਰ ਇਨਸਾਨਾਂ ਦੀ ਲਿਫ਼ਟ ਨੂੰ ਚਲਾਉਣਾ ਕਿੰਨਾ ਔਖਾ ਸੀ? ਜਿਹੜਾ ਮਰਜ਼ੀ ਜਣਾ ਪੀਲਾ ਡੱਬਾ ਖੋਲ੍ਹ ਸਕਦਾ ਸੀ। ਜਗੀ ਲਿਫ਼ਟ ਦਾ ਨਾਸ ਕਰਨਾ ਚਾਹੁੰਦਾ ਸੀ। ਹਾਲੇ ਸੋਚਦਾ ਹੀ ਸੀ ਜਦ ਸਭ ਨੂੰ ਸੁਖੀ ਦੀ ਚੀਕ ਸੁਣੀ। ਵਾਰ ਵਾਰ ਚਿਚਲਾਉਂਦੀ ਸੀ।

ਸਾਰੇ ਤਕਰੀਬਨ ਇਕੱਠੇ ਹੀ ਉਸ ਥਾਂ ਪੁੱਜੇ। ਜਗੀ ਦੇ ਪੇਟ 'ਚ ਵੱਟ ਜਿਹਾ ਉੱਠਿਆ, ਨਾਲ਼ੇ ਉਸ ਦੇ ਲੂੰ ਕੰਡੇ ਖੜ੍ਹੇ ਹੋ ਗਏ। ਅਰੜਾਟ ਕੱਢ ਕੇ ਜਿੰਵ ਜਗੀ ਉਸ ਦਾ ਧਗੜਾ ਹੁੰਦਾ, ਸੁਖੀ ਜਗੀ ਦੀਆਂ ਬਾਹਾਂ 'ਚ ਆ ਗਈ, ਘੁੰਡ ਉਸ ਦ੍ਰਿਸ਼ ਵੱਲ ਕਰਦੀ, ਜਿਸ ਨੇ ਹੁਣ ਜਗੀ, ਹੈਨਰੀ 'ਤੇ ਸਾਰਿਆਂ ਜਣਿਆਂ ਦੀ ਨਿਗ੍ਹਾ ਨੂੰ ਦਬੋਚ ਲਿਆ ਸੀ।

ਫ਼ਰਸ਼ ਉੱਤੇ ਖ਼ਾਲਿਦ ਸੀ...ਖ਼ਾਲਿਦ ਜਾਂ ਉਸ ਦੀਆਂ ਆਂਦਰਾਂ ਜਾਂ ਉਸ ਦਾ ਮਾਸ? ਫ਼ਰਸ਼ ਰੱਤ ਨਾਲ਼ ਭਿੱਜਿਆ ਹੋਇਆ ਸੀ। ਲੀੜੇ, ਲਹੂ 'ਤੇ ਲਾਸ਼ ਦੇ ਲੱਗ ਲਬੇੜ ਹੀ ਭੁੰਜੇ ਪਏ ਸੀ। ਪਰ ਸਾਫ਼ ਦਿੱਸਦਾ ਸੀ ਕਿ ਖ਼ਾਲਿਦ ਹੈ...ਸੀ। ਉਸ ਦਾ ਮੂੰਹ ਕੋਈ ਮਖੌਟੇ ਵਾਂਙ ਮਾਸ ਉੱਤੇ ਵਿਛਾਇਆ ਹੋਇਆ ਸੀ। ਖੋਪਰੀ ਖ਼ਾਲ਼ੀ ਕਰ ਕੇ ਇੰਵ ਹੀ ਥੱਲੇ ਸੁੱਟੀ ਹੋਈ ਸੀ। ਗਲੀਚੇ ਵਾਂਙ ਵਿਛਾਇਆ ਹੋਇਆ ਸੀ।

ਸੁਖੀ ਨੇ ਆਪਣਾ ਸਿਰ ਜਗੀ ਦੇ ਸੀਨੇ ਵਿੱਚ ਉਰ੍ਹਾਂ ਪਰ੍ਹਾਂ ਕਰ ਦਿੱਤਾ। ਸੁੰਢ ਉਸ ਢੇਰ ਵੱਲ ਵੱਧ ਗਈ ਅਤੇ ਲਹੂ ਨੂੰ ਲੱਕਣ ਲੱਗ ਪਈ।

ਪਰੇ ਹੱਟ! ਗ਼ੁੱਸੇ ਵਿੱਚ ਹੈਨਰੀ ਨੇ ਬਿੱਲੀ ਦੇ ਪੈਰ ਮਾਰਿਆ।

*****

ਅੱਖਾਂ ਦੇ ਅੱਠ ਜੋਟੇ (ਉਨ੍ਹਾਂ ਵਿੱਚ ਬਿੱਲੀ ਦੇ ਵੀ ਸਨ) ਜਗੀ ਦੀ ਇਕਲੌਤੀ ਅੱਗ ਲੱਗੀ ਅੱਖ ਵੱਲ ਝਾਕੇ। ਸੁੰਢ ਤੋਂ ਛੁੱਟ ਸਾਰਿਆਂ ਦੇ ਦੀਦਿਆਂ 'ਚ ਡਰ ਸੀ, ਜਕ ਸੀ, 'ਤੇ ਝੇਪ ਸੀ।

ਮੈਂ ਪਹਿਲਾਂ ਹੀ ਕਿਹਾ ਸੀ ਉਸ ਜੀ ਨੂੰ ਉੱਥੇ ਰਹਿਣ ਦਿਓ! ਸੁਣੇ ਨਹੀਂ! ਉਸ ਦਾ ਇੱਕ ਡੇਲਾ ਹੈਨਰੀ ਵੱਲ ਘੂਰ ਕੇ ਝੱਗ ਸੁੱਟਦਾ ਸੀ। ਵੇਖ ਲਿਆ ਹੁਣ! ਖ਼ਾਲਿਦ ਨੂੰ ਹੋਰ ਕੀ ਇਸ ਤਰ੍ਹਾਂ...ਮਾਰ ਸਕਦਾ ਹੈ! ਜਗੀ ਨੇ ਹੈਨਰੀ ਦਾ ਸਾਹਮਣਾ ਕੀਤਾ।

ਸਾਨੂੰ ਕਿਵੇਂ ਪਤਾ ਹੈ ਕਾਸਮੀ ਨੇ ਨਹੀਂ ਕੀਤਾ, ਔਲਡ ਬਓਏ? ਹੈਨਰੀ ਨੇ ਖੀਣ ਠੁਣਾ ਜਵਾਬ 'ਚ ਰੱਖਿਆ।

ਜਾਣ ਦਿਆ ਕਰ! ਗ਼ੁੱਸੇ 'ਚ ਜਗੀ ਨੇ ਕਹਿ ਕੇ ਮੇਜ਼ ਉੱਤੇ ਪਈਆਂ ਮਸ਼ੀਨਾਂ 'ਚ ਹੱਥ ਮਾਰ ਕੇ ਉਨ੍ਹਾਂ ਨੂੰ ਡੇਗ ਦਿੱਤਾ। ਹੁਣ ਸਾਰੇ ਜਣੇ ਵੱਡੇ ਕਮਰੇ 'ਚ ਸਨ, ਮੇਜ਼ ਦੇ ਆਲ਼ੇ ਦੁਆਲ਼ੇ। ਸੁੰਢ ਇਜ਼ੂ ਦੇ ਪੱਟਿਆਂ ਵਿੱਚ ਬੈਠੀ ਸੀ, ਉਹ ਉਸ ਨੂੰ ਥਪਕੀਆਂ ਦਿੰਦਾ।

ਆਪਾਂ ਲਿਫ਼ਟਾਂ ਨੂੰ ਬੰਦ ਕਰ ਦਿੱਤਾ ਹੈ। ਸੋ ਜੇ ਸ਼ੈ ਨੇ ਹੀ ਕੀਤਾ ਹੈ...ਉੱਪਰ ਕਿਵੇਂ ਜਾਹ ਸਕਦੀ? ਹੌਲ਼ੀ ਆਵਾਜ਼ ਵਿੱਚ ਹੈਨਰੀ ਨੇ ਕਿਹਾ।

ਤੁਹਾਨੂੰ ਕਿਵੇਂ ਪਤਾ ਜੇ ਉਹ ਜੀ ਪੌੜ੍ਹੀਆਂ ਚੜ੍ਹ ਕੇ ਰੇਤ ਜਾਂ ਦਰ ਦੀ ਵਿਰਲ ਰਾਹੀਂ ਨ੍ਹੀਂ ਬਾਹਰ ਨਿਕਲ਼ ਸਕਦਾ ਹੈ? ਪਹਿਲੀਂ ਵਾਰੀ ਸੁਖੀ ਬੋਲੀ। ਜੋ ਉਸ ਨੇ ਵੇਖਿਆ ਸੀ ਨੇ ਉਸ ਨੂੰ ਡੂੰਘੀ ਤਰ੍ਹਾਂ ਵਿਗਾੜ ਦਿੱਤਾ ਸੀ। ਉਸ ਨੇ ਜਗੀ ਵੱਲ ਤੱਕਿਆ। ਹੁਣ ਘੰਟਾ ਹੋ ਚੁੱਕਾ ਸੀ ਜਦ ਖ਼ਾਲਿਦ ਦੀ ਲਾਸ਼...ਹਾਂ ਜੋ ਲਾਸ਼ ਹੋਣੀ ਚਾਹੀਦੀ ਸੀ, ਲੱਭੀ ਹੋਈ ਸੀ। ਹਾਲੇ ਤੱਕ ਕਾਸਮੀ ਨਹੀਂ ਲੱਭਿਆ ਸੀ। ਇੱਥੇ ਆਉਂਦੇ ਆਉਂਦੇ ਰਾਹ ਵਿੱਚ ਜਿੰਦ ਭਿਆਣੇ ਜਗੀ ਨੇ ਪੀਲਾ ਡੱਬਾ ਖੋਲ੍ਹ ਕੁ ਭੰਨ ਦਿੱਤਾ ਸੀ ਅਤੇ ਲਿਫ਼ਟ ਦੀਆਂ ਕੇਬਲਾਂ ਨੂੰ ਪਾੜ ਦਿੱਤਾ ਸੀ। ਉਸ ਵੇਲ਼ੇ ਸੁਖੀ ਉਸ ਨਾਲ਼ ਸੀ, ਬੇਸਮਝ 'ਤੇ ਸਦਮੇ ਵਿੱਚ। ਹੋਰ ਕਿਸੇ ਨੂੰ ਪਤਾ ਨਹੀਂ ਲੱਗਿਆ। ਖ਼ਾਲਿਦ ਦੀ ਮੌਤ ਤੋਂ ਸਾਰੇ ਰੁੱਗ ਭਰੇ ਵੱਡੇ ਕਮਰੇ ਵੱਲ ਪਿਛਲਪੈਰੀ ਕਰ ਕੇ ਪਰਤੇ ਸਨ। ਹੈਨਰੀ ਵੀ ਉਸ ਵੇਲ਼ੇ ਚੁੱਪ ਸੀ, ਬੇਸੋਝੀ ਸੀ।

ਕੋਈ ਗੱਲ ਨਹੀਂ। ਹੁਣ ਨਹੀਂ ਕੋਈ ਵੀ ਬਾਹਰ ਨਿਕਲ਼ ਸਕਦਾ ਹੈ। ਜਗੀ ਨੇ ਕਿਹਾ।

ਤੂੰ ਕੀ ਕੀਤਾ? ਹੈਨਰੀ ਨੂੰ ਸ਼ੱਕ ਪਿਆ ਕਿ ਜਗੀ ਨੇ ਹੋਰ ਕੁਝ ਕਰ ਦਿੱਤਾ ਸੀ।

ਆਪਣੀ ਇਕਲੌਤੀ ਅੱਖ ਹੈਨਰੀ ਵੱਲ ਮਕਸੂਦ ਕਰ ਕੇ ਤੀਰ ਛੱਡਿਆ, ਹਾਂ ਮੈਂ ਲਿਫ਼ਟਾਂ ਦਾ ਘੁੱਗੂ ਵਜਾ ਦਿੱਤਾ।

ਹੁਣ ਤਾਂ ਆਪਾਂ ਥੱਲੇ ਚੰਗੀ ਤਰ੍ਹਾਂ ਫਸ ਗਏ, ਔਲਡ ਬਓਏ! ਹੈਨਰੀ ਦੀਆਂ ਅੱਖਾਂ 'ਚ ਖ਼ੂਨ ਉੱਤਰ ਆਇਆ।

ਕੀ ਸਾਨੂੰ ਕੋਈ ਬਚਾ ਨਹੀਂ ਸਕਦਾ? ਸਾਨੂੰ ਕਿਵੇਂ ਇੱਥੋਂ ਕੋਈ ਪੁਖਰੇਗਾ? ਤਫਨੇ ਦੀ ਆਵਾਜ਼ ਕੰਬੀ ਅਤੇ ਇੰਵ ਜਾਪਦਾ ਸੀ ਜਿਵੇਂ ਉਸ ਦਾ ਕਲ਼ੈਜ ਧਕ ਧਕ ਕਰ ਰਿਹਾ ਸੀ। ਚੁੱਪ ਚਾਪ ਕਾਮੇ ਦੀ ਜਗ੍ਹਾ ਇੱਕ ਡਰਦਾ ਬੱਚਾ ਲੱਗ ਰਿਹਾ ਸੀ। ਜਿੰਵ ਉਸ ਨੂੰ ਮਹਿਸੂਸ ਹੋ ਗਿਆ ਕਿ ਜਗੀ ਦੇ ਕਰਮ ਦਾ ਕੀ ਨਤੀਜਾ ਸੀ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਪਰਿਨਾਮ ਕਰੇਗਾ। ਉਸ ਦੇ ਜੁੱਸੇ ਵਿੱਚ ਖ਼ੌਫ਼ ਦੀ ਲਹਿਰ ਲੰਘ ਗਈ। ਤੂੰ ਕੀ ਕਰ 'ਤਾ! ਤੂੰ ਕੀ ਕਰ 'ਤਾ! ਜਗੀ ਵੱਲ ਸੈਂਸੇ ਨਾਲ਼ ਵੇਖ ਕੇ ਉਸ ਵੱਲ ਵੱਧਿਆ। ਤੈਨੂੰ ਇੰਵ ਕਰਨਾ ਨਹੀਂ ਚਾਹੀਦਾ ਸੀ! ਇੱਥੋਂ ਕਿਵੇਂ ਨਿਕਲ਼ਣਗੇ? ਨਾਲ਼ੇ ਤੈਨੂੰ ਕਿਵੇਂ ਪਤਾ ਹੋ ਸਕਦਾ ਜੇ ਕਾਸਮੀ ਨੇ ਹੀ ਸ਼ੈ ਨੂੰ ਬਾਹਰ ਕੱਢ ਕੇ ਪਹਿਲਾਂ ਨਾ ਲੈ ਚੁੱਕਾ? ਆਪਾਂ ਹੁਣ ਐਵੀ ਇੱਥੇ ਫਸ ਗਏ!

ਅਲੀ ਆਪਣੀਆਂ ਸੋਚਾਂ ਦੇ ਭੁੱਲ ਭੁਲਈਏ ਵਿੱਚੋਂ ਨਿਕਲ਼ਿਆ; ਅਤੇ ਨਜ਼ਰ ਤਫਨੇ ਦੇ ਮੂੰਹ ਉੱਤੇ ਸੁੱਟੀ, ਭਰਵਟੇ ਕੱਸੇ, ਲੰਮਾ ਸੂਟਾ ਖਿੱਚਿਆ, ਫੇਰ ਆਪਣੀ ਸਿਗਰਟ ਮੇਜ਼ ਉੱਤੇ ਨੱਪ ਕੇ ਬੁਝਾਈ ਅਤੇ ਗ਼ੁੱਸੇ ਵਿੱਚ ਤਫਨੇ ਨੂੰ ਜਵਾਬ ਦਿੱਤਾ। ਮੈਂ ਕਾਮਸੀ

ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਹੋ ਨਹੀਂ ਸਕਦਾ! ਐਵੀਂ ਉਸ ਨੂੰ ਇਲਜ਼ਾਮ ਨਾ ਲਾ!

ਉਸ ਨੂੰ ਲੱਭ ਨਹੀਂ ਸੱਕੇ! ਉਹ ਤਾਂ ਪਹਿਲਾਂ ਹੀ ਨਿਕਲ਼ ਚੁੱਕਿਆ ਹੋਵੇਗਾ! ਕੁਰਲ ਕੁਰਲ ਕੇ ਤਫਨਾ ਦਾ ਜਵਾਬ ਆਇਆ।

ਭੁਲਾ ਬੁਰਾ ਵੇਖ ਕੇ ਹੀ ਮੈਂ ਫ਼ੈਸਲਾ ਕੀਤਾ, ਜਗ੍ਗੀ ਨੇ ਗੱਲ ਚੁੱਕੀ।

ਤੂੰ ਤਾਂ ਪਹਿਲਾਂ ਹੀ ਖਿਲਾਫ਼ ਸੀ, ਹੈਨਰੀ ਨੇ ਬੁਹ ਬੁਹ ਕੀਤੀ।

ਤੂੰ ਸਾਨੂੰ ਖ਼ਤਰੇ 'ਚ ਪਾਇਆ ਓਸ ਜੀ ਨੂੰ ਪੁਲਾੜ ਜਹਾਜ਼ 'ਚੋਂ ਕੱਢ ਕੇ! ਹੁਣ ਜਗੀ ਹੈਨਰੀ ਵੱਲ ਵੱਧਣ ਲੱਗਾ ਸੀ, ਜਦ ਸੁਖੀ 'ਤੇ ਅਲੀ ਰਾਹ 'ਚ ਆ ਪਏ।

'ਤੇ ਤੂੰ ਹੁਣ ਸਾਨੂੰ ਖ਼ਤਰੇ 'ਚ ਪਾ ਰਿਹਾ ਹੈ!

ਤੇਰੇ ਵਰਗੇ ਅਮੀਰ ਬੰਦੇ ਸਿਰਫ਼ ਪੈਸਾ ਬਣਾਉਣ ਦੇ ਰਾਹ ਵੇਖਦੇ ਨੇ। ਸਮਾਜ ਉੱਤੇ ਕੀ ਹੁੰਦਾ ਦੀ ਕਦਰ ਨਹੀਂ ਕਰਦੇ! ਆਪਣੀਆਂ ਦਸ ਹੀ ਉਂਗਲ਼ਾਂ ਘਿਓ 'ਚ ਚੰਗੀ ਤਰ੍ਹਾਂ ਪਾਈਆਂ ਹੁੰਦੀਆਂ ਹਨ। ਉਹ ਜੀ ਤੇਰੇ ਵਾਸਤੇ ਨਿਧਾਨ ਹੀ ਹੈ! ਤਫਨਾ ਮੈਂ ਨਹੀਂ ਖ਼ਾਲਿਦ ਨੂੰ ਮਾਰਿਆ। ਜੇ ਇਲਜ਼ਾਮ ਲਾਉਣਾ...ਪਰ ਜਗੀ ਨੂੰ ਵਾਕ ਕਹਿਣ ਦਾ ਮੌਕਾ ਨਹੀਂ ਮਿਲ਼ਿਆ।

ਤਫਨਾ ਦੇ ਹੱਥ 'ਚ ਚਾਕੂ ਸੀ, ਉਹਨੇ ਜਗੀ ਨੂੰ ਘੋਪਣ ਦੀ ਕੋਸ਼ਿਸ਼ ਕੀਤੀ। ਹੈਨਰੀ ਨੇ ਵੇਖ ਲਿਆ ਅਤੇ ਉਸ ਨੂੰ ਰੋਕਣ ਦੀ ਹਿੰਮਤ ਕੀਤੀ ਪਰ ਤਫਨਾ ਨੇ ਸੌਖੀ ਦੇਣੀ ਉਸ ਨੂੰ ਚੁੱਕ ਕੇ ਪਾਸੇ ਮਾਰਿਆ ਪਰ ਫੇਰ ਸੁਖੀ ਰਾਹ 'ਚ ਆ ਗਈ, ਜਗੀ ਨੂੰ ਬਚਾਉਣ ਵਾਸਤੇ। ਸੁਖੀ ਵਿੱਚੋਂ ਚਾਂਗ ਨਿਕਲ਼ ਗਈ ਅਤੇ ਹੈਰਾਨੀ ਨਾਲ਼ ਉਸ ਨੇ ਆਪਣੇ ਢਿੱਡ ਵੱਲ ਤੱਕਿਆ, ਜਿੱਥੋਂ ਲਹੂ ਕੱਢ ਰਿਹਾ ਸੀ। ਸੁਖੀ ਭੁੰਜੇ ਬਹਿ ਗਈ ਅਤੇ ਬੇਹੋਸ਼ ਹੋ ਪਈ। ਇਜੂ ਨੇ ਚਾਕੂ ਖੋਹਾ-ਖੋਹੀ 'ਚ ਤਫਨੇ ਤੋਂ ਲੈ ਲਿਆ ਸੀ, ਉਸ ਦੀ ਮੱਦਦ ਵਿੱਚ ਅਜੀਜ਼ੁਲ ਨੇ ਤਫਨੇ ਨੂੰ ਬਾਹਾਂ ਵਿੱਚ ਲੈਣ ਦੀ ਕੋਸ਼ਿਸ਼ ਕੀਤੀ। ਉਸ ਦੇ ਲੱਤ ਮਾਰ ਕੇ, ਤਫਨੇ ਬੰਦੂਕਾਂ ਰਫ਼ਲਾਂ 'ਚ ਉਸ ਨੂੰ ਸੁੱਟ ਦਿੱਤਾ। ਫੇਰ ਤਫਨਾ ਨੇ ਇੱਕ ਹੱਥ ਨਾਲ਼ ਜਗੀ ਨੂੰ ਚੁੱਕ ਕੇ ਮੇਜ਼ ਉੱਤੇ ਇੰਞ ਸੁੱਟਿਆ ਜਿੰਞ ਅਖਬਾਰ ਤੋਂ ਭਾਰਾ ਨਹੀਂ ਸੀ। ਅਲੀ ਤਫਨੇ ਵੱਲ ਹਿਲਿਆ 'ਤੇ ਤਫਨੇ ਨੇ ਉਸ ਵੱਲ ਬਿਨਾਂ ਝਾਕਣ, ਆਪਣੇ ਦੂਜੇ ਹੱਥ ਨਾਲ਼ ਚੁੱਕ ਕੇ ਉਸ ਦਾ ਸਿਰ ਛੱਤ ਵਿੱਚ ਮਾਰ ਦਿੱਤਾ। ਉਸ ਹੀ ਪਲ ਇਜੂ ਚਾਕੂ ਨਾਲ਼ ਤਫਨੇ ਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਦ ਤਫਨੇ ਦੀ ਛਾਤੀ ਵਿੱਚੋਂ ਤੀਜੀ ਬਾਂਹ ਨਿਕਲ਼ ਆਈ! ਬਾਂਹ ਦੇ ਅਖੀਰ 'ਤੇ ਹੱਥ ਨਹੀਂ ਸੀ, ਸਗੋਂ ਤੰਤੂਆਂ ਸਨ ਜੋ ਤੰਦੂਆ ਦੀਆਂ ਲਚਕੂਹਾ ਵਾਂਙ ਇਜੂ ਨੂੰ ਪਕੜ ਗਈਆਂ ਅਤੇ ਉਸ ਦੀ ਜਾਨ ਕੱਢਣ ਲੱਗ ਪਈਆਂ।

ਯੂਸਫ ਅਤੇ ਅਜੀਜ਼ੁਲ ਅਤੇ ਹੈਨਰੀ ਨੇ ਇਜੂ ਅਤੇ ਜਗੀ ਦੀ ਮੱਦਦ ਕਰਨ ਦੀ ਕੋਸ਼ਿਸ਼ ਕੀਤੀ। ਹੁਣ ਸੁੰਢ ਚੀਕ ਕੇ ਛਾਲ ਮਾਰ ਕੇ ਅਜੀਜ਼ੁਲ 'ਤੇ ਪੈ ਗਈ ਅਤੇ ਖਰੂੰਡਣ ਲੱਗ ਪਈ। ਜਦ ਅਜੀਜ਼ੁਲ ਨੇ ਉਸ ਨੂੰ ਪਾਸੇ ਮਾਰਨ ਦੀ ਕੋਸ਼ਿਸ਼ ਕੀਤੀ, ਬਿੱਲੀ ਦੇ ਮੂੰਹ ਵਿੱਚੋਂ ਪੰਜ ਜੀਭਾਂ ਨਿਕਲ਼ੀਆਂ ਜਿਨ੍ਹਾਂ ਦੀਆਂ ਸਿਖਰਾਂ 'ਤੇ ਤਿੱਖੇ ਦੰਦ ਸਨ, ਅਜੀਜ਼ੁਲ ਨੂੰ ਵੱਢਦੇ! ਫੇਰ ਬਿੱਲੀ ਦੇ ਜੁੱਸੇ ਵਿੱਚੋਂ ਟੇਂਟਾਕਲਾਂ ਨਿਕਲ਼ੀਆਂ ਅਤੇ ਉਸ ਨੂੰ ਲਪੇਟਣ ਲੱਗ ਪਈਆਂ।

ਜਦ ਅਲੀ ਨੂੰ ਹੋਸ਼ ਆਇਆ, ਇਹ ਭਿਆਨਕ ਦ੍ਰਿਸ਼ ਉਸ ਦੇ ਸਾਹਮਣੇ ਸੀ। ਬਿੱਲੀ ਦਾ ਪੇਟ ਖੁਲ੍ਹ ਗਿਆ ਅਤੇ ਉਸ ਪਾੜ ਦੇ ਆਲ਼ੇ ਦੁਆਲ਼ੇ ਆਰੇ ਦੇ ਸੂਏ ਵਰਗੇ ਦੰਦ ਸਨ। ਉਸ ਨੇ ਆਪਣੀਆਂ ਟੇਂਟਾਕਲਾਂ ਨਾਲ਼ ਅਜੀਜ਼ੁਲ ਦਾ ਸਿਰ ਵਿੱਚ ਖਿੱਚ ਲਿਆ ਅਤੇ ਗਿਲੋਟੀਨ ਵਾਂਗਰ ਸੀਸ ਲਾਹ ਦਿੱਤਾ। ਸੁੰਢ ਦੇ ਮੂੰਹ ਵਿੱਚੋਂ ਇਨਸਾਨ ਦਾ ਬੋਲ ਨਿਕਲ਼ਿਆ। ਮੈਨੂੰ ਭੁੱਖ ਲੱਗੀ ਹੈ। ਬਹੁਤ ਦੇਰ ਹੋ ਚੁੱਕੀ ਜਦ ਦਾ ਖ਼ਾਲਿਦ ਖਾਧਾ! ਫੇਰ ਬਿੱਲੀ ਦਾ ਸਿਰ ਅਲ਼ੀ ਵੱਲ ਘੁੰਮਿਆ। ਅਲੀ ਨੇ ਇੱਕ ਡਿੱਗੀ ਹੋਈ ਬੰਦੂਕ ਚੁੱਕ ਲਈ ਅਤੇ ਘੋੜਾ ਦੱਬਿਆ, ਪਰ ਕੁਝ ਨਹੀਂ ਹੋਇਆ। ਤ੍ਰਾਸ 'ਚ ਸਮਝ ਗਿਆ ਕਿ ਸੈਫ਼ਟੀ ਲੌਂਕ ਚਾਲੂ ਸੀ। ਜਦ ਤੀਕ ਖੋਲ੍ਹ ਦਿੱਤਾ, ਬਿੱਲੀ ਦੀ ਧੌਣ ਵੱਧ ਕੇ ਸੱਪ ਬਣ ਗਈ ਅਤੇ ਉਸ ਦੇ ਉੱਪਰ ਸੁੰਢ ਦਾ ਸਿਰ ਅਲੀ ਵੱਲ ਵੱਧ ਰਿਹਾ ਸੀ। ਪਰ ਅਲੀ ਨੇ ਘੋੜਾ ਦੱਬ ਦਿੱਤਾ ਅਤੇ ਗੋਲੀਆਂ ਨੇ ਬਿੱਲੀ ਦਾ ਸਿਰ ਪੀਪੂੰ ਕਰ ਦਿੱਤਾ। ਤਫਨੇ ਨੇ ਚੀਕ ਮਾਰ ਕੇ ਇਜੂ 'ਤੇ ਜਗੀ ਨੂੰ ਛੱਡ ਦਿੱਤਾ ਅਤੇ ਆਪਣੀਆਂ ਸਾਰੀਆਂ ਲਚਕੂ ਬਾਹਾਂ ਅਲੀ ਵੱਲ ਘੱਲੀਆਂ। ਅਲੀ ਬਿਨਾਂ ਸੋਚੇ ਗੋਲ਼ੀਆਂ ਤਫਨੇ ਵਿੱਚ ਛੱਡੀ ਗਿਆ। ਜਦ ਤੱਕ ਮੈਗਜ਼ੀਨ ਖ਼ਾਲ਼ੀ ਹੋ ਚੁੱਕਾ ਜਗੀ ਨੂੰ ਸੁਰਤ ਆ ਗਈ ਕਿ ਜਵਾਲਾ ਪਿਚਕਾਰੀ ਰਫ਼ਲ ਥੱਲੋਂ ਚੁੱਕ ਲਏ; ਫੇਰ ਚਾਲੂ ਕਰ ਕੇ ਤਫਨੇ ਅਤੇ ਬੇਸਿਰ ਬਿੱਲੀ ਵੱਲ ਤਾਣ ਕੇ ਅੱਗ ਛੱਡੀ। ਹੁਣ ਤਫਨਾ-ਸੁੰਢ ਜਲ਼ ਕੇ ਲੇਰਾਂ ਕੱਢ ਰਹੇ ਸਨ। ਪਰ ਏਸ ਦੁਨੀਆ ਦੀਆਂ ਕੂਕਾਂ ਨਹੀਂ ਸਨ। ਉਸ ਜੀ ਦੀਆਂ ਸਨ। ਇਜੂ ਨੇ ਵੀ ਰਫ਼ਲ ਚੁੱਕ ਲਈ, ਹੈਨਰੀ ਨੇ ਵੀ। ਸਾਰਿਆਂ ਨੇ ਉਹ ਦੋ ਸ਼ੈਵਾਂ 'ਚ ਮੈਗਜ਼ੀਨਾਂ ਖ਼ਾਲ਼ੀ ਕਰ ਦਿੱਤੇ। ਜੀ ਮੇਜ਼ ਉੱਤੇ ਡਿੱਗ ਕੇ ਤਫਨੇ ਦਾ ਸਰੀਰ 'ਤੇ ਸੁੰਢ ਦੇ ਪਿੰਡੇ ਨੂੰ ਅੱਗ ਵਿੱਚ ਵਿਲੀਨ ਹੋ ਕੇ ਇੱਕ ਸੜਿਆ ਜਿਸਮ ਬਣ ਗਿਆ। ਉਸ ਵਿੱਚ ਨਾਲ਼ੇ ਵਿਚਾਰੇ ਅਜੀਜ਼ੁਲ ਦਾ ਜੁੱਸਾ ਜੁੜ ਚੁੱਕਾ ਸੀ।

ਜਗੀ ਨੇ ਜਵਾਲਾ ਪਿਚਕਾਰੀ ਰਫ਼ਲ ਬੰਦ ਕਰ ਦਿੱਤੀ। ਭਾਵੇਂ ਮੇਜ਼ ਤੋਂ ਘਾਮ ਦੇ ਸੇਕ ਜਿੰਨਾ ਸੇਕ ਆ ਰਿਹਾ ਸੀ ਅਤੇ ਲਾਟਾਂ ਕੜ ਕੜ ਤੜ ਤੜ ਕਰ ਰਹੀਆਂ ਸਨ, ਸਾਰਿਆਂ ਦੇ ਨੈਣ ਸੜਦੇ ਮਾਸ ਉੱਤੇ ਸਨ। ਪਰ ਜਗੀ ਦਾ ਧਿਆਨ ਸਿਰਫ਼ ਸੁਖੀ ਵੱਲ ਸੀ, ਜੋ ਆਪਣੇ ਲਹੂ ਵਿੱਚ ਮੋਈ ਪਈ ਸੀ। ਜਗੀ ਦੀ ਅੱਖ

ਵਿੱਚੋਂ ਨੇਤਰ ਜਲ ਦੀ ਲੰਮੀ ਧਾਰ ਵਗ ਰਹੀ ਸੀ। ਸਭ ਦੇ ਵਾਕ ਵਾਸ਼ਪਕਣ ਹੋ ਗਏ।

ਝਾਂਸੂ ਸੀ! ਆਪ ਨੂੰ ਤਫਨੇ ਦਾ ਰੂਪ ਦੇ ਦਿੱਤਾ ਅਤੇ ਸੁੰਢ ਦਾ! ਜਾਂ ਉਨ੍ਹਾਂ ਵਿੱਚ ਕੋਈ ਰਾਹ ਨਾਲ਼ ਵੜ ਚੁੱਕਿਆ! ਅਲੀ ਨੇ ਹਾਰ ਕੇ ਕਿਹਾ। ਪਰ ਜਗੀ ਦਾ ਧਿਆਨ ਸੁਖੀ ਵੱਲ ਸੀ ਉਸ ਦੀ ਲਾਸ਼ ਆਪਣੀਆਂ ਬਾਹਾਂ ਵਿੱਚ ਲੈ ਲਈ। ਚੁੱਪ ਸੀ। ਅੱਗ ਦੇ ਸੇਕ ਨੇ ਕਮਰ 'ਚੋਂ ਪ੍ਰਾਣ ਵਾਸੂ ਪੀ ਲਿਆ ਸੀ, 'ਤੇ ਇਜ਼ੂ 'ਤੇ ਹੈਨਰੀ ਖੰਘ ਰਹੇ ਸਨ, ਪਰ ਇਹ ਗੱਲ ਅਲੀ ਨੇ ਖੁੱਡੇ ਲਗਾਈ ਅਤੇ ਘੁੰਮ ਕੇ ਹੈਨਰੀ ਵੱਲ ਘੂਰ ਕੇ ਵੇਖਣ ਲੱਗ ਪਿਆ। ਜੇ ਇਹ ਸ਼ੈ ਉੱਪਰ ਚਲੀ ਗਈ, ਆਪ ਨੂੰ ਬੰਦੇ ਦੇ ਰੂਪ 'ਚ ਭੇਸ ਵਟਾ ਸਕਦੀ ਹੈ! ਸਾਡਾ ਸਾਂਗ ਕਰ ਸਕਦੀ! ਬਿੱਲੀ ਦਾ ਵੀ, ਸੋ ਮਤਲਬ ਜਾਨਵਰਾਂ ਦਾ ਵੀ, ਕੀ ਪਤਾ ਹੋਰ ਚੀਜ਼ ਦਾ!

ਹੁਣ ਤੁਹਾਡੀ ਜਿਗਿਆਸਾ ਨੂੰ ਕੀ ਮਿਲਿਆ? ਸਾਡੀ ਦੁਨੀਆ 'ਚ ਰੋਗਾਣੂ ਛੱਡ ਦਿੱਤਾ! ਵਿਸ਼ਾਣੂ! ਕੀ ਪਤਾ ਮੇਰੇ ਦੋਸਤ, ਅਬਦੁਲ ਜਹਾਂ ਕਾਸਮੀ ਵੀ ਇਸ ਦੀ ਖ਼ੁਰਾਕ ਬਣ ਚੁੱਕਾ ਜਾਂ ਇਹਦੇ ਹਿੱਸੇ ਉਸ ਵਿੱਚ ਹੈ 'ਤੇ ਹੁਣ ਉੱਪਰ ਤੁਰਦਾ ਹੈ! ਸਾਡੇ ਜੱਗ ਲਈ ਖ਼ਤਰਾ! ਆਪਣੀ ਉਂਗਲ਼ੀ ਜ਼ੋਰ ਦੇਣੀ ਹੈਨਰੀ ਦੀ ਛਾਤੀ ਵਿੱਚ ਹੁੱਝੀ।

ਹੈਨਰੀ ਚੁੱਪ ਸੀ। ਕੰਬਦਾ ਸੀ।

ਹੌਲ਼ੀ ਹੌਲ਼ੀ ਜਗੀ ਉੱਠਿਆ। ਫੇਰ ਚਾਰ ਜਣਿਆਂ ਵੱਲ ਵੇਖ ਕੇ ਬੋਲਿਆ, ਕੋਈ ਰਾਹ ਨਾਲ਼ ਇਸ ਚੀਜ਼ ਨੂੰ ਉੱਪਰ ਨਹੀਂ ਜਾਣ ਦੇ ਸਕਦੇ ਹਾਂ! ਸਾਨੂੰ ਇਹ ਵੀ ਨਹੀਂ ਪਤਾ ਜੇ ਸਾਡੇ ਵਿੱਚ ਹੈ!

ਡਰ ਨਾਲ਼ ਯੂਸਫ 'ਤੇ ਹੈਨਰੀ ਉਸ ਵੱਲ ਝਾਕੇ। ਸਮਝ ਆ ਗਈ ਕਿ ਪੰਜ ਜਣਿਆਂ ਵਿੱਚ ਇਹ ਜੀ ਹੋ ਸਕਦਾ ਹੈ।

ਪਰ ਹੁਣੀ ਮਾਰਿਆ? ਯੂਸਫ ਬੋਲਿਆ। ਤਫਨੇ ਦੀ ਲਾਸ਼ ਵੱਲ ਨਿਗ੍ਹਾ ਮਾਰੀ। ਅੱਗ ਹਾਲੇ ਚੱਲ ਰਹੀ ਸੀ।

ਤਫਨਾ ਸਾਡੇ ਨਾਲ਼ ਕਿੰਨੇ ਦੇਰ ਲਈ ਸੀ? ਜਗੀ ਨੇ ਪੁੱਛਿਆ।

ਕੀ ਪਤਾ? ਅਲੀ ਨੇ ਕਿਹਾ, ਸ਼ਾਇਦ ਅਸੀਂ ਪੰਜ ਹੀ ਜਣੇ ਛੂਤ ਵਾਲ਼ੇ ਹਾਂ, ਸ਼ਾਇਦ ਇੱਕ ਜਣਾ ਹੁਣ ਇਨਸਾਨ ਦੀ ਨਕਲ ਉਤਾਰ ਰਿਹਾ ਹੈ?

ਫੇਰ ਅਸੀਂ ਇਕੱਠੇ ਹੀ ਰਹਿਣਾ 'ਤੇ ਇੱਕ ਦੂਜੇ ਉੱਤੇ ਅੱਖ ਰੱਖਣੀ ਹੈ। ਸਾਡੇ ਵਿੱਚੋਂ ਹੁਣ ਕੋਈ ਨਹੀਂ ਹੁਣ ਵਾਪਸ ਜਾਹ ਸਕਦਾ ਹੈ। ਜਗੀ ਨੇ ਸੰਤਾਪੀ ਆਵਾਜ਼ ਵਿੱਚ ਗੱਲ ਨਬੇੜ ਦਿੱਤੀ।

ਠੀਕ, ਅਲੀ ਨੇ ਸੁਖੀ ਵੱਲ ਵੇਖਿਆ। ਮੈਂ ਭੈਣ ਜੀ ਨੂੰ ਸੰਭਾਲ਼ਣ ਦੀ ਤੁਹਾਡੀ ਮੱਦਦ ਕਰਦਾ।

ਸ਼ੁਕਰੀਆ, ਜਗੀ ਨੇ ਹਾਮ੍ਹੀ ਭਰੀ। ਸੱਚ ਮੁੱਚ ਬੰਦੇ ਦਾ ਬੰਦਾ ਹੀ ਦਾਰੂ ਸੀ। ਸੇਕ ਹੁਣ ਸਾਰਿਆਂ ਨੂੰ ਮੜ੍ਹਕੇ ਨਾਲ਼ ਪਾਣੀ ਪਾਣੀ ਕਰ ਚੁੱਕਾ ਸੀ। ਜੀ ਨੇ ਤਾਂ ਸਾਰਿਆਂ ਦੀਆਂ ਅੱਖਾਂ 'ਚ ਮਿੱਟੀ ਪਾਈ ਸੀ। ਜਗੀ ਨੂੰ ਇੱਕ ਸੋਚ ਆਈ, ਅਲੀ ਸੁਖੀ ਨੂੰ ਆਮ ਮੌਤ ਹੋਈ। ਚਾਕੂ ਨਾਲ਼ ਮਾਰੀ ਗਈ...ਕੀ

ਹਾਂ...ਮੈਂ ਇੱਕ ਤਰੀਕਾ ਜਾਣਦਾ ਹਾਂ।

ਤੁਸੀਂ ਕੀ ਕਹਿ ਰਹੇ ਨੇ? ਹੈਨਰੀ ਨੇ ਔਲਡ ਬਓਏ ਕਹਿਣ ਤੋਂ ਬਿਨਾਂ ਪੁੱਛਿਆ।

ਸਮਝਾਉਂਦੇ ਨੇ। ਆ ਅੱਗ ਸਾਡੇ ਵਾਸਤੇ ਖ਼ਤਰਨਾਕ ਹੈ। ਜਗੀ ਨੇ ਸੜਦੇ ਮੇਜ਼ ਵੱਲ ਝਾਕਿਆ। ਜਿਵੇਂ ਸਾਰਿਆਂ ਨੂੰ ਪਹਿਲੀਂ ਵਾਰੀ ਅੱਗ ਮਹਿਸੂਸ ਹੋਈ ਹੁਣ ਕੁਝ ਕਰਨ ਤਿਆਰ ਹੋ ਪਏ। ਯੂਸਫ ਨੇ ਬੁਝਾਦਾਨ ਚੁੱਕ ਲਿਆ ਅਤੇ ਅੱਗ ਉੱਤੇ ਝੱਗ ਛੱਡ ਦਿੱਤੀ। ਲਾਟਾਂ ਨੱਚ ਰਹੀਆਂ ਸਨ, ਉਨ੍ਹਾਂ ਦੇ ਮੁਖੜਿਆਂ ਉੱਤੇ ਲਾਲ ਬੇਤਾਲ ਸੁੱਟਦੀ। ਹਾਰ ਕੇ ਸਿਰਫ਼ ਸ਼ੈ ਦੀ ਲਾਸ਼ ਰਹਿ ਗਈ ਸੀ, ਧੁਖਦੀ, ਇੱਕ ਹਿੱਸਾ ਸੁੰਢ, ਇੱਕ ਹਿੱਸਾ ਤਫਨਾ, ਇੱਕ ਹਿੱਸਾ ਅਜੀਜ਼ੁਲ।

ਅਤੇ ਕਈ ਹਿੱਸੇ ਟੈਂਟਾਕਲ ਵਾਲ਼ੀ ਡੈਣ।

*****

ਪੰਜੀ ਜਣੇ ਅੱਡ ਗੁਟਾਂ 'ਚ ਹੀ ਬੈਠੇ ਸਨ, ਉਸ ਖਾਣ ਪੀਣ ਵਾਲ਼ੀ ਥਾਂ 'ਚ, ਜਿੱਥੇ ਕੁਝ ਘੰਟਿਆਂ ਪਹਿਲਾਂ ਜਗੀ 'ਤੇ ਸੁਖੀ ਇੱਕ ਦੂਜੇ ਨਾਲ਼ ਬਹਿ ਕੇ ਇੱਕ ਦੂਜੇ ਨਾਲ਼ ਤਿਤਲੀਆਂ ਕਰਦੇ ਸੀ। ਪੰਜ ਹੀ ਜਣਿਆਂ ਦੀਆਂ ਅੱਖਾਂ ਇੱਕ ਦੂਜੇ ਉੱਤੇ ਨੀਝ ਲਾ ਰਹੀਆਂ ਸਨ। ਅਲੀ 'ਤੇ ਹੈਨਰੀ ਇਕੱਠੇ ਬੈਠੇ ਸਨ, ਯੂਸਫ 'ਤੇ ਇਜ਼ੂ ਆਪਣੀ ਨਸਲ 'ਚ ਇੱਕ ਖੂੰਜੇ ਵਿੱਚ ਬੁੜਬੁੜ ਕਰ ਰਹੇ ਸੀ।

ਜਗੀ ਸਾਰਿਆਂ ਤੋਂ ਦੂਰ ਬੈਠਾ ਸੀ, ਆਪਣੀ ਸੰਗਤ ਰੱਖਦਾ, ਘੁੱਟਿਆ ਘੁੱਟਿਆ ਅਤੇ ਗਮਗੀਨ। ਅਲੀ ਦੀ ਮੱਦਦ ਨਾਲ਼ ਸੁਖੀ ਦੀ ਲਾਸ਼ ਉਸ ਕਮਰੇ 'ਚੋਂ ਕੱਢ ਕੇ ਇੱਕ ਤੋਸ਼ੇਖਾਨੇ ਵਿੱਚ ਰੱਖ ਦਿੱਤੀ ਸੀ, ਚਾਦਰ ਨਾਲ਼ ਢਕੀ, ਜਿਵੇਂ ਇੰਞ ਕਰ ਕੇ ਪੁਰਅਮਨ ਹੋਵੇਗੀ। ਸੱਚ ਸੀ ਉਨ੍ਹਾਂ ਦੀਆਂ ਨਜ਼ਰਾਂ ਨੂੰ ਸ਼ਾਂਤੀ ਮਿਲ ਰਹੀ ਸੀ, ਸੁਖੀ ਨੂੰ ਇੰਞ ਲੁਕੋ ਕੇ ਅਤੇ ਓਸ ਕਮਰੇ, ਜਿੱਥੇ ਜੀ...ਸ਼ੈ ਪਈ ਸੀ ਤੋਂ ਪਰੇ ਰਹਿ ਕੇ।

ਜਗੀ ਸਮਝ ਚੁੱਕਾ ਸੀ ਕਿ ਉਹ ਸ਼ੈ ਉਸ ਵਿੱਚ ਵੀ ਹੋ ਸਕਦੀ ਹੈ, ਜਾਂ ਦੂਜਿਆਂ ਦੇ ਵਿੱਚ ਵੀ। ਜੋ ਮਰਜ਼ੀ, ਉਸ ਨੂੰ ਬਾਹਰ ਲੈ ਕੇ ਜਾਣ ਜੱਗ ਵਾਸਤੇ ਖ਼ਤਰਾ ਹੀ ਸੀ। ਜੇ ਜਗੀ ਪੰਜਾਬ ਵਾਪਸ ਗਿਆ, ਮਾਂ-ਪੇ, ਟੱਬਰ ਨੂੰ, ਜਾਂ ਹਰ ਪਿੰਡ ਨੂੰ ਖ਼ਤਰੇ 'ਚ ਪਾ

ਸਕਦਾ ਸੀ। ਇਸ ਲਈ ਇੱਥੋਂ ਜਾਹ ਨਹੀਂ ਸੀ ਸਕਦਾ। ਹੋ ਸਕਦਾ ਕਾਸਮੀ ਨੂੰ ਚੀਜ਼ ਨੇ ਮਾਰ ਦਿੱਤਾ ਸੀ, ਹੋ ਸਕਦਾ ਉਸ ਵਿੱਚ ਹੀ ਬਾਹਰ ਚਲੀ ਗਈ ਸੀ। ਸ਼ੈ ਬਿੱਲੀ ਵਿੱਚ ਵੀ ਸੀ 'ਤੇ ਤਫਨੇ ਵਿੱਚ ਵੀ। ਸੋ ਕੀ ਪਤਾ ਹੁਣ ਸਾਰਿਆਂ ਵਿੱਚ ਹੈ। ਜਾਂ ਉਨ੍ਹਾਂ ਨੂੰ ਮਾਰ ਕੇ ਉਨ੍ਹਾਂ ਦਾ ਸਰੂਪ ਲੈ ਚੁੱਕੀ ਸੀ? ਜੇ ਇਹ ਗੱਲ ਹੈ, ਫੇਰ ਹਾਲੇ ਜਗੀ ਵਿੱਚ ਨਹੀਂ ਸੀ। ਉਸ ਦਾ ਜ਼ਿਹਨ ਹਾਲੇ ਉਹਦਾ ਹੀ ਸੀ। ਖ਼ੈਰ ਉਸ ਨੇ ਇੰਵ ਹੀ ਜਾਪਿਆ।

ਹੁਣ ਅਲੀ ਵਾਲਾ ਇਮਤਿਹਾਨ ਲੈਣ ਲਈ ਤਿਆਰ ਹੋਣਾ ਪੈਣਾ ਸੀ। ਮਤਲਬ ਅਲੀ ਨੇ ਸਭ ਵਾਸਤੇ ਇਮਤਿਹਾਨ, ਯਾਨੀ ਟੈਸਟ, ਤਿਆਰ ਕੀਤਾ ਹੋਇਆ ਸੀ। ਫੇਰ ਵੇਖਦੇ। ਪਰ ਇੱਕ ਗੱਲ ਪਕੀ ਸੀ, ਇੱਥੋਂ ਹੁਣ ਕੋਈ ਵੀ ਬਾਹਰ ਜਾਹ ਨਹੀਂ ਸੀ ਸਕਦਾ। ਇਨਸਾਨ ਦੀ ਉਤਸੁਕਤਾ ਨੇ, ਖ਼ੈਰ ਸਾਇੰਸਦਾਨਾਂ ਦੀ ਜਿਗਿਆਸੇ ਨੇ ਉਨ੍ਹਾਂ ਨੂੰ, ਜੱਗ ਨੂੰ, ਖ਼ਤਰੇ ਵਿੱਚ ਪਾ ਦਿੱਤਾ ਸੀ। ਲਾਪਰਵਾਹ ਸਾਇੰਸਦਾਨ! ਨਹੀਂ! ਹੈਨਰੀ ਵਰਗਿਆਂ ਦੇ ਤਮ੍ਹਾ ਨੇ ਸਭ ਨੂੰ ਖ਼ਰਾਬ ਕਰ ਦਿੱਤਾ ਸੀ! ਹਰ ਸਾਇੰਸਦਾਨ ਗਿਆਨ ਭਾਲਦਾ, ਇਲਮ ਭਾਲਦਾ, ਪਰ ਉਸ ਬੋਧ ਦੇ ਖਮਿਆਜ਼ੇ ਬਾਰੇ ਨਹੀਂ ਸੋਚਦਾ। ਕੋਈ ਗੱਲਾਂ ਰੱਬ 'ਤੇ ਛੱਡ ਦੇਣੀਆਂ ਚਾਹੀਦੀਆਂ ਹਨ।

ਹੁਣ ਇਸ ਜਗ੍ਹਾ 'ਚ ਜਗੀ ਵੀ ਜਹੰਨਮੀ ਸੀ। ਸੁਖੀ ਲਾਸ਼ ਸੀ, ਪਰ ਜਗੀ ਜਿਊਂਦੀ ਲੋਥ ਸੀ। ਉਹ ਸ਼ੈ ਨੇ ਆਪਣਾ ਆਕਾਰ ਬਦਲ ਕੇ, ਹੁਲੀਆ ਬਦਲ ਕੇ ਇੱਥੋਂ ਨਿਕਲਣ ਦਾ ਰਾਹ ਲੱਭਣਾ। ਹੋ ਸਕਦਾ ਤਫ਼ਨੇ 'ਤੇ ਸੁੰਢ ਵਿੱਚ ਸੀ। ਹੋ ਸਕਦਾ ਬਾਕੀ ਹਿੱਸੇ ਕਾਸਮੀ ਨਾਲ ਤੁਰ ਪਏ। ਹੋ ਸਕਦਾ ਸਾਡੇ ਵਿੱਚ ਹਾਲੇ ਵੀ ਸ਼ਾਮਲ ਹੈ। ਸਾਡੀਆਂ ਸੋਚਾਂ ਵੀ ਪੜ੍ਹ ਸਕਦਾ ਹੈ। ਕੀ ਪਤਾ ਕਿਸ ਦਾ ਦਿਮਾਗ਼ ਮਲਿਆ ਹੋਵੇ? ਜੀ ਜਿਹੜੇ ਮਰਜ਼ੀ ਦੀ ਸ਼ੱਕਲ ਨੂੰ ਕਾਪੀ ਕਰ ਸਕਦਾ ਹੈ ਜਾਂ ਜਿਹੜੇ ਮਰਜ਼ੀ ਦਾ ਹਿੱਸਾ ਬਣ ਸਕਦਾ ਹੈ। ਕੌਣ ਹੈ, ਸਿੰਞਾਣਾ ਔਖਾ ਹੋਵੇਗਾ। ਗਹੁ ਨਾਲ ਦੂਜਿਆਂ ਵੱਲ ਜਗੀ ਹੁਣ ਤਾੜਦਾ ਸੀ। ਹੈਨਰੀ ਵੱਲ ਖ਼ਾਸ ਨਿਗ੍ਹਾ ਮਾਰੀ। ਲੱਖ ਲਾਹਨਤ ਉਸ ਨੂੰ!

*****

ਸੋਚ ਇਨਸਾਨ ਦਾ ਕੈਦਖ਼ਾਨਾ ਹੈ। ਬੰਦਾ ਕਿਆਸਕਾਰੀ ਜੀਵ ਹੈ। ਸਚਾਈ ਵਿੱਚ ਕੁਝ ਹੋਵੇ ਜਾਂ ਨਾ ਹੋਵੇ, ਕੋਈ ਤੁਹਾਨੂੰ ਕੁਝ ਕਰੇ ਜਾਂ ਨਾ ਕਰੇ, ਜਾਂ ਕਰਨਾ ਚਾਹਵੇ ਜਾਂ ਨਹੀਂ, ਸੋਚਣ ਵਾਲਾ ਸੋਚ ਸੋਚ ਕੇ ਬਹੁਤ ਕੁਝ ਕਲਪਿਤ ਕਰਦਾ, ਆਪ ਨੂੰ ਅਤੇ ਹੋਰਨਾ ਨੂੰ ਵੀ ਖ਼ਰਾਬ ਕਰ ਸਕਦਾ ਹੈ। ਕੀ ਹੋਰ ਲੋਕ ਸੋਚਦੇ ਹਨ? ਕੀ ਤੁਹਾਡੇ ਸਕੇ ਸੋਚਦੇ ਹਨ? ਕਿਸ ਦਾ ਕੀ ਇਰਾਦਾ ਹੈ? ਮੇਰੇ ਖਿਲਾਫ਼ ਫਲਾਣਾ ਢਿਮਕਾ ਕੀ ਕਰੇਗਾ ਜਾਂ ਕਰ ਸਕਦਾ, ਜਾਂ ਉਸ ਨੇ ਕੀ ਕੀਤ? ਮੈਨੂੰ ਹੋਰ ਸਾਰੇ ਕਿਹੜੀ ਨਜ਼ਰ ਨਾਲ ਵੇਖਦੇ ਹਨ? ਕੀ ਮੇਰੇ ਆਪਣੇ ਸਕੇ, ਭੈਣ-ਭਰਾ, ਮਾਂ-ਪੇ, ਮਾਮੇ ਚਾਚੇ ਹੀ ਮੇਰੇ ਦੁਸ਼ਮਨ ਹਨ? ਜੇ ਮੈਂ ਐ ਕਰਦਾ, ਕੀ ਹੋਵੇਗਾ? ਜੇ ਮੈਂ ਓਹ ਕਰਦਾ ਅੰਤ ਕੀ ਹੋਵੇਗਾ? ਜੇ ਉਹ ਸਾਰੇ ਇਹ, ਉਹ ਕਰਦੇ? ਹਾਨ ਮੈਨੂੰ ਹੋਵੇਗਾ? ਫਿਕਰਾਂ ਨਾਲ ਆਦਮੀ ਆਪ ਅਜ਼ਾਬ ਕਰਦਾ ਹੈ, ਭਾਵੇਂ ਸਚਾਈ ਵਿੱਚ ਜੋ ਸੋਚਦਾ ਹੈ, ਹੋ ਨਹੀਂ ਰਿਹਾ, ਜਾਂ ਹੋਵੇ ਨਾ। ਪਰ ਸੱਚ ਹੈ ਜਿਊਂਣ ਵਾਲੇ ਦੀ ਅੱਧੀ ਜ਼ਿੰਦਗੀ ਉਸ ਦੇ ਜ਼ਿਹਨ 'ਚ ਹੈ, ਉਸ ਨੂੰ ਜੇਲ੍ਹ ਵਿੱਚ ਰੱਖਦੀ। ਸੋਚਾਂ ਨੇ ਸਾਨੂੰ ਕੈਦ ਹੀ ਰਖਿਆ ਹੈ, ਟੈਂਸ਼ਨ ਵਿੱਚ ਮੜ੍ਹਿਆ ਹੈ। ਫਿਕਰਾਂ ਨੇ ਖ਼ਤਰੇ ਦਾ ਨਿਸ਼ਾਨ ਬਣਾਇਆ ਹੈ। ਅੱਜ ਕੱਲ੍ਹ ਕਈ ਲੋਕ ਇਸ ਨੂੰ ਸੰਤਾਪ ਦੀ ਸਿਹਤ ਜਾਂ ਬੇਸਿਹਤ ਸੱਦਦੇ ਹਨ; ਜਿਸ ਦਾ ਮਤਲਬ ਦਿਮਾਗ਼ ਦੀ ਸਿਹਤ ਚੰਗੀ ਨਹੀਂ ਹੈ। ਮੇਂਟਲ ਇਲਨਸ ਹੈ। ਆਪ ਨੂੰ ਕਾਇਲ ਕਰ ਲੈਂਦੇ ਨੇ ਕਿ ਕੁਝ ਹੈ, ਕੋਈ ਸਾਡੇ ਵਿਰੋਧ ਹੈ, ਜਦ ਅਸਲੀ ਦੁਨੀਆ ਚਲੀ ਜਾਂਦੀ ਹੈ 'ਤੇ ਜਿੰਨਾ ਚਿਰ ਕੁਝ ਹੁੰਦਾ ਨਹੀਂ ਹੈ, ਸੱਚ ਵਿੱਚ ਫਿਕਰ ਕਰਨ ਦੀ ਲੋੜ ਨਹੀਂ ਹੈ। ਪਰ ਬੰਦੇ ਦੇ ਫਿਕਰ ਉਸ ਨੂੰ ਚਿੰਤਾਵਾਨ ਕਰ ਕੇ ਹੀ ਮਾਰ ਦਿੰਦੇ ਨੇ। ਅਤੇ ਹੋਰਨਾ ਨਾਲ ਆਪਣੇ ਗਿਆਤ ਸਿਆਪਿਆਂ ਨੂੰ ਲੈ ਕੇ ਕਦਮ ਚੁੱਕ ਦੇ ਹਨ, ਭਾਵੇਂ ਸਾਡੀਆਂ ਕਰਨੀਆਂ ਗ਼ਲਤ ਹੋਣ। ਜੋ ਮਨ ਸਮਝਦਾ, ਸਾਨੂੰ ਸਹੀ ਲੱਗਦਾ, ਸੱਚ ਲੱਗਦਾ। ਸੋਚ ਬੰਦੇ ਦੀ ਇਸ ਲਈ ਕਮਜ਼ੋਰੀ ਵੀ ਹੈ। ਅਤੇ ਇਸ ਦਾ ਪੂਰਾ ਫ਼ਾਇਦਾ ਕਾਸਮੀ-ਚੀਜ਼ ਲੈਣਾ ਜਾਣ ਗਈ ਸੀ।

ਕਾਸਮੀ ਹੀ ਸੀ, ਪਰ ਨਹੀਂ ਵੀ ਸੀ। ਉਸ ਦੇ ਪਿੰਡੇ ਵਿੱਚ ਬਾਹਰ ਜੱਗ ਸ਼ੈ ਵੱਸੋ ਕਰ ਰਹੀ ਸੀ। ਉਂਵ ਹੁਣ ਤੱਕ ਕਾਸਮੀ ਦੇ ਸੈੱਲ, ਹਰ ਮਸਾਮ ਪਰਿਵਰਤਿਤ ਕਰ ਚੁੱਕੇ ਸਨ। ਕਾਸਮੀ ਦੀ ਸ਼ੱਕਲ ਤਾਂ ਹਾਲੇ ਮੌਜੂਦ ਸੀ, ਪਰ ਅਕਲ ਦੂਰ ਦੂਰ ਕੋਈ ਰੂਹ ਦੇ ਖੂਹ ਵਿੱਚ ਡਿੱਗ ਚੁੱਕੀ ਸੀ, ਜਿੱਥੋਂ ਉਸ ਨੂੰ ਖੂਹ ਦਾ ਮੂੰਹ ਦਿੱਸਦਾ ਸੀ ਅਤੇ ਉਸ ਮੂੰਹ ਵਿੱਚੋਂ ਦੂਰ ਹੁੰਦਾ ਜੱਗ ਦਿੱਸ ਰਿਹਾ ਸੀ। ਉਸ ਦੀਆਂ ਖੇਹ ਰੰਗ ਅੱਖਾਂ ਨੂੰ ਹਰ ਪਲ ਜੋ ਉਹ ਝਰੋਖ ਰਾਹੀਂ ਦਿੱਸਦਾ ਸੀ, ਛੋਟਾ ਹੁੰਦਾ ਮਹਿਸੂਸ ਹੋ ਰਿਹਾ ਸੀ, ਜਿਵੇਂ ਡਿੱਗਦਾ ਡਿੱਗਦਾ ਖੂਹ ਦੇ ਮੂੰਹ ਤੋਂ ਦੂਰ ਹੋ ਰਿਹਾ ਸੀ। ਦੁਨੀਆ ਛੋਟੀ ਹੋ ਰਹੀ ਸੀ, ਝਰੋਖਾ ਵੀ। ਉਸ ਦੀ ਬੇਵਾਕ ਅਕਲ ਕੁਝ ਕਹਿ ਨਹੀਂ ਸਕਦੀ ਸੀ।

ਸੋ ਹੁਣ ਤਕਰੀਬਨ ਕਾਸਮੀ ਕਾਸਮੀ ਨਹੀਂ ਸੀ, ਪਰ ਹੁਣ ਪੁਲਾੜ ਦਾ ਜੀ ਹੀ ਸੀ। ਇੱਕ ਜੀ ਜਿਸ ਦੇ ਹਿੱਸੇ ਵੱਖ ਵੱਖ ਹੋ ਕੇ ਆਪ ਨੂੰ ਤਿੰਨ ਚਾਰ ਮੇਜ਼ਬਾਨਾਂ ਵਿੱਚ ਖਿੰਡ ਸਕਦਾ ਸੀ। ਜਿਹੜਾ ਹਿੱਸਾ ਉਸ ਨੂੰ ਬਾਹਰ ਲੈ ਕੇ ਗਿਆ ਉਸ ਨਾਲ ਹੋਰ ਬੂਟੇ, ਬੰਦੇ 'ਤੇ ਬਣਮਾਣਸਾਂ ਵਿੱਚ ਫੈਲ ਕੇ ਸੰਚਾਰ ਹੋ ਸਕਦਾ ਹੈ। ਇਸ ਵਾਸਤੇ ਕਾਫ਼ੀ ਤਾਕਤ 'ਤੇ ਸ਼ਕਤੀ ਚਾਹੀਦੀ ਹੈ। ਇਸ ਨੂੰ ਸਾਹ

ਸਤ ਦੇਣ ਕਦੀ ਕਦੀ ਸ਼ਿਕਾਰ ਕਰਨਾ ਪੈਂਦਾ ਹੈ, ਜਿੰਞ ਖ਼ਾਲਿਦ ਦਾ ਕੀਤਾ ਸੀ। ਪਰ ਹੁਣ ਉਸ ਨੂੰ ਪਤਾ ਲੱਗ ਚੁੱਕਾ ਸੀ ਉਸ ਦੇ ਦੂਜਿਆਂ ਹਿੱਸਿਆਂ ਤੋਂ ਕਿ ਇਨਸਾਨਾਂ ਨੂੰ ਸ਼ੱਕ ਪੈ ਗਿਆ ਸੀ। ਕਿ ਜਿਹੜਾ ਹਿੱਸਾ ਤਫਨੇ ਵਿੱਚ ਪਾਇਆ ਸੀ, ਮਾਰ ਦਿੱਤਾ, ਜਿਹੜਾ ਬਿੱਲੀ ’ਚ ਪਾਇਆ ਸੀ ਸਾੜ ਦਿੱਤਾ। ਉਹ ਚਾਹੁੰਦਾ ਸੀ ਕਿ ਤਫਨੇ ਦੇ ਰਾਹੀਂ ਉੱਪਰ ਜਾਣ ਲਈ ਉਨ੍ਹਾਂ ’ਚ ਫੁੱਲ ਚੜ੍ਹਾ ਸਕਦਾ ਸੀ, ਪਰ ਉਹ ਜੱਗੀ ਨੂੰ ਕਾਇਲ ਨਹੀਂ ਕਰ ਸੱਕਿਆ। ਉਹ ਆਪਣੀ ਜ਼ਿੱਦ ’ਤੇ ਅੜਿਆ ਰਿਹਾ। ਹੁਣ ਕਾਸਮੀ ਉਡੀਕ ਰਿਹਾ ਸੀ ਕਿ ਕਦ ਬੰਦੇ ਸਿਆਣ ਕਰਾਂਗੇ ਕਿ ਮੈਂ ਹੀ ਜੀ ਹਾਂ। ਕਿ ਜੀ ਸਿਰਫ਼ ਮੇਰੇ ਵਿੱਚ ਹੀ ਰਿਹਾ ਅਤੇ ਬਾਹਰਲੀ ਦੁਨੀਆ ਵਿੱਚ ਜਾਣਾ ਚਾਹੁੰਦਾ ਸੀ। ਕਦ ਓਸ ਜਗੀ ਦਾ ਨੱਕ ਮੇਰੇ ਮਗਰ ਆਵੇਗਾ? ਜੇ ਮੈਨੂੰ ਲੱਭ ਲਿਆ ਫੇਰ?

ਉਂਞ ਆਖਰੀ ਹਿੱਸਾ ਤਾਂ ਕਾਸਮੀ ਵਿੱਚ ਸੀ। ਸਿਰਫ਼ ਕਾਸਮੀ ਵਿੱਚ ਸੀ ਕਹਿਣਾ ਸੱਚ ਨਹੀਂ ਸੀ। ਇੱਕ ਹੋਰ ਜਣੇ ’ਚ ਤਾਂ ਥੌੜ੍ਹਾ ਜਿਹਾ ਟੁਕੜਾ ਛੱਡ ਦਿੱਤਾ ਸੀ। ਗਰਮਾ ਦਿੱਤਾ ਸੀ।

ਇਸ ਵੇਲ਼ੇ ਕਾਸਮੀ-ਸ਼ੈ ਛਾਂ ਵਿੱਚ ਲੁਕਿਆ ਹੋਇਆ ਸੀ। ਉਸ ਨੇ ਲਿਫ਼ਟ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਕਾਮਯਾਬ ਨਹੀਂ ਹੋਇਆ। ਹੁਣ ਇੱਕ ਵਾਰ ਫੇਰ ਪੌੜ੍ਹੀਆਂ ਉੱਪਰ ਦਰ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰੇਗਾ। ਜੇ ਨਹੀਂ ਕਾਮਯਾਬ ਹੋਇਆ, ਫੇਰ ਇਨ੍ਹਾਂ ਨੂੰ ਖਾਵੇਗਾ!

*****

ਦੋ ਘੰਟੇ ਪਹਿਲਾਂ, ਖਾਣ ਵਾਲ਼ੇ ਕਮਰੇ ਵਿੱਚ ਜਾਣ ਤੋਂ ਪਹਿਲਾਂ ਅਲੀ ਨੇ ਸਭ ਨੂੰ ਕਿਹਾ ਕਿ ਜਦ ਸਕੂਲ ਪੜ੍ਹਿਆ, ਉਸ ਨੂੰ ਕੈਮਿਸਟਰੀ ਵਿੱਚ ਏ ਮਿਲਿਆ ਸੀ। ਸ਼ੌਂਕ ਸੀ। ਉਨ੍ਹਾਂ ਨੂੰ ਸਮਝ ਲੱਗ ਗਈ ਸੀ ਕਿ ਕਿਸੇ ਰਾਹੀਂ ਉਹ ਜੀ ਅਲੱਗ ਅਲੱਗ ਹੋ ਕੇ ਸੁੰਢ ’ਤੇ ਤਫਨੇ ਵਿੱਚ ਵੜ ਚੁੱਕਾ ਸੀ। ਖ਼ੈਰ ਸਾਰਿਆਂ ਵਿੱਚ ਹੁਣ ਹੋ ਸਕਦਾ ਸੀ ’ਤੇ ਜੇ ਵਿੱਚ ਸੀ ਜਾਂ ਨਹੀਂ ਇਸ ਤਜਰਬੇ ਨਾਲ਼ ਪਤਾ ਲੱਗ ਜਾਣਾ ਸੀ। ਅਲੀ ਨੇ ਸਾਫ਼ ਕਿਹਾ ਕਿ ਸੁਖੀ ਮਰ ਚੁੱਕੀ ਸੀ ਅਤੇ ਉਸ ਨੂੰ ਲੱਗਦਾ ਸੀ ਕਿ ਸੁਖੀ ਵਿੱਚ ਜੀ ਨਹੀਂ ਸੀ। ਅਲੀ ਨੇ ਸੁਖੀ ਦਾ ਲਹੂ ਇੱਕ ਪੀਟਰੀ ਪਿਆਲੀ ਵਿੱਚ ਪਾ ਦਿੱਤਾ ਸੀ। ਇਸ ਨਾਲ਼ ਅਲੀ ਨੇ ਸਭ ਦਾ ਇਮਤਿਹਾਨ ਲੈਣਾ ਸੀ ਜੇ ਉਨ੍ਹਾਂ ਵਿੱਚ ਜੀ ਹੈ ਜਾਂ ਨਹੀਂ। ਅਲੀ ਦੀ ਤਸ਼ਰੀਹ ਸੁਣਨ ਤੋਂ ਬਾਅਦ ਸਾਰੇ ਜਣੇ ਇਸ ਨੂੰ ਅਲੀ ਦਾ ਇਮਤਿਹਾਨ ਸੱਦਣ ਲੱਗ ਪਏ। ਸਭ ਨੂੰ ਇਹ ਇਮਤਿਹਾਨ ਪਾਸ ਕਰਨਾ ਪੈਣਾ ਹੈ।

ਕਿਸ ਤਰ੍ਹਾਂ ਦਾ ਇਮਤਿਹਾਨ, ਜਗੀ ਨੇ ਸਵਾਲ ਕੀਤਾ। ਖ਼ੂਨ ਦਾ ਪਾਣੀ ਵਾਲ਼ਾ ਟੈਸਟ, ਮਤਲਬ ਸੀਰਮ ਟੈਸਟ। ਸੌਖਾ ਟੈਸਟ ਹੈ, ਆਮ ਤੌਰ ’ਤੇ ਡਾਕਟਰ ਇਸ ਨਾਲ਼ ਲੋਕਾਂ ਦਾ ਲਹੂ ਟਾਇਪ ਚੈੱਕ ਕਰਦੇ ਨੇ। ਇਨਸਾਨ ਦੇ ਲਹੂ ’ਚ ਲੋਹਾ ਹੁੰਦਾ। ਇਹ ਇਮਤਿਹਾਨ ਖ਼ਾਸ ਤਰ੍ਹਾਂ ਦਾ ਪ੍ਰੋਟੀਨ ਜਾਂ ਇਲੈਕਟ੍ਰੋਲਾਇਟ ਭਾਲ਼ਦਾ ਹੈ। ਸੁਖੀ ਦਾ ਲਹੂ ਨਿਰਮਲ ਸੀ; ਹੋ ਨਹੀਂ ਸਕਦਾ ਕਿ ਉਸ ਨੂੰ ਸ਼ੈ ਨੇ ਇਖਤਿਆਰ ਰੱਖਿਆ ਹੋਇਆ ਸੀ।

ਅਲੀ ਉਸ ਵੇਲ਼ੇ ਬੋਲਿਆ, ਸਾਨੂੰ ਹੁਣ ਪਤਾ ਜੀ ਸਾਨੂੰ ਕੋਈ ਰਾਹ ਨਾਲ਼ ਛੂਤ ਲਾਉਂਦਾ ਹੈ, ਕਿ ਦੋ ਜਾਂ ਵੱਧ ਜਣਿਆਂ ਵਿੱਚ ਫੈਲ ਸਕਦਾ ਹੈ ਜਿੰਞ ਤਫਨੇ ’ਤੇ ਸੁੰਢ ’ਚ ਹੋਇਆ, ਜਿਸ ਦਾ ਮਤਲਬ ਹੈ ਵੱਖ ਵੱਖ ਸਰੀਰਾਂ ’ਚ ਜਿਊ ਸਕਦਾ ਹੈ, ਸੋ ਉਸ ਦਾ ਜੀਵਾਣੂ ਸਾਡੇ ਤੋਂ ਅਲੱਗ ਹੋਵੇਗਾ ਅਤੇ ਉਹ ਖ਼ੁਦ ਆਪ ਤੋਂ ਅਲੱਗ ਵਖਰੇ ਜੀਅ ਬਣਾ ਰਿਹਾ ਹੈ। ਉਸ ਦਾ ਪ੍ਰਤਿਕਰਮ ਵੀ ਅਲੱਗ ਹੋਵੇਗਾ।

ਤੇ ਇਸ ਨੂੰ ਕਿਵੇਂ ਟੈਸਟ ਕਰਨਾ, ਔਲਡ ਬਓਏ?

ਮੈਂ ਖ਼ੂਨ ਨੂੰ ਲੋਹੇ ਦੀ ਤਾਰ ਨਾਲ਼ ਗਰਮ ਕਰ ਕੇ ਅਨੁਕਿਰਿਆ ਜੋਖੇਗਾ। ਜੇ ਲਹੂ ਵਿੱਚ ਕੁਝ ਵੀ ਹਿੱਲਿਆ, ਸਾਨੂੰ ਪਤਾ ਹੋਵੇਗਾ ਉਸ ਵਿੱਚ ਸ਼ੈ ਵੜ ਚੁੱਕੀ ਹੈ। ਦੋ ਘੰਟੇ ਦਿਓ ਟੈਸਟ ਤਿਆਰ ਕਰਨ ਵਾਸਤੇ।

ਉਸ ਤੋਂ ਬਾਅਦ ਸਾਰੇ ਜਣੇ ਵੱਖ ਟੋਲਿਆਂ ’ਚ ਖਾਣ ਵਾਲ਼ੇ ਕਮਰੇ ’ਚ ਬਹਿ ਗਏ, ਇੱਕ ਦੂਜੇ ਵੱਲ ਗਹੁ ਨਾਲ਼ ਤਾੜਦੇ, ਕੌਣ ਸ਼ੈ ਹੋਵੇਗੀ?

ਚੱਲਦਾ...

ਰੁਪਿੰਦਰਪਾਲ ਸਿੰਘ ਢਿੱਲੋਂ (ਰੂਪ ਢਿੱਲੋਂ) ਕਹਾਣੀ, ਨਾਵਲ ਅਤੇ ਕਵਿਤਾ ਲਿਖਦਾ, ਇੱਕ ਬਰਤਾਨਵੀ ਸਮਕਾਲੀ ਪੰਜਾਬੀ ਲੇਖਕ ਹੈ। ਰੂਪ ਢਿੱਲੋਂ ਇੰਗਲੈਂਡ ਦਾ ਜੰਮਪਲ ਅਤੇ ਅੰਗਰੇਜ਼ੀ ਸਾਹਿਤ ਦਾ ਚੰਗਾ ਜਾਣੂ ਹੈ। ਉਸਨੇ ਔਕਸਫੋਰਡ ਯੂਨੀਵਰਸਿਟੀ ਤੋਂ ਉਚੇਰੀ ਪੜ੍ਹਾਈ ਹਾਸਲ ਕੀਤੀ ਹੈ। ਹੁਣ ਤੱਕ ਉਸਦੇ ਪ੍ਰਕਾਸ਼ਿਤ ਹੋ ਚੁੱਕੇ ਨਾਵਲ ਤੇ ਕਹਾਣੀਆਂ ਹਨ - ਨੀਲਾ ਨੂਰ (2007), ਬੇਘਰ ਚੀਤਾ (2009), ਕਲਦਾਰ (2010), "ਬਾਰਸੀਲੋਨਾ: ਘਰ ਵਾਪਸੀ" (2010), ਭਰਿੰਡ (2011),ਓ, (2015), ਗੁੰਡਾ (2014), ਸਮੁਰਾਈ (2016), ਚਿੱਟਾ ਤੇ ਕਾਲ਼ਾ (2022), ਹੌਲ (2023)।

ਡਾ: ਮਾਹੀਪਾਲ ਤੇ ਡਾ: ਸਵਰੀਨਾ ਆਪਣੇ ਪ੍ਰਜੈਕਟ ਵਿੱਚ ਪੂਰੀ ਤਰ੍ਹਾਂ ਖੁੱਭ ਚੁੱਕੇ ਸਨ। ਉਨ੍ਹਾਂ ਤਜਰਬਿਆਂ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਡਾ: ਸਵਰੀਨਾ ਨੇ ਅਪੋਲੋ ਹਸਪਤਾਲ ਦੇ ਨਿਓਰੋਸਰਜਰੀ ਵਿਭਾਗ ਵਿੱਚ ਅਚੇਤ ਪਏ ਤਰੁਣ ਘੋਸ਼ ਅਤੇ ਕਨਿਕਾ ਨਾਇਡੋ ਦੇ ਜਿਸਮਾਂ ਦੇ ਸਕਿੱਨ ਬਾਇਓਪਸੀ ਰਾਹੀਂ ਸੋਮੈਟਿਕ ਸੈੱਲ ਮੁਹੱਈਆਂ ਕਰਵਾ ਦਿੱਤੇ ਸਨ। ਡਾ: ਮਾਹੀਪਾਲ ਮਾਦਾ ਆਂਡਾ ਸੈੱਲਾਂ ਵਿੱਚੋਂ ਨਿਊਕਲੀਅਸ ਨੂੰ ਬਾਹਰ ਕੱਢ ਇਨ੍ਹਾਂ ਸੋਮੈਟਿਕ ਸੈੱਲਾਂ ਨੂੰ ਟ੍ਰਾਂਸਫਰ ਕਰਨ ਦਾ ਕੰਮ ਡਾਹਢੀ ਲਗਨ ਨਾਲ ਕਰ ਰਿਹਾ ਸੀ। ਪ੍ਰੰਤੂ ਅਜੇ ਤੱਕ ਸਫ਼ਲਤਾ ਹੱਥ ਨਹੀਂ ਲਗੀ ਸੀ।

ਇੱਕ ਦਿਨ ਪ੍ਰਯੋਗਸ਼ਾਲਾ ਵਿੱਚ ਡਾ: ਮਾਹੀਪਾਲ ਆਪਣੇ ਕੰਮ ਵਿੱਚ ਰੁੱਝਾ ਹੋਇਆ ਸੀ। ਉਹ ਬੜੀ ਸ਼ਕਤੀਸ਼ਾਲੀ ਇਲੈਕਟ੍ਰਾਨਿਕ ਮਾਈਕ੍ਰੋਸਕੋਪ, ਜਿਹੜੀ ਕਿਸੇ ਚੀਜ਼ ਨੂੰ ਲੱਖ ਗੁਣਾਂ ਵੱਡਾ ਕਰਕੇ ਵਖਾਉਣ ਦੀ ਸਮਰੱਥਾ ਰਖਦੀ ਸੀ, ਰਾਹੀਂ ਕਿਸੇ ਬਹੁਤ ਹੀ ਮਹੀਨ ਚੀਜ਼ ਦਾ ਅਧਿਐਨ ਕਰ ਰਿਹਾ ਸੀ। ਦੂਜੇ ਮੇਜ਼ ਤੇ ਡਾ: ਸਵਰੀਨਾ ਵੀ ਮਸ਼ੀਨ ਤੇ ਕੁੱਝ ਨਿਰੀਖਣ ਕਰ ਰਹੀ ਸੀ।

"ਡਾ: ਸਵਰੀਨਾ, ਜ਼ਰਾ ਏਧਰ ਆ ਕੇ ਵੇਖਣਾ," ਡਾ: ਮਾਹੀਪਾਲ ਨੇ ਮਾਈਕ੍ਰੋਸਕੋਪ ਤੋਂ ਅੱਖਾਂ ਪਰ੍ਹੇ ਕਰ ਅਵਾਜ਼ ਮਾਰੀ। ਡਾ: ਸਵਰੀਨਾ ਨੇ ਮਾਈਕ੍ਰੋਸਕੋਪ ਤੇ ਅੱਖਾਂ ਰੱਖ ਸਲਾਈਡ ਨੂੰ ਵੇਖਿਆ, "ਮੈਨੂੰ ਤਾਂ ਕੁੱਝ ਸਪੱਸ਼ਟ ਵਿਖਾਈ ਨਹੀਂ ਦੇਂਦਾ। ਤੁਸੀਂ ਕੀ ਦੱਸਣਾ ਚਾਹੁੰਦੇ ਹੋ?"

"ਡਾ" ਸਵਰੀਨਾ, ਮੈਂ ਕਾਫ਼ੀ ਸਮੇਂ ਤੋਂ ਐੱਗ-ਸੈੱਲ ਖਾਲੀ ਕਰਨ ਦਾ ਯਤਨ ਕਰ ਰਿਹਾ ਹਾਂ ਪਰ ਜਿਨਾ ਇਹ ਥੋਰੈਟੀਕਲੀ ਪੜ੍ਹਨ ਨੂੰ ਸੌਖਾ ਲਗਦਾ ਅਸਲ ਵਿੱਚ ਇਹ ਕੰਮ ਉਨਾ ਸਹਿਲ ਨਹੀਂ," ਡਾ: ਮਾਹੀਪਾਲ ਦੀ ਅਵਾਜ਼ ਵਿਚੋਂ ਥਕਾਵਟ ਝਲਕਦੀ ਸੀ। "ਪਰ ਹੁਣ ਲਗਦਾ ਸ਼ਾਇਦ ਮੈਂ ਕਿਸੇ ਹੱਦ ਤੱਕ ਸਫ਼ਲ ਹੋਣ ਵੱਲ ਵੱਧ ਰਿਹਾਂ," ਉਸ ਆਸਵੰਦ ਹੁੰਦੇ ਕਿਹਾ, "ਬੱਸ ਇੱਕ ਵਾਰੀ ਇਸ ਕੰਮ ਵਿੱਚ ਕਾਮਯਾਬੀ ਮਿਲ ਜਾਵੇ ਫਿਰ ਪੱਕਾ ਗੱਡੀ ਰਿੜ੍ਹ ਪਊ।"

"ਤੁਹਾਡੀ ਲਗਨ ਤੇ ਮਿਹਨਤ ਵੇਖ ਕੇ ਮੈਨੂੰ ਰਸ਼ਕ ਆਉਂਦਾ ਤੁਹਾਡੇ ਤੇ ਡਾ: ਮਾਹੀਪਾਲ, ਤੁਸੀਂ ਤਾਂ ਇਸ ਖੋਜ ਕਾਰਨ ਖਾਣਾ ਪੀਣਾ ਵੀ ਭੁੱਲ ਗਏ ਲਗਦੇ ਓ," ਡਾ: ਸਵਰੀਨਾ ਦੇ ਬੋਲ ਸਨ, "ਮੈਂ ਚਾਹ ਦਾ ਕੱਪ ਬਣਾਉਂਦੀ ਆਂ ਤੁਹਾਡੇ ਲਈ।" ਤੇ ਉਹ ਝੱਟਪਟ ਇਲੈਕਟ੍ਰਿਕ ਕੈਟਲ ਵਿੱਚ ਪਾਣੀ ਉਬਾਲ ਚਾਹ ਦੇ ਦੋ ਕੱਪ ਬਣਾ ਲਿਆਈ ਅਤੇ ਨਾਲ ਥੋੜ੍ਹਾ ਜਿਹਾ ਨਮਕੀਨ ਤੇ ਬਿਸਕੁਟ ਵੀ ਸੀ। ਚਾਹ ਪੀਂਦਿਆਂ ਉਹ ਆਪਣੇ ਪ੍ਰਾਜੈਕਟ ਬਾਰੇ ਹੀ ਗੱਲਾਂ ਕਰਦੇ ਰਹੇ। ਕਈ ਨੁਕਤਿਆਂ ਤੇ ਦੋਵਾਂ ਦੀ ਗੱਲਬਾਤ ਕਦੇ ਬੜੀ ਸੰਜੀਦਾ ਹੋ ਜਾਂਦੀ, ਕਦੇ ਉਨ੍ਹਾਂ ਦੇ ਚਿਹਰੇ ਹੁਲਾਸ ਜਾਂਦੇ ਜਿਵੇਂ ਕਿਸੇ ਪਾਜ਼ੇਟਿਵ ਨਤੀਜੇ ਤੇ ਪਹੁੰਚ ਗਏ ਹੋਣ। ਇਸ ਤਰ੍ਹਾਂ ਦੀ ਵਿਚਾਰ ਚਰਚਾ ਅਕਸਰ ਹੀ ਉਨ੍ਹਾਂ ਵਿੱਚ ਹੁੰਦੀ ਰਹਿੰਦੀ ਜਦੋਂ ਕਦੇ ਵੀ ਉਨ੍ਹਾਂ ਕਿਸੇ ਅਹਿਮ ਨੁਕਤੇ ਤੇ ਗੱਲ ਕਰਨੀ ਹੁੰਦੀ ਸੀ।

"ਡਾ: ਮਾਹੀਪਾਲ, ਆਪਾਂ ਕਾਫ਼ੀ ਸਮੇਂ ਤੇ ਐਂਗ ਸੈੱਲ ਵਿੱਚ ਸੋਮੈਟਿਕ ਸੈੱਲ ਟ੍ਰਾਂਸਫਰ ਕਰ ਗਰੋ ਕਰਨ ਦਾ ਯਤਨ ਕਰ ਰਹੇ ਹਾਂ ਪਰ ਅਜੇ ਕੋਈ ਸਪਸ਼ੱਟ ਪ੍ਰਾਗ੍ਰੈੱਸ ਨਜ਼ਰ ਨਹੀਂ ਆਉਂਦੀ।" ਉਪਰਲੀ ਘਟਨਾ ਤੋਂ ਲੰਮੇ ਸਮੇਂ ਬਾਦ ਇੱਕ ਦਿਨ ਡਾ: ਸਵਰੀਨਾ ਡਾ: ਮਾਹੀਪਾਲ ਨਾਲ ਗੱਲ ਕਰ ਰਹੀ ਸੀ।

"ਹਾਂਅ ਡਾ: ਸਵਰੀਨਾ! ਯਤਨ ਤਾਂ ਕਰ ਰਹੇ ਹਾਂ, ਤੇ ਮੈਨੂੰ ਯਕੀਨ ਹੈ ਕਿ ਕਾਮਯਾਬ ਵੀ ਜ਼ਰੂਰ ਹੋਵਾਂਗੇ। ਤੁਹਾਨੂੰ ਪਤਾ ਹੀ ਹੋਣਾ ਕਿ ਭੇਡ ਦਾ 'ਡੌਲੀ' ਨਾਂ ਦਾ ਕਲੋਨ ਬਣਾਉਣ ਵੇਲੇ 237 ਆਂਡਾ ਸੈੱਲ ਵਿੱਚ ਸੋਮੈਟਿਕ ਸੈੱਲ ਟ੍ਰਾਂਸਫਰ ਕੀਤੇ ਸਨ ਅਤੇ ਕੇਵਲ 29 ਐਂਬਰੀਓਜ਼ ਗਰੋ ਕੀਤੇ ਸਨ, ਜਿਹਦੇ ਵਿਚੋਂ ਤਿੰਨ ਬੱਚੇ ਪੈਦਾ ਹੋਏ ਅਤੇ ਸਿਰੇ ਕੇਵਲ 'ਡੌਲੀ' ਨਾਂ ਦਾ ਕਲੋਨ ਹੀ ਚੜ੍ਹਿਆ ਸੀ। ਸੋ ਇਹ ਕੰਮ ਮੈਨੂੰ ਤਾਂ ਤੀਰ ਤੁੱਕੇ ਵਾਲਾ ਹੀ ਲਗਦਾ ਹੈ। ਕੁਦਰਤੀ ਢੰਗ ਨਾਲ ਜਣਨ ਕਿਿਰਆ ਵਿੱਚ ਵੀ ਇੰਝ ਹੀ ਹੁੰਦਾ, ਲੱਖਾਂ ਵਿਚੋਂ ਸਿਰਫ਼ ਇੱਕ ਸਪ੍ਰਮ ਦਾ ਹੀ ਆਂਡਾ-ਸੈੱਲ ਨਾਲ ਮੇਲ ਹੁੰਦਾ ਜਿਹੜਾ ਵਿਕਸਤ ਹੋ ਕੇ ਭਰੂਣ ਬਣਦਾ ਤੇ ਫਿਰ ਜੀਵ-ਰੂਪ ਵੱਧਦਾ ਫੁੱਲਦਾ ਹੈ," ਡਾ: ਮਾਹੀਪਾਲ ਨੇ ਸਹਿਜ ਭਾਅ ਅਸਲੀਅਤ ਦਾ ਵਰਨਣ ਕੀਤਾ।

"ਇਹ ਤਾਂ ਤੁਹਾਡੀ ਗੱਲ ਠੀਕ ਹੈ। ਇਟ ਇਜ਼ ਏ ਚਾਨਸ ਗੇਮ।" ਡਾ: ਸਵਰੀਨਾ ਨੇ ਵੀ ਹਾਮੀ ਭਰੀ, "ਵੇਖੋ, ਕਦੋਂ ਕੋਈ ਹਾਂ-ਪੱਖੀ ਰਿਸਪੌਂਸ ਮਿਲਦਾ ਹੈ?"

"ਡਾ: ਸਵਰੀਨਾ, ਨਾ-ਉਮੀਦ ਹੋ ਗਏ ਲਗਦੇ ਓ ਜਾਂ ਥੱਕ ਗਏ ਲਗਦੇ ਓ," ਡਾ: ਮਾਹੀਪਾਲ ਨੇ ਪੁੱਛਿਆ।

"ਨਹੀਂ ਐਸੀ ਗੱਲ ਤਾਂ ਨਹੀਂ। ਨਾਲੇ ਤੁਹਾਡੇ ਹੁੰਦਿਆਂ ਨਾ-ਉਮੀਦੀ ਤਾਂ ਹੋ ਹੀ ਨਹੀਂ ਸਕਦੀ। ਹਾਂ ਥੋੜ੍ਹਾ ਬੋਰ ਹੋ ਗਈ ਹਾਂ ਰੋਜ਼ ਇਕੋ ਕੰਮ ਕਰਦਿਆਂ ਕਰਦਿਆਂ।" ਉਹਦੇ ਅੰਦਰਲੀ ਉਕਤਾਹਟ ਬਾਹਰ ਆ ਗਈ।

"ਚਲੋ, ਠੀਕ ਏ! ਤੁਸੀਂ ਵੀ ਕੀ ਯਾਦ ਕਰੋਗੇ, ਫਿਰ ਕੱਲ੍ਹ ਦੀ ਛੁੱਟੀ।" ਡਾ: ਮਾਹੀਪਾਲ ਨੇ ਕਿਹਾ।

"ਅੱਛਾ, ਇੰਝ ਕਰਦੇ ਆਂ ਆਪਾਂ ਕਿਤੇ ਘੁੰਮਣ ਚਲਾਂਗੇ," ਡਾ: ਸਵਰੀਨਾ ਨੇ ਬੜੇ ਚਾਅ ਨਾਲ ਆਖਿਆ।

"ਕਿੱਥੇ ਜਾਣ ਦਾ ਇਰਾਦਾ ਬਣਾਇਆ ਫਿਰ?"

"ਬਣਾਇਆ ਤਾਂ ਨਹੀਂ ਪਰ ਬਣਾ ਲੈਂਦੇ ਆਂ। ਆਪਾਂ ਅਹਿਮਦਾਬਾਦ ਤਾਂ ਕਾਫ਼ੀ ਦੇਰ ਦੇ ਆਏ ਆਂ ਪਰ ਸੁੰਦਰਵਣ ਵੇਖਣ ਨਹੀਂ ਗਏ। ਚਲੋ, ਕੱਲ੍ਹ ਨੂੰ ਸੁੰਦਰਵਣ ਘੁੰਮਣ ਚਲਦੇ ਆਂ,' ਉਸ ਸਲਾਹ ਦਿੱਤੀ।

ਅਗਲੇ ਦਿਨ ਬਾਦ ਦੁਪਹਿਰ ਉਹ ਸੁੰਦਰਵਣ ਨੂੰ ਤੁਰ ਪਏ ਜਿਹੜਾ ਕਿ ਸ਼ਹਿਰ ਦੇ ਵਿਚਕਾਰ ਛੋਟੇ ਜਿਹੇ ਚਿੜੀਆ ਘਰ ਦੇ ਰੂਪ ਵਿੱਚ ਕੁਦਰਤ ਦੀ ਗੋਦ ਦਾ ਦਾ ਅਜਬ ਨਜ਼ਾਰਾ ਪੇਸ਼ ਕਰਦਾ ਹੈ। ਉਨ੍ਹਾਂ ਨੂੰ ਉੱਥੇ ਪਹੁੰਚਣ ਲਈ ਦੋ ਕੁ ਘੰਟੇ ਲਗ ਗਏ। ਮੇਨ ਸੈਟਲਾਈਟ ਰੋਡ ਤੋਂ ਤਾਂ ਪਤਾ ਹੀ ਨਹੀਂ ਲਗਦਾ ਕਿ ਇੱਥੇ ਨੇੜੇ ਹੀ ਐਨੀ ਰਮਣੀਕ ਜਗ੍ਹਾ ਵੀ ਹੈ। ਖ਼ੂਬਸੂਰਤ ਜੰਗਲ ਵਰਗਾ ਕੁਦਰਤੀ ਨਜ਼ਾਰਾ, ਭਾਂਤ ਭਾਂਤ ਦੇ ਪੰਛੀ। ਇੱਕ ਤਲਾਬ ਵਿੱਚ ਬਤਖਾਂ ਤੈਰ ਰਹੀਆਂ ਸਨ ਜਿਹਦੇ ਚੁਫ਼ੇਰੇ ਲੋਕਾਂ ਦੀ ਭੀੜ ਸੀ। ਬੇਸ਼ਕ ਲਿਿਖਆ ਹੋਇਆ ਸੀ ਕਿ ਤਲਾਬ ਵਿੱਚ ਕੋਈ ਵੀ ਖਾਣ ਵਾਲੀ ਚੀਜ਼ ਨਹੀਂ ਸੁੱਟਣੀ ਪਰ ਲੋਕੀਂ ਖਾਸ ਤੌਰ ਤੇ ਬੱਚੇ ਉਨ੍ਹਾਂ ਦਾ ਧਿਆਨ ਆਪਣੀ ਵੱਲ ਖਿੱਚਣ ਲਈ ਕੁੱਝ ਨਾ ਕੁੱਝ ਪਾਣੀ ਵਿੱਚ ਸੁੱਟ ਰਹੇ ਸਨ। ਦੂਰ ਰੁੱਖਾਂ ਦੇ ਝੁੰਡ ਵਿੱਚ ਮੋਰ ਕਿਆਊਂ ਕਿਆਊਂ ਕਰ ਰਹੇ ਸਨ। ਇੱਕ ਮੋਰ ਪੈਲ ਪਾਉਂਦਾ ਵਿਖਾਈ ਦਿੱਤਾ।

"ਡਾ: ਮਾਹੀਪਾਲ, ਔਹ ਵੇਖੋ ਅਜੀਬ ਦ੍ਰਿਸ਼!" ਡਾ: ਸਵਰੀਨਾ ਨੇ ਪੈਲ ਪਾਉਂਦੇ ਮੋਰ ਵੱਲ ਵੇਖ ਕਿਹਾ ਤਾਂ ਉਹ ਦੋਵੇਂ ਉੱਧਰ ਨੂੰ ਤੁਰ ਪਏ।

"ਹਾਓ ਬਿਊਟੀਫੁੱਲ! ਮੈਂ ਤਾਂ ਪਹਿਲੀ ਵਾਰ ਵੇਖਿਆ ਇਹ ਨਜ਼ਾਰਾ। ਰੱਬ ਨੇ ਕਿੰਨੀ ਖ਼ੂਬਸੂਰਤੀ ਬਖਸ਼ੀ ਇਸ ਨੂੰ! ਕੁਦਰਤ ਦੇ ਬਿਹਤਰੀਨ ਰੰਗਾਂ ਦਾ ਸੁਮੇਲ ਨੇ ਇਹਦੇ ਖੰਭ ਤੇ ਨੱਚਦਾ ਵੇਖੋ ਕਿਵੇਂ ਮੁਗਧ ਹੋ ਕੇ ਜਿਵੇਂ ਕੋਈ ਨ੍ਰਤਕੀ ਨਾਚ ਕਰ ਰਹੀ ਹੋਵੇ। ਲਗਦਾ ਨ੍ਰਤਕੀਆਂ ਨੇ ਵੀ ਨੱਚਣ ਦੀ ਕਲਾ ਇਨ੍ਹਾਂ ਅਲਬੇਲੇ ਪੰਛੀਆਂ ਤੋਂ ਹੀ ਸਿੱਖੀ ਹੋਣੀ ਏ," ਡਾ: ਸਵਰੀਨਾ ਸਾਰੀ ਦੀ ਸਾਰੀ ਕੀਲੀ ਖੜ੍ਹੀ ਸੀ। ਡਾ: ਮਾਹੀਪਾਲ ਉਹਦੇ ਮੂੰਹ ਵੱਲ ਵੇਖਦਾ ਪਿਆ ਸੀ। ਉਸ ਕੈਮਰੇ ਨਾਲ ਪੈਲ ਪਾਉਂਦੇ ਮੋਰ ਦੀਆਂ ਤੇ ਕੋਲ

ਖੜ੍ਹੀ ਹੈਰਾਨੀ ਦੇ ਵਸ਼ੀਭੂਤ ਹੋਈ ਸਵਰੀਨਾ ਦੀਆਂ ਦੋ ਚਾਰ ਤਸਵੀਰਾਂ ਖਿੱਚ ਲਈਆਂ।

"ਤੁਹਾਨੂੰ ਨਹੀਂ ਚੰਗਾ ਲਗਾ ਇਹ?" ਡਾ: ਮਾਹੀਪਾਲ ਨੂੰ ਚੁੱਪ ਵੇਖ ਉਸ ਬੜੇ ਉਮਾਹ ਨਾਲ ਪੁੱਛਿਆ।

"ਕਿਉਂ ਨਹੀਂ? ਕੁਦਰਤ ਦੀ ਹੁਸੀਨ ਰਚਨਾ ਕਿਸ ਨੂੰ ਚੰਗੀ ਨਹੀਂ ਲਗਦੀ! ਮਨੁੱਖ ਨੇ ਕੁਦਰਤ ਤੋਂ ਪ੍ਰੇਨਾ ਲੈ ਕੇ ਹੀ ਤਾਂ ਆਹ ਆਪਣਾ ਸਾਰਾ ਸੰਸਾਰ ਰਚਿਆ। ਉਂਝ ਮੈਂ ਮੋਰ ਬਥੇਰੇ ਵੇਖੇ ਹੋਏ ਆ। ਸਾਡੀਆਂ ਪੈਲੀਆਂ ਵਿੱਚ ਅਕਸਰ ਰੁੱਖਾਂ ਤੇ ਬੈਠੇ ਦਿੱਸ ਪੈਂਦੇ ਸੀ। ਪਰ ਇੰਝ ਮਸਤ ਪੈਲ ਪਾਉਂਦਾ ਮੋਰ ਐਨੀ ਨੇੜਿਓਂ ਮੈਂ ਵੀ ਪਹਿਲੀ ਵਾਰ ਵੇਖਿਆ।" ਤੇ ਉਹ ਗੱਲਾਂ ਕਰਦੇ ਅੱਗੇ ਤੁਰ ਪਏ। ਇੱਕ ਪਾਸੇ ਰੁੱਖਾਂ ਤੇ ਰੰਗ ਬਰੰਗੇ ਖੰਭਾਂ ਵਾਲੇ ਤੇ ਛੋਟੀਆਂ ਛੋਟੀਆਂ ਚੁੰਝਾਂ ਵਾਲੇ ਲਵ-ਬਰਡਜ਼ ਕਲੋਲ ਕਰਦੇ ਪਏ ਸਨ। ਦੋਵਾਂ ਦਾ ਧਿਆਨ ਕੁੱਝ ਦੇਰ ਉਨ੍ਹਾਂ ਤੇ ਜਾ ਟਿੱਕਿਆ। ਪਰ ਉਹ ਰੁਕੇ ਨਹੀਂ ਅਤੇ ਰੁੱਖਾਂ ਦੇ ਝੁੰਡ ਵਿੱਚ ਅੱਗੇ ਵੱਧਦੇ ਗਏ।

ਰਸਤੇ ਵਿੱਚ ਆਉਂਦੇ ਖਰਗੋਸ਼ਾਂ ਦੇ ਘੁਰਨੇ, ਛੋਟੇ ਛੋਟੇ ਗਿੱਨੀ ਪਿਗਜ਼, ਤਲਾਬ ਦੇ ਕੰਢੇ ਨਿੱਸਲ ਹੋਏ ਮਗਰਮੱਛ ਤੇ ਵੰਨ-ਸੁਵੰਨੇ ਸੱਪ ਵਿੰਹਦੇ ਉਹ ਇੱਕ ਨੁੱਕਰ ਵਿੱਚ ਚੱਲ ਰਿਹਾ ਪੁੱਤਲੀਆਂ ਦਾ ਤਮਾਸ਼ਾ ਵੇਖਣ ਲਗ ਪਏ। ਇੱਕ ਆਦਮੀ ਬੜੀ ਜਾਚ ਨਾਲ ਹੱਥਾਂ ਤੇ ਲਪੇਟੇ ਧਾਗਿਆਂ ਨੂੰ ਹਿਲਾ ਕੇ ਪੁਤਲੀਆਂ ਨਚਾ ਰਿਹਾ ਸੀ। ਉਹਦਾ ਹੁਨਰ ਬਾ-ਕਮਾਲ ਸੀ।

"ਵਾਹ, ਕਿਆ ਟੇਲੈਂਟ ਹੈ!" ਡਾ: ਸਵਰੀਨਾ ਦੇ ਮੂੰਹੋਂ ਅਚੇਤ ਨਿਕਲ ਗਿਆ।

"ਹਾ, ਬਹੁਤ ਸਾਰੇ ਲੋਕ ਇਸ ਹੁਨਰ ਸਦਕਾ ਹੀ ਰੋਜ਼ੀ ਰੋਟੀ ਕਮਾ ਲੈਂਦੇ ਨੇ," ਡਾ: ਮਾਹੀਪਾਲ ਦਾ ਜੁਆਬ ਸੀ। ਇੰਝ ਘੁੰਮਦਿਆਂ ਘੁੰਮਾਉਂਦਿਆਂ ਕਾਫ਼ੀ ਸਮਾਂ ਬੀਤ ਗਿਆ।

"ਹੈਂਅ, ਛੇ ਵੱਜਣ ਵਾਲੇ ਨੇ। ਪਤਾ ਹੀ ਨਹੀਂ ਲੱਗਾ ਟਾਈਮ ਦਾ। ਛੇ ਵਜੇ ਤਾਂ ਇਹ ਬੰਦ ਹੋ ਜਾਣਾ ਹੈ।" ਡਾ: ਮਾਹੀਪਾਲ ਨੇ ਘੜੀ ਵੱਲ ਵਿੰਹਦਿਆਂ ਕਿਹਾ। ਉਹ ਬਾਹਰ ਜਾਣ ਨੂੰ ਅਹੁਲੇ ਤਾਂ ਬੀਨ ਦੀ ਅਵਾਜ਼ ਸੁਣ ਉਨ੍ਹਾਂ ਦੇ ਪੈਰ ਉਸ ਮਜ੍ਹਮੇ ਕੋਲ ਆ ਕੇ ਰੁਕ ਗਏ, ਜਿੱਥੇ ਸਪੇਰਾ ਬੀਨ ਵਜਾ ਰਿਹਾ ਸੀ ਤੇ ਕਾਲਾ ਛਾਹ ਨਾਗ ਫ਼ੰਨ ਖਲ੍ਹਾਰ ਕੇ ਬੈਠਾ ਸੀ।

ਉੱਥੋਂ ਬਾਹਰ ਨਿਕਲ ਉਹ ਸੁੰਦਰਵਣ ਦਰਿਆ ਦੇ ਕੰਢੇ ਕੰਢੇ ਤੁਰਨ ਕਗ ਪਏ। ਬੜਾ ਖ਼ੂਬਸੂਰਤ ਦ੍ਰਿਸ਼ ਸੀ। ਸੂਰਜ ਅਸਤ ਹੋ ਰਿਹਾ ਸੀ। ਲਗਦਾ ਸੀ ਜਿਵੇਂ ਸੂਰਜ ਸੁੰਦਰਵਣ ਦਰਿਆ ਦੇ ਪਾਣੀ ਵਿੱਚ ਸਮਾਉਣ ਜਾ ਰਿਹਾ ਹੋਵੇ। ਸੂਰਜ ਦਾ ਹਲਕਾ ਪ੍ਰਕਾਸ਼ ਦਰਿਆ ਦੇ ਪਾਣੀ ਉੱਪਰ ਪਿਘਲੇ ਸੋਨੇ ਦੀ ਬਰੀਕ ਤਹਿ ਵਾਂਗ ਖਿਲਰਿਆ ਹੋਇਆ ਸੀ ਤੇ ਇੱਕ ਅਜਬ ਨਜ਼ਾਰਾ ਪੇਸ਼ ਕਰ ਰਿਹਾ ਸੀ।

"ਵੰਡਰਫੁੱਲ ਸੀਨ! ਅਦਭੁੱਤ! ਅਤੀ ਅਦਭੁੱਤ!" ਡਾ: ਸਵਰੀਨਾ ਦੇ ਮੂੰਹੋਂ ਅਚੇਤ ਨਿਕਲ ਗਿਆ,"ਸ਼ਹਿਰ ਵਿੱਚ ਆਪਣੇ ਘਰ ਦੀ ਖਿੜਕੀ ਵਿਚੋਂ ਅਸਤ ਹੁੰਦਾ ਸੂਰਜ ਤਾਂ ਕਈ ਵਾਰ ਵੇਖਿਆ ਸੀ ਪਰ ਇੰਝ ਅਛੋਪਲੇ ਜਿਹੇ ਨੀਂਦ ਦੀ ਗੋਦ ਵਿੱਚ ਜਾ ਰਹੇ ਸੂਰਜ ਦਾ ਨਜ਼ਾਰਾ ਪਹਿਲੀ ਵਾਰ ਵੇਖਿਆ।" ਉਹ ਮਨ ਹੀ ਮਨ ਬੁਦਬੁਦਾ ਰਹੀ ਸੀ। ਡਾ: ਮਾਹੀਪਾਲ ਵੀ ਇਸ ਕੁਦਰਤੀ ਨਜ਼ਾਰੇ ਵੱਲ ਮੰਤਰ-ਮੁਗਧ ਹੋ ਵੇਖ ਰਿਹਾ ਸੀ।

ਅਤੇ ਇਸ ਤਰ੍ਹਾਂ ਹਫ਼ਤਿਆਂ ਨਹੀਂ ਬਲਕਿ ਮਹੀਨਿਆਂ ਦੀ ਥਕਾਨ ਉਤਾਰ ਕਿੰਨਾ ਕੁੱਝ ਆਪਣੇ ਚੇਤਿਆਂ 'ਚ ਸਾਂਭੀ ਉਹ ਆਪੋ ਆਪਣੇ ਟਿਕਾਣੇ ਮੁੜ ਆਏ।

(10)

ਕਦੇ ਕਦਾਈਂ ਪ੍ਰੋ: ਚੈਟਰਜੀ ਨਾਲ ਉਨ੍ਹਾਂ ਦੀ ਮੁਲਾਕਾਤ ਹੁੰਦੀ ਰਹਿੰਦੀ ਸੀ। ਕਦੇ ਉਹ ਡਾ: ਮਾਹੀਪਾਲ ਨੂੰ ਕਿਸੇ ਕੰਮ ਲਈ ਆਪਣੇ ਆਫਿਸ ਬੁਲਾ ਲੈਂਦੇ ਕਦੇ ਆਪ ਪ੍ਰਯੋਗਸ਼ਾਲਾ ਵਿੱਚ ਆ ਪ੍ਰਾਜੈਕਟ ਦੇ ਕੰਮ ਵੱਲ ਝਾਤੀ ਮਾਰ ਜਾਂਦੇ ਜਾਂ ਫਿਰ ਕਿਸੇ ਵਿਭਾਗੀ ਕਾਨਫਰੰਸ ਜਾਂ ਫੰਕਸ਼ਨ ਵਿੱਚ ਮਿਲਣ ਦਾ ਸਬੱਬ ਬਣ ਜਾਂਦਾ।

ਇੰਝ ਹੀ ਇੱਕ ਵਾਰ 'ਸਪੇਸ ਐਪਲੀਕੇਸ਼ਨ ਸੈਂਟਰ' ਵਿੱਚ ਇੱਕ ਰੋਜ਼ਾ 'ਚੰਦਰਯਾਨ-6 ਮਿੰਨੀ-ਐੱਸ. ਏ. ਆਰ. ਡੈਟਾ ਅਨੈਲੇਸਿਜ਼' ਵਰਕਸ਼ਾਪ ਅਟੈਂਡ ਕਰਨ ਗਏ ਡਾ: ਮਾਹੀਪਾਲ ਤੇ ਡਾ: ਸਵਰੀਨਾ ਨਾਲ ਪ੍ਰੋ: ਚੈਟਰਜੀ ਦਾ ਮੇਲ ਹੋ ਗਿਆ ਜੋ ਇਸ ਵਰਕਸ਼ਾਪ ਦੇ ਸਮਾਪਤੀ ਸਮਾਰੋਹ ਸਮੇਂ ਵਿਗਆਨੀਆਂ ਨੂੰ ਐਡਰੈੱਸ ਕਰਨ ਲਈ ਪਹੁੰਚੇ ਸਨ। ਸਮਾਗਮ ਦੀ ਸਮਾਪਤੀ ਉਪਰੰਤ ਪ੍ਰੋ: ਚੈਟਰਜੀ ਨੇ ਡਾ: ਐਮ. ਪੀ. ਸਿੰਘ ਤੇ ਡਾ: ਸਵਰੀਨਾ ਨੂੰ ਇੱਕ ਖ਼ੂਬਸੂਰਤ ਨੌਂਜੁਆਨ ਨਾਲ ਮਿਲਾਇਆ, "ਯਹ ਡਾ: ਜਾਹਨਸਨ ਹੈਂ, ਅਮੈਰਿਕਾ ਸੇ ਆਏ ਹੈਂ ਆਜ ਸੇ ਯਹ ਭੀ ਆਪ ਕੇ ਪ੍ਰਾਜੈਕਟ ਮੇਂ ਸ਼ਾਮਲ ਹੈਂ।" ਇਤਨਾ ਕੁ ਤੁਆਰਫ਼ ਕਰਵਾ ਉਹ ਹਾਲ ਵਿਚੋਂ ਬਾਹਰ ਨਿਕਲ ਗਏ।

"ਹੈਲੋ, ਡਾ: ਜਾਹਨਸਨ!" ਡਾ: ਮਾਹੀਪਾਲ ਤੇ ਡਾ: ਸਵਰੀਨਾ ਨੇ ਵਾਰੀ ਵਾਰੀ ਹੱਥ ਅੱਗੇ ਵਧਾਇਆ।

"ਹੈਲੋ ਗਾਏਜ਼!" ਡਾ: ਜਾਹਨਸਨ ਨੇ ਖੁਸ਼ ਹੁੰਦਿਆਂ ਗਰਮਜੋਸ਼ੀ ਨਾਲ ਉਨ੍ਹਾਂ ਦੇ ਹੱਥ ਘੁੱਟੇ।"ਇਹਦੇ ਬਾਰੇ ਪਹਿਲਾਂ ਤਾਂ ਕਦੇ ਪ੍ਰੋ: ਚੈਟਰਜੀ ਨੇ ਗੱਲ ਨਹੀਂ ਕੀਤੀ," ਡਾ: ਸਵਰੀਨਾ ਹੌਲੀ ਜਿਹੀ ਬੋਲੀ।

"ਡੌਂਟ ਵਰੀ, ਆਈ ਵੌਂਟ ਇੰਟਰਫੀਅਰ ਇਨ ਯੂਅਰ ਵਰਕ, ਰਾਦਰ ਹੈਲਪ ਕਰਾਂਗਾ," ਉਹ ਪੰਜਾਬੀ ਰਲਵੀਂ ਅੰਗਰੇਜ਼ੀ ਵਿੱਚ ਬੋਲਿਆ।

ਡਾ: ਮਾਹੀਪਾਲ ਤੇ ਡਾ: ਸਵਰੀਨਾ ਨੇ ਇਕਦਮ ਹੈਰਾਨੀ ਨਾਲ ਉਹਦੇ ਵੱਲ ਵੇਖਿਆ। ਗੋਰਾ ਰੰਗ, ਸਿਰ ਤੇ ਭੂਰੇ ਵਾਲ, ਲੰਮਾ ਉੱਚਾ ਕੱਦ, ਪੂਰੀ ਅੰਗਰੇਜ਼ਾਂ ਵਾਲੀ ਦਿੱਖ। ਤੇ ਉਹਦੇ ਮੂੰਹੋਂ ਪੰਜਾਬੀ! ਉਹ ਦੋਵੇਂ ਚਕਰਾਏ ਜਿਹੇ ਖੜ੍ਹੇ ਸਨ। ਉਨ੍ਹਾਂ ਦੋਵਾਂ ਦੇ ਮੂੰਹੋਂ ਇੱਕਠਿਆਂ ਹੀ ਨਿਕਲਿਆ, "ਤੁਸੀਂ ਪੰਜਾਬੀ......?"

"ਯੈੱਸ, ਯੈੱਸ ਆਈ ਅੰਡਰਸਟੈਂਡ ਪੰਜਾਬੀ। ਆਈ ਕੈਨ ਸਪੀਕ ਪੰਜਾਬੀ, ਬਟ ਥੋਰੀ ਥੋਰੀ।" ਉਹ ਪੋਲਾ ਜਿਹਾ ਬੋਲਿਆ।

"ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ," ਡਾ: ਮਾਹੀਪਾਲ ਨੇ ਦੁਬਾਰਾ ਉਸ ਦਾ ਹੱਥ ਘੁੱਟ ਲਿਆ।

"ਮੈਨੂੰ ਵੀ," ਡਾ: ਜਾਹਨਸਨ ਹੱਸਿਆ। ਫਿਰ ਉਹ ਅਹਿਮਦਾਬਾਦ ਵਿਖੇ ਰਿਹਾਇਸ਼ ਵੱਲ ਰਵਾਨਾ ਹੋ ਗਏ। ਡਾ: ਜਾਹਨਸਨ ਦੇ ਠਹਿਰਨ ਦਾ ਪ੍ਰਬੰਧ ਵੀ ਉੱਥੇ ਹੀ ਸੀ। ਇੱਕਠੇ ਸਫ਼ਰ ਕਰਦਿਆਂ ਉਨ੍ਹਾਂ ਇੱਕ ਦੂਜੇ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਲੈ ਲਈ।

ਆਪਣੇ ਕਵਾਟਰਾਂ ਨੇੜੇ ਪਹੁੰਚ ਡਾ: ਮਾਹੀਪਾਲ ਨੇ ਪਹਿਲਾਂ ਡਾ: ਜਾਹਨਸਨ ਨੂੰ ਉਸ ਦੇ ਕਵਾਰਟਰ ਵਿੱਚ ਪੁਚਾਉਣਾ ਜ਼ਰੂਰੀ ਸਮਝਿਆ ਅਤੇ ਡਰਾਈਵਰ ਨੂੰ ਗੱਡੀ ਉੱਧਰ ਵੱਲ ਮੋੜਨ ਲਈ ਕਿਹਾ।

"ਦਿਸ ਇਜ਼ ਯੂਅਰ ਰੈਜ਼ੀਡੈਂਸ, ਆਈ ਹੋਪ ਯੂ ਵਿਲ ਲਾਈਕ ਇਟ।" ਉੱਥੇ ਪਹੁੰਚ ਡਾ: ਮਾਹੀਪਾਲ ਨੇ ਸਿਸ਼ਟਾਚਾਰ ਵਜੋਂ ਕਿਹਾ।

"ਵੈਰੀ ਗੁੱਡ! ਵੈਰੀ ਗੁੱਡ! ਇਟਸ ਨਾਈਸ ਸਿਊਟ," ਡਾ: ਜਾਹਨਸਨ ਨੇ ਦਰਵਾਜ਼ਾ ਖੋਲ੍ਹ ਅੰਦਰ ਦਾਖਲ ਹੋ ਫਰਨੀਚਰ ਨਾਲ ਸਜੇ ਡਰਾਇੰਗ-ਰੂਮ ਨੁਮਾ ਕਮਰਾ, ਉਸ ਨਾਲ ਲਗਦੇ ਵਾਸ਼-ਰੂਮ ਤੇ ਛੋਟੀ ਜਿਹੀ ਕਿਚਨ ਵੇਖ ਕਿਹਾ।

"ਓ.ਕੇ. ਵੁਈ ਸ਼ੁਡ ਲੀਵ ਨਾਓ," ਡਾ: ਮਾਹੀਪਾਲ ਤੇ ਡਾ: ਸਵਰੀਨਾ ਨੇ ਛੁੱਟੀ ਮੰਗੀ।

"ਸਿਟ ਡਾਊਨ ਫਾਰ ਸਮ ਟਾਈਮ ਪਲੀਜ਼," ਡਾ: ਜਾਹਨਸਨ ਨੇ ਇਸਰਾਰ ਕੀਤਾ ਤਾਂ ਤਿੰਨੇ ਸੋਫ਼ਿਆਂ ਤੇ ਬੈਠ ਗਏ।

"ਟੈੱਲ ਮੀ ਸਮਥਿੰਗ ਅਬਾਊਟ ਦਾ ਪ੍ਰਾਜੈਕਟ, ਆਈ ਡੌਂਟ ਨੋ ਮਚ," ਉਸ ਬੜੀ ਆਜਜ਼ੀ ਨਾਲ ਕਿਹਾ।

"ਪ੍ਰੋ: ਚੈਟਰਜੀ ਡਿਡਂਟ ਟੈੱਲ ਯੂ ਐਨੀਥਿੰਗ! ਹਾਓ ਇਟਸ ਪਾਸੀਬਲ?" ਡਾ: ਮਾਹੀਪਾਲ ਨੇ ਥੋੜ੍ਹਾ ਹੈਰਾਨ ਹੁੰਦੇ ਕਿਹਾ।

"ਹੀ ਟੋਲਡ ਮੀ, ਯੂ ਵਿਲ ਐਕਸਪਲੇਨ ਐਵਰੀਥਿੰਗ," ਡਾ: ਜਾਹਨਸਨ ਨੇ ਕਿਹਾ ਤਾਂ ਡਾ: ਮਾਹੀਪਾਲ ਉਸ ਨੂੰ ਸੰਖੇਪ ਵਿੱਚ ਪ੍ਰਾਜੈਕਟ ਬਾਰੇ ਦੱਸਣ ਲਗ ਪਿਆ। ਡਾ: ਸਵਰੀਨਾ ਵੀ ਲੋੜ ਅਨੁਸਾਰ ਜਾਣਕਾਰੀ ਦੇਂਦੀ ਰਹੀ। ਗੱਲਾਂ ਕਰਦੇ ਸਮੇਂ ਉਹ ਰਲਵੀਂ ਮਿਲਵੀਂ ਅੰਗਰੇਜ਼ੀ ਪੰਜਾਬੀ ਬੋਲ ਰਹੇ ਸਨ। ਆਖ਼ਰ ਡਾ: ਮਾਹੀਪਾਲ ਕੋਲੋਂ ਰਿਹਾ ਨਾ ਗਿਆ ਉਸ ਡਾ: ਜਾਹਨਸਨ ਨੂੰ ਪੁੱਛ ਹੀ ਲਿਆ।

"ਡਾ: ਜਾਹਨਸਨ! ਇਫ਼ ਯੂ ਡੌਂਟ ਮਾਈਂਡ ਮੇ ਆਈ ਨੋਅ ਤੁਸੀਂ ਪੰਜਾਬੀ ਬੋਲਣੀ ਕਿਥੋਂ ਸਿੱਖੀ?"

"ਆਪਣੀ ਮੌਮ ਕੋਲੋਂ, ਸ਼ੀ ਇਜ਼ ਪੰਜਾਬੀ ਉਸ ਬੇਝਿਜਕ ਦੱਸ ਦਿੱਤਾ।

"ਹੱਛਾ...ਅ...ਆ!" ਡਾ: ਮਾਹੀਪਾਲ ਤੇ ਡਾ: ਸਵਰੀਨਾ ਇਕੱਠੇ ਹੀ ਬੋਲੇ ਤਾਂ ਡਾ: ਜਾਹਨਸਨ ਨੇ ਦੱਸਿਆ।

"ਮੇਰੇ ਮੌਮ ਦੇ ਫਾਦਰ ਅਮਰੀਕਾ ਪੜ੍ਹਾਈ ਲਈ ਗਏ ਸਨ। ਉਦੋਂ ਮੇਰੇ ਮੌਮ ਮਸਾਂ ਸੱਤ ਅੱਠ ਸਾਲ ਦੇ ਸਨ। ਦੈੱਨ ਮਾਈ ਗ੍ਰੈਂਡ ਪੇਰੈਂਟਸ ਸੈੱਟਲਡ ਇਨ ਅਮੈਰਿਕਾ ਓਨਲੀ। ਮੇਰੇ ਮੌਮ ਨੇ ਵੀ ਯੂਨੀਵਰਸਿਟੀ ਵਿਚੋਂ ਡਾਕਟਰੀ ਦੀ ਪੜ੍ਹਾਈ ਕੀਤੀ ਹੈ। ਦੇਅਰ ਸ਼ੀ ਮੈੱਟ ਮਾਈ ਡੈਡ ਚਾਰਲਜ਼ ਐਂਡ ਦੇ ਗੌਟ ਮੈਰਿਡ। ਮੈਂ ਗ੍ਰੈਂਡਪੇਰੈਂਟਸ ਕੋਲ ਹੀ ਪਲ਼ਿਆ ਸੀ, ਸੋ ਮੈਂ ਉਨ੍ਹਾਂ ਕੋਲੋਂ ਪੰਜਾਬੀ ਬੋਲਣੀ ਸਿੱਖ ਗਿਆ। ਮਾਈ ਮੌਮ ਸਟਿਲ ਸਪੀਕਸ ਪੰਜਾਬੀ ਵਿਦ ਮੀ," ਉਸ ਹੌਲੀ ਹੌਲੀ ਅੰਗਰੇਜ਼ੀ ਰਲਵੀਂ ਪੰਜਾਬੀ ਵਿੱਚ ਦੱਸਿਆ।

"ਆਹ ਤਾਂ ਬੜੀ ਵਧੀਆ ਗੱਲ ਹੋਈ। ਅਸੀਂ ਤਾਂ ਡਰ ਗਏ ਸੀ ਭਈ ਅੰਗਰੇਜ਼ ਨਾਲ ਵਾਹ ਪੈ ਗਿਆ ਪਤਾ ਨਹੀਂ ਕਿਵੇਂ ਗੁਜ਼ਰੂ?" ਡਾ: ਸਵਰੀਨਾ ਨੇ ਆਪਣੇ ਦਿਲ ਦੀ ਗੱਲ ਆਖ ਦਿੱਤੀ।

"ਹੁਣ ਤਾਂ ਵਹਿਮ ਨਿਕਲ ਗਿਆ ਨਾ ਡਾ: ਸਵ...ਰੀ...ਨਾ," ਡਾ: ਜਾਹਨਸਨ ਨੇ ਹੱਸਦੇ ਹੋਏ ਸਵਰੀਨਾ ਸ਼ਬਦ ਜ਼ਰਾ ਲਮਕਾ ਕੇ ਕਿਹਾ।

"ਡਾ: ਜਾਹਨਸਨ, ਔਖੇ ਨਾ ਹੋਵੋ ਤੁਸੀਂ ਮੈਨੂੰ 'ਸਵੀ' ਬੁਲਾ ਸਕਦੇ ਹੋ।"

"ਓ.ਕੇ. ਡਾ: ਸਵੀ, ਤੁਸੀਂ ਵੀ ਮੈਨੂੰ ਸਿਰਫ਼ 'ਜੌਨ੍ਹ' ਕਹੋਗੇ ਤਾਂ ਮੈਨੂੰ ਚੰਗਾ ਲਗੇਗਾ।"

"ਠੀਕ ਹੈ ਅੱਜ ਤੋਂ ਤੁਸੀਂ ਡਾ: ਜੌਨ੍ਹ ਹੋ ਗਏ।" ਡਾ: ਸਵਰੀਨਾ ਨੇ ਕਿਹਾ ਤਾਂ ਡਾ: ਮਾਹੀਪਾਲ ਬੋਲ ਪਿਆ, "ਤੇ ਮੈਂ ਹੁਣ ਤੋਂ ਡਾ: ਮਾਹੀ......ਓ.ਕੇ!"

ਇੰਝ ਤਿੰਨਾਂ ਨੇ ਹੱਸਦਿਆਂ ਹੱਸਦਿਆਂ ਆਪਣੇ ਨਾਵਾਂ ਨੂੰ ਸੰਖੇਪ ਕਰ ਲਿਆ। ਕੱਲ੍ਹ ਨੂੰ ਫਿਰ ਲੈਬ ਵਿੱਚ ਮਿਲਣ ਦਾ ਵਾਇਦਾ ਕਰ 'ਗੁੱਡ ਨਾਈਟ' ਆਖ ਡਾ: ਜੌਨ੍ਹ ਨੂੰ ਉਹਦੇ ਕਮਰੇ ਵਿੱਚ ਛੱਡ ਉਹ ਬਾਹਰ ਆ ਗਏ।

ਅਗਲੇ ਦਿਨ ਤਿੰਨੇ ਜਣੇ ਲੈਬ ਵਿੱਚ ਬੈਠੇ ਕਿਸੇ ਵਿਸ਼ੇ ਤੇ ਡੂੰਘੀਆਂ ਗੱਲਾਂ ਵਿੱਚ ਰੁੱਝੇ ਸਨ। "ਹਾਂ ਤੇ ਡਾ: ਸਵੀ, ਹਸਪਤਾਲ ਵਾਲੇ ਮਰੀਜ਼ਾਂ ਦਾ ਕੀ ਹਾਲ ਹੈ?" ਗੱਲਾਂ ਕਰਦਿਆਂ ਡਾ: ਮਾਹੀ ਨੂੰ ਇਕਦਮ ਯਾਦ ਆਇਆ ਤਾਂ ਉਸ ਪੁੱਛਿਆ।

"ਓਵੇਂ ਹੀ ਜਿਵੇਂ ਪਹਿਲਾਂ ਸੀ। ਰਤੀ ਭਰ ਵੀ ਇੰਮਪਰੂਵਮੈਂਟ ਨਹੀਂ।" ਡਾ: ਸਵੀ ਨੇ ਨਿਰਾਸ਼ ਸੁਰ ਵਿੱਚ ਦੱਸਿਆ।

"ਹਾਸਪੀਟਲ! ਹੂ ਇਜ਼ ਇਨ ਦਾ ਹਾਸਪੀਟਲ?" ਡਾ: ਜਾਨ੍ਹ ਨੇ ਘਬਰਾ ਕੇ ਪੁੱਛਿਆ।

"ਤਰੁਣ ਘੋਸ਼ ਤੇ ਕਨਿਕਾ ਨਾਇਡੋ। ਉਹੋ ਪੁਲਾੜ ਯਾਤਰੀ ਜਿਨ੍ਹਾਂ ਤੇ ਆਪਣਾ ਪ੍ਰਾਜੈਕਟ ਅਧਾਰਤ ਹੈ। ਉਹ ਪਿਛਲੇ ਸਾਲ ਕੁ ਤੋਂ ਕੋਮਾ ਵਿੱਚ ਹਨ ਅਤੇ ਹੁਣ ਡਾ: ਸਵੀ ਦੀ ਦੇਖ ਰੇਖ ਵਿੱਚ ਹਨ।" ਡਾ: ਮਾਹੀ ਨੇ ਦੱਸਿਆ।

"ਓਹ! ਆਈ ਐਮ ਸੋ ਸੌਰੀ," ਉਸ ਦਾ ਸੁਰ ਉਦਾਸ ਸੀ।

"ਡਾ: ਸਵੀ, ਤੁਸੀਂ ਅੱਜ ਡਾ: ਜਾਨ੍ਹ ਨੂੰ ਹਸਪਤਾਲ ਲੈ ਜਾਇਓ। ਇਹ ਵੀ ਉਨ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈ ਲੈਣਗੇ।" ਇਸ ਤੋਂ ਬਾਦ ਉਹ ਕਾਫ਼ੀ ਦੇਰ ਇਨ੍ਹਾਂ ਪੁਲਾੜ ਯਾਤਰੀਆਂ ਦੀ ਹੋਣੀ ਦੀਆਂ ਅਤੇ ਅਗਲੇਰੀ ਕਾਰਵਾਈ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ।

ਇਸੇ ਤਰ੍ਹਾਂ ਦਾ ਇੱਕ ਦਿਨ ਸੀ। ਡਾ: ਮਾਹੀ ਤੇ ਡਾ: ਸਵੀ ਤੇ ਡਾ: ਜਾਨ੍ਹ ਵੀ ਕੁਦਰਤੀ ਲੈਬ ਵਿੱਚ ਸਨ। ਡਾ: ਸਵੀ ਤੇ ਡਾ: ਜੌਨ੍ਹ ਲੈਬ ਦੀ ਇੱਕ ਨੁੱਕਰ ਵਿੱਚ ਮੋਟੀ ਸਾਰੀ ਕਿਤਾਬ ਵਿਚੋਂ ਕਿਸੇ ਨੁਕਤੇ ਤੇ ਬੜੀ ਧੀਮੀ ਸੁਰ ਵਿੱਚ ਵਿਚਾਰ ਕਰ ਰਹੇ ਸਨ ਅਤੇ ਡਾ: ਮਾਹੀ ਦੂਜੀ ਨੁੱੱਕਰ ਵਿੱਚ ਯੰਤਰਾਂ ਨਾਲ ਉਲਝਿਆ ਹੋਇਆ ਸੀ।

ਕਦੇ ਉਹ ਇੱਕ ਸਲਾਈਡ ਮਾਈਕ੍ਰੋਸਕੋਪ ਹੇਠ ਵੇਖਦਾ, ਫਿਰ ਦੂਜੀ ਤੇ ਫਿਰ ਤੀਜੀ। ਇੰਝ ਉਹ ਆਪਣੇ ਕੋਲ ਰੱਖੀਆਂ ਸਲਾਈਡਾਂ ਦੇ ਪੁਲੰਦੇ ਵਿਚੋਂ ਕਿੰਨ੍ਹੀਆਂ ਸਾਰੀਆਂ ਸਲਾਈਡਾਂ ਨੂੰ ਚੈੱਕ ਕਰਕੇ ਦੂਜੇ ਹੱਥ ਰੱਖ ਚੁੱਕਾ ਸੀ ਅਤੇ ਰਹਿੰਦੀਆਂ ਸਲਾਈਡਾਂ ਵੇਖਣ ਵਿੱਚ ਮਗਨ ਸੀ। ਲਗਪਗ ਦੋ ਕੁ ਘੰਟੇ ਅਜਿਹਾ ਆਲਮ ਬਣਿਆ ਰਿਹਾ ਕਿ ਅਚਾਨਕ ਡਾ: ਮਾਹੀ ਵਾਲੇ ਪਾਸਿਓਂ ਖੁਸ਼ੀ ਦੀ ਕਿਲਕਾਰੀ ਸੁਣਾਈ ਦਿੱਤੀ।

"ਹੁਰ...ਰ...ਰਾ...ਅ! ਲਗਦਾ ਆਈ ਹੈਵ ਡਨ ਇਟ," ਉਹ ਆਪਣੇ ਰੌਂਅ ਵਿੱਚ ਬੋਲਿਆ। ਡਾ: ਜੌਨ੍ਹ ਤੇ ਡਾ: ਸਵੀ ਦੀ ਤੰਦਰਾ ਭੰਗ ਹੋ ਗਈ ਅਤੇ ਉਹ ਡਾ: ਮਾਹੀ ਕੋਲ ਆ ਖਲੋਤੇ।

"ਵੱਟ ਹੈਪੰਡ ਡਾ: ਮਾਹੀ ?' ਡਾ : ਸਵੀ ਨੇ ਨੇੜੇ ਹੁੰਦੇ ਪੁੱਛਿਆ।

"ਓ ਸਵੀ, ਐੱਗ ਇਜ਼ ਗਰੋਇੰਗ......ਐੱਗ ਇਜ਼ ਗਰੋਇੰਗ!" ਡਾ: ਮਾਹੀ ਨੇ ਆਵੇਸ਼ ਵਿੱਚ ਆ ਡਾ: ਸਵੀ ਨੂੰ ਜੱਫੀ ਪਾ ਲਈ।

"ਵੱਟ?" ਡਾ: ਸਵੀ ਨੇ ਕਿਹਾ ਤਾਂ ਜਿਵੇਂ ਡਾ: ਮਾਹੀ ਹੋਸ਼ ਵਿੱਚ ਆ ਗਿਆ ਹੋਵੇ ਅਤੇ ਆਪਣੀ ਹਰਕਤ ਤੇ ਸ਼ਰਮਿੰਦਾ ਹੁੰਦਾ ਪਾਸੇ ਹੋ ਗਿਆ।

"ਕੀ ਕਿਹਾ, ਸੈੱਲਾਂ ਦਾ ਵਾਧਾ ਸ਼ੁਰੂ ਹੋ ਗਿਆ? ਵੱਟ ਏ ਪਲੈਂਜ਼ੈਂਟ ਸਰਪਰਾਈਜ਼!" ਤੇ ਹੁਣ ਸਵੀ ਨੇ ਡਾ: ਮਾਹੀ ਦੇ ਨੇੜੇ ਹੁੰਦਿਆਂ ਉਸ ਦੇ ਦੋਵੇਂ ਹੱਥ ਘੁੱਟ ਲਏ। ਡਾ: ਜੌਨ੍ਹ ਹੈਰਾਨ ਹੋਇਆ ਦੋਵਾਂ ਵੱਲ ਵੇਖੀ ਜਾ ਰਿਹਾ ਸੀ।

"ਡਾ: ਜੌਨ੍ਹ, ਸਕਸੈੱਸ ਇਜ਼ ਜਸਟ ਰਾਊਂਡ ਦਾ ਕੌਰਨਰ! ਲ਼ਗਦਾ ਏ ਡਾ: ਚੈਟਰਜੀ ਦਾ ਸੁਪਨਾ ਪੂਰਾ ਹੋ ਜਾਵੇਗਾ।

"ਕਾਂਗਰੈਚੂਲੇਸ਼ਨਜ਼ ਡਾ: ਮਾਹੀ!" ਡਾ: ਜੌਨ੍ਹ ਨੇ ਖੁਸ਼ ਹੋ ਕੇ ਵਧਾਈ ਦਿੱਤੀ।

"ਖ਼ੈਰ, ਅਜੇ ਕਰਨ ਵਾਲੇ ਬੜੇ ਕੰਮ ਹਨ। ਪਰ ਮੇਰੇ ਹੁਣ ਤੱਕ ਦੇ ਤਜਰਬੇ ਦੱਸਦੇ ਨੇ ਕਿ ਮੈਂ ਐੱਗ ਸੈੱਲ ਵਿਚੋਂ ਨਿਊਕਲੀਅਸ ਬਾਹਰ ਕੱਢ ਕੇ ਉਸ ਵਿੱਚ ਤਰੁਣ ਘੋਸ਼ ਦਾ ਸੋਮੈਟਿਕ ਸੈੱਲ ਟ੍ਰਾਂਸਫਰ ਕਰਕੇ ਸੋਮੈਟਿਕ ਸੈੱਲ ਨੂੰ ਐਕਟੀਵੇਟ ਕਰਨ ਵਿੱਚ ਕਾਮਯਾਬ ਹੋ ਗਿਆ ਹਾਂ। ਐਹ ਮਾਈਕ੍ਰਸਕੋਪ ਹੇਠਾਂ ਵੇਖੋ, ਉਹ ਸੈੱਲ ਗਰੋ ਕਰਕੇ ਅੱਠ ਸੈੱਲ ਵਾਲਾ ਬਲਾਸਟੋਸਿਸਟ ਬਣ ਚੁੱਕਾ ਹੈ।" ਡਾ: ਮਾਹੀ ਨੇ ਦੋਵਾਂ ਨੂੰ ਮਾਈਕ੍ਰੋਸਕੋਪ ਵਿੱਚ ਵੇਖਣ ਨੂੰ ਕਿਹਾ ਤਾਂ ਉਨ੍ਹਾਂ ਵਾਰੀ ਵਾਰੀ ਨੀਝ ਲਾ ਕੇ ਵੇਖਿਆ। ਵੇਖਣ ਉਪਰੰਤ ਦੋਵਾਂ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਦੁਬਾਰਾ ਇਸ ਕਾਮਯਾਬੀ ਦੀ ਵਧਾਈ ਦਿੱਤੀ।

"ਹੁਣ ਅਗਲੇਰੇ ਕੰਮ ਲਈ ਮੇਰਾ ਹੌਸਲਾ ਵੱਧ ਗਿਆ ਹੈ। ਬੇਸਕ ਅਜੇ ਕਾਫ਼ੀ ਸਮਾਂ ਲਗੇਗਾ ਪ੍ਰੰਤੂ ਮੈਂ ਯਕੀਨਨ ਦੋਵਾਂ ਪੁਲਾੜ ਯਾਤਰੀਆਂ ਦੇ ਹੋਰ ਸੋਮੈਟਿਕ ਸੈੱਲ ਗਰੋਅ ਕਰਨ ਵਿੱਚ ਕਾਮਯਾਬ ਹੋ ਜਾਵਾਂਗਾ। ਹਾਂ, ਤੇ ਡਾ: ਸਵੀ ਤੁਹਾਨੂੰ ਪਹਿਲਾਂ ਵਾਂਗ ਮੇਰੀ ਮਦਦ ਕਰਦੇ ਰਹਿਣਾ ਹੋਵੇਗਾ, ਲੋੜੀਂਦਾ ਮੈਟੀਰੀਅਲ ਸਪਲਾਈ ਕਰਕੇ," ਉਸ ਬੜੇ ਆਸਵੰਦ ਹੋ ਡਾ: ਸਵੀ ਵੱਲ ਵੇਖਿਆ।

"ਕਿਉਂ ਨਹੀਂ ਡਾ: ਮਾਹੀ? ਆਈ ਐਮ ਵਿਦ ਯੂ ਇਨ ਦਿਸ ਰਿਸਰਚ ਵਰਕ, ਤੁਹਾਨੂੰ ਜਿਸ ਕਿਸਮ ਦੀ ਹੈਲਪ ਚਾਹੀਦੀ ਹੋਵੇਗੀ ਮੈਂ ਹਾਜ਼ਰ ਹਾਂ," ਡਾ: ਸਵੀ ਨੇ ਉਤਸ਼ਾਹਿਤ ਸੁਰ ਵਿੱਚ ਕਿਹਾ।

"ਵੈਸੇ ਡਾ: ਸਵੀ, ਮੇਰੇ ਇਸ ਕੰਮ ਤੋਂ ਬਾਦ ਟੋਟਲੀ ਤੁਹਾਡਾ ਕੰਮ ਸ਼ੁਰੂ ਹੋ ਜਾਣਾ ਹੈ," ਡਾ: ਮਾਹੀ ਨੇ ਕਿਹਾ ਤਾਂ ਡਾ: ਸਵੀ ਹੈਰਾਨ ਹੁੰਦੀ ਬੋਲੀ, "ਉਹ ਕਿਵੇਂ?"

"ਇਨ੍ਹਾਂ ਬਲਸਟੋਸਿਸਟ ਨੂੰ ਸਰੋਗੇਟ ਕਰਨ ਦਾ, ਮਤਲਬ ਇਨ੍ਹਾਂ ਵੱਧ ਫੁੱਲ ਰਹੇ ਆਂਡਿਆਂ ਨੂੰ ਕਿਸੇ ਯੋਗ ਮਾਂ ਦੀ ਕੁੱਖ ਵਿੱਚ ਧਰਨ ਦਾ ਕੰਮ ਤਾਂ ਤੁਸੀਂ ਹੀ ਸੰਪਨ ਕਰਨਾ," ਡਾ: ਮਾਹੀ ਨੇ ਗੱਲ ਸਪਸ਼ੱਟ ਕੀਤੀ।

"ਬਿਲਕੁਲ! ਮੈਂ ਤਿਆਰ ਹਾਂ। ਪਰ ਡਾ: ਮਾਹੀ ਇਹ ਕੰਮ ਵੀ ਤੁਹਾਡੀ ਮਦਦ ਬਿਨਾ ਪੂਰਾ ਨਹੀਂ ਜੇ ਹੋਣਾ। ਯੂ ਹੈਵ ਟੂ ਸਪੋਰਟ ਮੀ।" ਡਾ: ਸਵੀ ਦਾ ਜੁਆਬ ਸੀ।

"ਸ਼ੋਅਰ! ਸ਼ੌਅਰ! ਇਟ ਇਜ਼ ਅਵਰ ਜਾਇੰਟ ਐਫਰਟ। ਆਪਾਂ ਸਾਰਿਆਂ ਰਲ ਮਿਲ ਕੇ ਹੀ ਤਾਂ ਕਰਨਾ ਹੈ ਇਹ ਕਾਰਜ ਪੂਰਾ। ਡਾ: ਜਾਨ੍ਹ ਇਸ ਤੋਂ ਬਾਦ ਫਿਰ ਤੁਸੀਂ ਹੋਰ ਜ਼ਿਆਦਾ ਰੁੱਝ ਜਾਓਗੇ।" ਡਾ: ਮਾਹੀ ਨੂੰ ਡਾ: ਜਾਨ੍ਹ ਨੂੰ ਮੁਖ਼ਾਤਬ ਹੁੰਦੇ ਕਿਹਾ।

"ਹਾਓ? ਕਿਵੇਂ?" ਡਾ: ਜਾਨ੍ਹ ਜਿਵੇਂ ਕੁੱਝ ਸਮਝਿਆ ਹੀ ਨਾ ਹੋਵੇ।

"ਭਈ ਤੁਸੀਂ ਬਰੇਨ ਸਪੈਸ਼ਲਿਸਟ ਹੋ, ਦਿਮਾਗਾਂ ਦੇ ਮਾਹਿਰ ਡਾਕਟਰ, ਸਮਝੇ!" ਡਾ: ਮਾਹੀ ਨੇ ਬਰੇਨ ਸ਼ਬਦ ਤੇ ਜ਼ੋਰ ਦੇਂਦੇ ਕਿਹਾ।

"ਯੈੱਸ, ਆਈ ਐਮ ਬਰੇਨ ਸਪੈਸ਼ਲਿਸਟ, ਮੇਰੀ ਐਮ. ਐੱਸ ਭਾਵ ਮਾਸਟਰਜ਼ ਇਨ ਸਰਜਰੀ ਹੀ ਬਰੇਨ ਤੇ ਹੈ। ਦਿਮਾਗ ਦੀ ਇੱਕ ਇੱਕ ਨਰਵ (ਨਾੜੀ) ਤੋਂ ਵਾਕਿਫ਼ ਹਾਂ। ਮੈਨੂੰ ਪੂਰਾ ਯਾਦ ਨਹੀਂ ਕਿ ਹੁਣ ਤੱਕ ਬਰੇਨ ਦੇ ਕਿੰਨੇ ਅਪ੍ਰੇਸ਼ਨ ਕਰ ਚੁੱਕਾ ਹਾਂ? ਅਮਰੀਕਾ ਦੇ ਕਈ ਹਸਪਤਾਲਾਂ ਵਿੱਚ ਮੈਂ ਵਿਜ਼ਟਿੰਗ ਪ੍ਰੋਫੈਸਰ ਹਾਂ," ਡਾ: ਜੌਨ੍ਹ ਨੇ ਆਪਣੀ ਕਾਬਲੀਅਤ ਦਾ ਸਾਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ। "ਤਾਂ ਹੀ ਡਾ: ਜੌਨ੍ਹ ਪ੍ਰੋ: ਚੈਟਰਜੀ ਨੇ ਤੁਹਾਨੂੰ ਉਚੇਚਾ ਇੱਥੇ ਸੱਦਿਆ। ਇਸ ਪ੍ਰਾਜੈਕਟ ਦਾ ਬਰੇਨ ਟ੍ਰਾਂਸਫਰ ਵਾਲਾ ਹਿੱਸਾ ਤੁਹਾਡੇ ਹੱਥੋਂ ਹੀ ਸੰਪਨ ਹੋਣਾ ਹੈ।

"ਯੈੱਸ ਆਈ ਨੋਅ, ਆਈ ਨੋਅ।" ਡਾ: ਜੌਨ੍ਹ ਦਾ ਜੁਆਬ ਸੀ। ਤੇ ਫਿਰ ਕੁੱਝ ਦਿਨਾਂ ਪਿਛੋਂ ਉਨ੍ਹਾਂ ਦੀ ਮੁਲਾਕਾਤ ਪ੍ਰੋ: ਚੈਟਰਜੀ ਨਾਲ ਹੋਈ। ਤਿੰਨੇ ਬਹੁਤ ਉਤਸ਼ਾਹਿਤ ਸਨ। ਪ੍ਰੋ: ਚੈਟਰਜੀ ਦੇ ਚਿਹਰੇ ਤੇ ਸਦੀਵੀ ਗੰਭੀਰਤਾ ਸੀ ਜੋ ਇਸ ਕਾਰਜ ਦੀ ਅਗਲੇਰੀ ਜਟਲਿਤਾ ਨੂੰ ਦਰਸਾਉਂਦੀ ਸੀ। ਡਾ: ਮਾਹੀ ਨੇ ਆਪਣੀ ਹੁਣ ਤੱਕ ਦੀ ਕਾਰਗੁਜ਼ਾਰੀ ਸਾਂਝੀ ਕਰਨ ਉਪਰੰਤ ਇਸ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਲੋੜੀਂਦੀਆਂ ਚੀਜ਼ਾਂ ਦਾ ਜ਼ਿਕਰ ਕੀਤਾ। ਪ੍ਰੋ: ਚੈਟਰਜੀ ਨੇ ਹਾਂ ਵਿੱਚ ਸਿਰ ਹਿਲਾਇਆ। ਚਾਹ ਖਤਮ ਹੋਣ ਤੇ ਇਹ ਮਿਲਣੀ ਬਰਖ਼ਾਸਤ ਹੋ ਗਈ।

ਹੁਣ ਥੋੜ੍ਹੇ ਜਿਹੇ ਦਿਨਾਂ ਲਈ ਵਿਹਲ ਸੀ। ਡਾ: ਮਾਹੀ ਨੂੰ ਆਪਣੇ ਪਿੰਡ ਦਾ ਖਿਆਲ ਆਇਆ। ਆਪਣੀ ਮਾਂ ਦਾ, ਆਪਣੇ ਬਾਪ ਦਾ ਤੇ ਭਰਾਵਾਂ ਭਤੀਜਿਆਂ ਦਾ ਖਿਆਲ ਆਇਆ।

"ਡਾ: ਸਵੀ, ਮੈਂ ਚਾਹੁੰਨਾ ਕੁੱਝ ਦਿਨ ਆਪਣੇ ਪਿੰਡ ਜਾ ਆਵਾਂ," ਉਸ ਐਵੇਂ ਹੀ ਆਪਣੇ ਮਨ ਦੀ ਗੱਲ ਸਾਂਝੀ ਕਰ ਲਈ। ਇੰਝ ਜਿਵੇਂ ਕੋਈ ਆਪਣੇ ਆਪ ਨਾਲ ਹੀ ਬੁੜਬੁੜਾ ਰਿਹਾ ਹੋਵੇ ਕਿਸੇ ਗੱਲ ਦੀ ਪ੍ਰੋੜਤਾ ਲਈ।

"ਠੀਕ ਏ ਫਿਰ ਮੈਂ ਵੀ ਆਪਣੇ ਮੰਮੀ ਪਾਪਾ ਨੂੰ ਮਿਲ ਆਵਾਂਗੀ। ਇੰਜ ਕਰਦੇ ਆਂ ਪਹਿਲਾਂ ਆਪਾਂ ਦਿੱਲੀ ਚਲਾਂਗੇ, ਇੰਸਟੀਚਿਊਟ ਵਿੱਚ ਦੋਸਤਾਂ ਮਿੱਤਰਾਂ ਨੂੰ ਮਿਲ ਲਵਾਂਗੇ। ਮੇਰੇ ਮੰਮੀ ਪਾਪਾ ਨੂੰ ਮਿਲ ਕੇ ਫਿਰ......," ਉਸ ਗੱਲ ਅਧੂਰੀ ਛੱਡ ਦਿੱਤੀ।

"ਫਿਰ ਕੀ?" ਡਾ: ਮਾਹੀ ਨੇ ਜਗਿਆਸਾ ਵੱਸ ਪੁੱਛਿਆ।

"ਫਿਰ ਪੰਜਾਬ ਚਲਾਂਗੇ, ਤੁਹਾਡੇ ਪਿੰਡ," ਡਾ: ਸਵੀ ਨੇ ਵਾਕ ਪੂਰਾ ਕਰ ਦਿੱਤਾ।

"ਤੁਸੀਂ ਚਲੋਗੇ? ਮੇਰੇ ਨਾਲ? ਮੇਰੇ ਪਿੰਡ?" ਡਾ: ਮਾਹੀ ਹੈਰਾਨ ਸੀ।

"ਕਿਉਂ? ਤੁਸੀਂ ਤੇ ਕਿਹਾ ਸੀ ਭਈ ਪਿੰਡਾਂ ਦੇ ਖੇਤ, ਪਿੰਡਾਂ ਦੀ ਸਾਫ਼ ਸੁਥਰੀ ਹਵਾ ਤੇ ਹੋਰ ਬੜਾ ਕੁੱਝ! ਮੈਨੂੰ ਨਹੀਂ ਵਿਖਾਓਗੇ ਆਪਣਾ ਪਿੰਡ?" ਡਾ: ਸਵੀ ਨੇ ਪੁਰਾਣੀ ਗੱਲ ਚੇਤੇ ਕਰਵਾਈ।

"ਕਿਉਂ ਨਹੀਂ? ਜ਼ਰੂਰ ਬਰ ਜ਼ਰੂਰ, ਮੋਸਟ ਵੈੱਲਕਮ," ਡਾ: ਮਾਹੀ ਨੇ ਗੁੱਟਕਦਿਆਂ ਸੱਦਾ ਦੇ ਦਿੱਤਾ।

ਚੱਲਦਾ...

ਗੁਰਚਰਨ ਕੌਰ ਥਿੰਦ ਲੇਖਕ, ਸੋਸ਼ਲ ਐਕਟਵਿਸਟ ਅਤੇ ਰਿਟਾਇਰਡ ਅਧਿਆਪਕ ਹੈ। ਉਸਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਿਹ, ਚਾਰ ਨਾਵਲ (ਦੋ ਸਾਇੰਸ ਫਿਕਸ਼ਨ) ਦੋ ਲੇਖ-ਸੰਗ੍ਰਿਹ ਅਤੇ ਇੱਕ ਸਫ਼ਰਨਾਮਾ ਛੱਪ ਚੁੱਕਾ ਹੈ। ਇੱਕ ਹਿੰਦੀ ਵਿੱਚ ਅਨੁਵਾਦਤ ਕਹਾਣੀ ਸੰਗ੍ਰਿਹ ਅਤੇ ਇੱਕ ਨਾਵਲ ਅੰਗਰੇਜ਼ੀ ਵਿੱਚ ਛਪਿਆ ਹੈ। ਉਹ ਪਿੰਡ ਚੁਹਾਨ, ਜ਼ਿਲਾ ਅੰਮ੍ਰਿਤਸਰ ਤੋਂ ਹਨ ਤੇ ਅੱਜ-ਕੱਲ ਕੈਲਗਰੀ, ਕੈਨੇਡਾ ਵਿੱਚ ਰਹਿੰਦੇ ਹਨ।



ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2102

ਸਾਨੂੰ ਸਾਰਿਆਂ ਨੂੰ ਅਜੀਬੋ ਗਰੀਬ ਸੁਪਨੇ ਆਉਣੇ ਸ਼ੁਰੂ ਹੋ ਗਏ ਹਨ। ਸ਼ਾਇਦ ਇਹ ਪ੍ਰਿਥਵੀ ਤੋਂ ਇੰਨੀ ਦੂਰ ਹੋਣ ਕਰਕੇ ਤੇ ਯਾਨ ਦੇ ਅੰਦਰ ਹੀ ਬੰਦ ਰਹਿਣ ਕਰਕੇ ਹੈ। ਹਾਲਾਂਕਿ ਯਾਨ ਵਿੱਚ ਰਾਤ ਦਿਨ ਬਨਾਵਟੀ (Simulate) ਬਣਾਏ ਗਏ ਹਨ ਜੋ ਕਿ ਮੁੱਖ ਕੰਪਿਊਟਰ ਕੰਟਰੋਲ ਕਰਦਾ ਹੈ ਪਰ ਫੇਰ ਸਾਨੂੰ ਰਾਤ ਦਿਨ ਦਾ ਉਹ ਅਸਲੀ ਅਹਿਸਾਸ ਨਹੀਂ ਹੁੰਦਾ। ਜਿਸ ਕਰਕੇ ਰਾਤ ਨੂੰ ਨੀਂਦ ਚੰਗੀ ਤਰ੍ਹਾਂ ਨਹੀਂ ਆਉਂਦੀ ਤੇ ਸਵੇਰੇ ਉੱਠਣ ਵੇਲਿਆਂ ਬਹੁਤ ਜ਼ੋਰ ਦੀ ਨੀਂਦ ਆਉਂਦੀ ਹੈ - ਗੂੜ੍ਹੀ ਅੱਖ ਲੱਗ ਜਾਂਦੀ ਹੈ ਤੇ ਉੱਠ ਨਹੀਂ ਹੁੰਦਾ। ਹਰ ਰੋਜ਼ ਅਲੱਗ ਅਲੱਗ ਕਿਸਮ ਦੇ ਚੰਗੇ ਬੁਰੇ ਤੇ ਭਿਆਨਕ ਸੁਪਨੇ ਆਉਂਦੇ ਹਨ। ਤੇ ਉਹਨਾਂ ਸੁਪਨਿਆਂ ਵਿੱਚ ਜ਼ਿਆਦਾਤਰ ਅਸੀਂ ਪ੍ਰਿਥਵੀ ’ਤੇ ਹੀ ਹੁੰਦੇ ਹਾਂ। ਡਾ: ਰੀਨਾ ਸਾਰਿਆਂ ਦਾ ਚੰਗੀ ਤਰ੍ਹਾਂ ਖ਼ਿਆਲ ਰੱਖ ਰਹੀ ਹੈ। ਉਸਨੂੰ ਆਪ ਵੀ ਅਜੀਬੋ ਗਰੀਬ ਸੁਪਨੇ ਆਉਂਦੇ ਹਨ ਪਰ ਇੰਨੇ ਜ਼ਿਆਦਾ ਸੁਪਨੇ ਨਹੀਂ ਆਉਦੇ ਜਿੰਨੇ ਸਾਨੂੰ ਚਾਰੇ ਮਰਦਾਂ ਨੂੰ ਆਉਂਦੇ ਹਨ। ਸ਼ਾਇਦ ਸਾਨੂੰ ਜ਼ਿਆਦਾ ਮਾਨਸਿਕ ਬੋਝ ਤੇ ਤਣਾਅ ਪ੍ਰੇਸ਼ਾਨ ਕਰ ਰਿਹਾ ਹੈ। ਰੀਨਾ ਨੇ ਸਾਡੇ ਸਾਰਿਆਂ ਦੇ ਕਮਰੇ ਦਾ ਤਾਪਮਾਨ ਵੀ ਸਹੀ ਕੀਤਾ ਹੈ, ਤਾਂ ਜੋ ਉਹ ਬਹੁਤ ਗਰਮ ਨਾ ਹੋਵੇ। ਉਸਨੇ ਦੱਸਿਆ ਕਿ ਮਨੁੱਖੀ ਸਰੀਰ ਦੇ ਸੌਣ ਲਈ ਕਮਰੇ ਦਾ ਤਾਪਮਾਨ 18 ਡਿਗਰੀ ਸੈਲਸੀਅਸ ਹੋਣਾ ਚਾਹੀਦਾ ਹੈ। ਉਸਨੇ ਦਵਾਈਆਂ ਤੇ ਵਿਟਾਮਿਨ ਵੀ ਦਿੱਤੇ ਹਨ। ਦੇਖੋ ਜੇ ਫਰਕ ਪੈਂਦਾ ਹੈ?

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2103

ਪਿਛਲਾ ਸਾਲ ਵੀ ਆਮ ਜਿਹਾ ਹੀ ਰਿਹਾ, ਕੋਈ ਖ਼ਾਸ ਘਟਨਾ ਨਹੀਂ ਘਟੀ। ਬੱਸ ਓਹੀ ਰੁਟੀਨ ਦੇ ਕੰਮ, ਯਾਨ ਨੂੰ ਆਪਣੀ ਮੰਜ਼ਿਲ ਵੱਲ ਚੱਲਦੇ ਰੱਖਣਾ, ਉਸਦਾ ਸੰਚਾਲਨ ਬਰਕਰਾਰ ਰੱਖਣਾ। ‘ਕਲਪਨਾ’ ਆਪਣੇ ਪੱਥ ’ਤੇ ਲਗਾਤਾਰ ਵੱਧ ਰਿਹਾ ਹੈ ਤੇ ਆਪਣੀ ਮੰਜ਼ਿਲ ਦੇ ਹੋਰ ਨੇੜੇ ਹੋ ਰਿਹਾ ਹੈ। ਡਾ: ਰੀਨਾ ਦਾ ਬਹੁਤ ਧੰਨਵਾਦ ਕਰਨਾ ਬਣਦਾ ਹੈ। ਉਸਨੇ ਸਾਡੇ ਚਾਰੇ ਜਾਗਦੇ ਕਰੂ ਮੈਂਬਰਾਂ ਨਾਲ਼ ਬਹੁਤ ਸਮਾਂ ਬਿਤਾ ਕੇ ਸਾਨੂੰ ਭਿਆਨਕ ਸੁਪਨਿਆਂ, ਇਕਾਂਤ, ਸੁੰਨੇਪਣ, ਤਨਹਾਈ ਤੋਂ ਬਚਾਉਣ ਲਈ ਦਿਨ ਰਾਤ ਅਣਥੱਕ ਕੋਸ਼ਿਸ਼ ਕੀਤੀ, ਜਿਸ ਕਰਕੇ ਹੁਣ ਅਸੀਂ

ਕਾਫ਼ੀ ਹੱਦ ਤੱਕ ਠੀਕ ਹਾਂ। ਹਾਲਾਂਕਿ ਪ੍ਰਿਥਵੀ ਦੇ ਤੇ ਭਿਆਨਕ ਸੁਪਨਿਆਂ ਨੇ ਭਾਵੇਂ ਆਉਣਾ ਬੰਦ ਨਹੀਂ ਕੀਤਾ, ਪਰ ਉਸਨੇ ਸਾਨੂੰ ਸਿਖਾਇਆ ਹੈ ਕਿ ਕਿਵੇਂ ਆਪਣੇ ਆਪ ਨੂੰ ਕੰਮ ਵਿੱਚ ਮਸਰੂਫ ਰੱਖਣਾ ਹੈ, ਕਿਵੇਂ ਕਸਰਤ ਨਾਲ਼ ਆਪਣੇ ਆਪ ਨੂੰ ਥਕਾਉਣਾ ਹੈ, ਧਿਆਨ ਲਗਾਉਣ ਨਾਲ਼ ਕਿਵੇਂ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਸ਼ਾਂਤ ਤੇ ਸੰਤੁਲਿਤ ਰੱਖਣਾ ਹੈ, ਸ਼ੁਕਰਾਨੇ ਤੇ ਅਰਦਾਸ ਦੀ ਭਾਵਨਾ ਵਿੱਚ ਕਿੰਨੀ ਸ਼ਕਤੀ ਹੈ! ਰੀਨਾ ਤੋਂ ਵਗੈਰ ਅਸੀਂ ਤਾਂ ਇੱਥੇ ਗਹਿਨ ਅੰਤਰਿਕਸ਼ ਵਿੱਚ ਪਾਗਲ ਹੋ ਜਾਣਾ ਸੀ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2104

ਆਖਿਰਕਾਰ ਪ੍ਰਿਥਵੀ ਤੋਂ ਸੰਦੇਸ਼ ਪਹੁੰਚ ਗਿਆ ਜੋ ਕਿ ਇੱਕ ਸਾਲ ਪੁਰਾਣਾ ਸੀ। ਉਹਨਾਂ ਦੇ ਹਿਸਾਬ ਨਾਲ਼ ਅਸੀਂ ਸਹੀ ਮਾਰਗ ਤੇ ਜਾ ਰਹੇ ਹਾਂ। ਉਹਨਾਂ ਨੂੰ ਸਾਡੇ ਸੰਦੇਸ਼ ਨਿਰੰਤਰ ਮਿਲ਼ ਰਹੇ ਹਨ। ਬੱਸ ਸਿਰਫ਼ ਉਹਨਾਂ ਦੇ ਗਹਿਰੇ ਅੰਤਰਿਕਸ਼ ਨੈੱਟਵਰਕ (Deep Space Network) ਵਿੱਚ ਥੋੜ੍ਹੀ ਜਿਹੀ ਖਰਾਬੀ ਆ ਗਈ ਸੀ ਜੋ ਹੁਣ ਠੀਕ ਹੋ ਗਈ ਹੈ। ਪਰ ਅਸੀਂ ਡੇਢ ਪ੍ਰਕਾਸ਼ ਵਰ੍ਹੇ ਤੱਕ ਪਹੁੰਚ ਚੁੱਕੇ ਹਾਂ ਤੇ ਹੁਣ ਉਹਨਾਂ ਦਾ ਅਗਲਾ ਸੰਦੇਸ਼ ਪਤਾ ਨਹੀਂ ਕਦ ਮਿਲ਼ੇਗਾ ਤੇ ਸ਼ਾਇਦ ਨਾ ਵੀ ਮਿਲ਼ੇ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2105

ਅਜੇ ਅਸੀਂ ਅੱਧੀ ਦੂਰੀ ਤੇ ਨਹੀਂ ਪਹੁੰਚੇ। ਸੂਰਜ ਦਾ ਗੁਰੁਤਾਕਰਸ਼ਣ ਇੱਥੇ ਤੱਕ ਵੀ ਆਪਣੀ ਖਿੱਚ ਪਾ ਰਿਹਾ ਹੈ। ਪਰ 'ਕਲਪਨਾ' ਉਸਦੇ ਘੇਰੇ ਵਿੱਚੋਂ ਨਿਰੰਤਰ ਨਿੱਕਲਦਾ ਜਾ ਰਿਹਾ ਹੈ। ਬਹੁਤ ਜਲਦੀ ਹੀ ਪ੍ਰਥਮ ਕਿੰਨਰ ਸਿਤਾਰਾ ਮੰਡਲ ਦੇ ਤਿੰਨ ਸੂਰਜ ਆਪਣੀ ਗੁਰੁਤਾਕਰਸ਼ਣ ਖਿੱਚ ਪਾਉਣੀ ਸ਼ੁਰੂ ਕਰ ਦੇਣਗੇ। ਨੀਲ ਆਪਣਾ ਸ਼ੌਂਕ ਵੀ ਪੂਰਾ ਕਰ ਰਿਹਾ ਹੈ ਤੇ ਪ੍ਰਥਮ ਕਿੰਨਰ ਸਿਤਾਰਾ ਮੰਡਲ ਦਾ ਵੀ ਅਧਿਐਨ ਕਰ ਰਿਹਾ ਹੈ। ਉਸਦਾ ਸ਼ੌਂਕ ਸਾਡੇ ਸਾਰਿਆਂ ਤੋਂ ਵਧੀਆ ਹੈ ਜੋ ਉਸਦਾ ਕੰਮ ਵੀ ਹੈ। ਜੇ ਤੁਹਾਡਾ ਸ਼ੌਂਕ ਹੀ ਤੁਹਾਡਾ ਕੰਮ ਵੀ ਹੋ ਜਾਵੇ ਤਾਂ ਉਹ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਹੈ!

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2106

ਯਕੀਨ ਨਹੀਂ ਹੋ ਰਿਹਾ ਕਿ ਅਸੀਂ ਦੋ ਪ੍ਰਕਾਸ਼ ਵਰ੍ਹੇ ਦੂਰ ਪਹੁੰਚ ਗਏ ਹਾਂ। ਜੋ ਕਿ ਅਜੇ ਅੱਧਾ ਰਸਤਾ ਨਹੀਂ ਹੈ। ਪਰ 'ਕਲਪਨਾ' ਬਿਨਾ ਕਿਸੇ ਰੋਕ ਦੇ ਅੰਤਰਿਕਸ਼ ਸਮੁੰਦਰ ਵਿੱਚ ਕੂਚ ਕਰਦਾ ਜਾ ਰਿਹਾ ਹੈ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2107

ਆਖਿਰਕਾਰ ਅਸੀਂ ਅੱਧਾ ਰਸਤਾ ਪਾਰ ਕਰ ਗਏ ਹਾਂ। ਪੂਰੇ ਅਮਲੇ ਨੇ ਅੱਧੇ ਰਸਤੇ ਵਿੱਚ ਪਹੁੰਚਣ ਤੇ ਸਾਰੇ ਵਿਗਿਆਨਕਾਂ, ਇੰਜਨੀਅਰਾਂ ਤੇ ਕੁਦਰਤ ਦਾ ਸ਼ੁਕਰ ਕੀਤਾ ਤੇ ਮਿਸ਼ਨ ਦੀ ਸਫ਼ਲਤਾ ਲਈ ਅਰਦਾਸ ਕੀਤੀ। ਇਸ ਤਰ੍ਹਾਂ ਕਰਨਾ ਸਾਨੂੰ ਡਾ: ਰੀਨਾ ਨੇ ਹੀ ਦੱਸਿਆ ਹੈ ਜੋ ਕਿ ਸਦਾ ਧਿਆਨ ਕੇਂਦਰਿਤ ਰੱਖਣ ਵਿੱਚ ਬਹੁਤ ਮਦਦ ਕਰ ਰਿਹਾ ਹੈ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2108

'ਕਲਪਨਾ' ਯਾਨ ਦੇ ਪਤਵਾਰ ਦਾ ਪ੍ਰਥਮ ਕਿੰਨਰ ਤਾਰਾ ਮੰਡਲ ਦੇ ਸਿਤਾਰਿਆਂ ਦੀ ਦਿਸ਼ਾ ਤੋਂ ਲੌਕ (Lock) ਟਿਕਿਆ ਨਹੀਂ ਰਿਹਾ ਜਿਸ ਕਰਕੇ ਥੋੜ੍ਹੇ ਸਮੇਂ ਲਈ 'ਕਲਪਨਾ' ਦੇ ਮੁੱਖ ਕੰਪਿਊਟਰ ਨੂੰ ਪੱਥ ਪ੍ਰਦਰਸ਼ਨ ਕਰਨ ਵਿੱਚ ਸਫ਼ਲਤਾ ਨਹੀਂ ਮਿਲ਼ੀ। ਅੰਤਰਿਕਸ਼ ਦੇ ਇਸ ਸਿਆਹ ਕਾਲ਼ੇ ਤੇ ਡੂੰਘੇ ਖੇਤਰ ਵਿੱਚ ਮਾਰਗ ਦਰਸ਼ਨ ਕਰਨ ਲਈ ਪਤਵਾਰ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਪਰ ਜਲਦੀ ਹੀ ਕੁੱਝ ਦਿਨਾਂ ਬਾਅਦ ਉਹ ਪਤਵਾਰ ਠੀਕ ਹੋ ਗਿਆ ਤੇ 'ਕਲਪਨਾ' ਪ੍ਰਥਮ ਕਿੰਨਰ ਤਾਰਾ ਮੰਡਲ ਦੇ ਸਹੀ ਰਸਤੇ ਤੇ ਪੈ ਗਿਆ। ਪ੍ਰਕਾਸ਼ਮਈ ਸੁਚਕਾਂ ਦੇ ਵਿੱਚ ਗੜਬੜ ਹੋ ਗਈ ਸੀ ਜੋ ਕਿ ਪ੍ਰਥਮ ਕਿੰਨਰ ਤੋਂ ਹਟ ਕੇ ਕਿਸੇ ਹੋਰ ਸਿਤਾਰੇ ਤੇ ਕੇਂਦਰਿਤ ਹੋ ਗਏ ਸਨ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2109

ਅਸੀਂ ਆਪਣੀ ਮੰਜ਼ਿਲ ਪ੍ਰਥਮ ਕਿੰਨਰ ਸਿਤਾਰਾ ਮੰਡਲ ਦੇ ਹੋਰ ਨੇੜੇ ਹੋਈ ਜਾ ਰਹੇ ਹਾਂ। 'ਕਲਪਨਾ' ਅੰਤਰਿਕਸ਼ ਦੇ ਵਿੱਚ ਬਿਨਾ ਕਿਸੇ ਰੋਕ ਦੇ ਨਿਰੰਤਰ ਉਡਦਾ ਜਾ ਰਿਹਾ ਹੈ। 'ਕਲਪਨਾ' ਦੀ ਦੂਰਬੀਨ ਵਿੱਚ ਅਸੀਂ ਪ੍ਰਥਮ ਕਿੰਨਰ ਸਿਤਾਰਾ ਮੰਡਲ ਹੁਣ ਅਸਾਨੀ ਨਾਲ਼ ਦੇਖ ਸਕਦੇ ਹਾਂ। ਛੋਟੇ ਲਾਲ ਵਾਮਨ ਅਗਾਮੀ ਕਿੰਨਰ ਦੇ ਕੋਲ਼ ਅਸੀਂ ਪਹਿਲਾਂ ਪਹੁੰਚਾਂਗੇ। 'ਕਲਪਨਾ' ਦੀ ਉਡਾਣ ਨੂੰ ਉਸ ਤਿੰਨ ਸਿਤਾਰਿਆਂ ਦੇ ਦਰਮਿਆਨ ਸਹੀ ਦਿਸ਼ਾ ਵੱਲ ਰੱਖਣਾ ਥੋੜ੍ਹਾ ਔਖਾ ਹੋਏਗਾ ਕਿਓਂਕਿ ਤਿੰਨ ਸਿਤਾਰਿਆਂ ਦੀ

ਗੁਰੁਤਾਕਰਸ਼ਣ ਖਿੱਚ ਬਹੁਤ ਸ਼ਕਤੀਸ਼ਾਲੀ ਹੋਏਗੀ। ਇਹ ਚੰਗੀ ਗੱਲ ਹੈ ਕਿ 'ਕਲਪਨਾ' ਦਾ ਪੱਥ ਪ੍ਰਿਥਵੀ ਤੋਂ ਹੀ ਪੰਚਾਂਗ (Ephemeris) ਦੀ ਸਹਾਇਤਾ ਨਾਲ਼ ਪਹਿਲਾਂ ਹੀ ਯੋਜਨਾਬੱਧ ਕੀਤਾ ਹੋਇਆ ਹੈ। ਉਸਨੂੰ ਚੱਲਦਾ ਰੱਖਣ ਵਾਲ਼ੇ ਨਿਊਕਲੀਅਰ ਬਾਲਣ ਦੀ ਮਾਤਰਾ ਦੀ ਗਣਨਾ ਦਾ ਹਿਸਾਬ ਵਿਗਿਆਨਕਾਂ ਨੇ ਬਹੁਤ ਧਿਆਨ ਨਾਲ਼ ਲਗਾਇਆ ਹੋਇਆ ਹੈ, ਜਿਸ ਵਿੱਚ ਉਹਨਾਂ ਨੇ ਗ਼ਲਤੀ ਹੋਣ ਦੀ ਕੋਈ ਥਾਂ ਨਹੀਂ ਛੱਡੀ । ਬਿਲਕੁਲ ਅਜੇ ਤੱਕ ਉਂਨਾ ਹੀ ਬਾਲਣ ਵਰਤਿਆ ਗਿਆ ਹੈ ਜਿੰਨਾ ਕੇ ਇੱਥੇ ਪ੍ਰਿਥਵੀ ਤੋਂ ਇੰਨੀ ਦੂਰ 4.3 ਪ੍ਰਕਾਸ਼ ਵਰ੍ਹੇ ਲਈ ਲੋੜੀਂਦਾ ਸੀ। ਤੇ ਹੁਣ ਵਾਪਸ ਜਾਣ ਵਾਸਤੇ ਸਾਡੇ ਕੋਲ਼ ਉਚਿਤ ਬਾਲਣ ਹੈ, ਜੋ ਕਿ ਬਹੁਤ ਚੰਗੀ ਖ਼ਬਰ ਹੈ।

ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2110

ਜਿਵੇਂ ਜਿਵੇਂ ਅਸੀਂ ਪ੍ਰਥਮ ਕਿੰਨਰ ਸਿਤਾਰਾ ਮੰਡਲ ਦੇ ਨੇੜੇ ਪਹੁੰਚ ਰਹੇ ਹਾਂ, 'ਕਲਪਨਾ' ਦਾ ਪੂਰਾ ਅਮਲਾ ਬਹੁਤ ਉਤੇਜਿਤ ਤੇ ਰੁਮਾਂਚਿਤ ਹੋ ਰਹੀ ਹੈ। ਇੱਥੋਂ ਦਾ ਅੰਤਰਿਕਸ਼ ਪ੍ਰਿਥਵੀ ਤੋਂ ਬਹੁਤ ਹੀ ਅਲੱਗ ਕਿਸਮ ਦਾ ਹੈ। ਦੂਰ ਦੂਰ ਦੇ ਨੈਬੂਲਾ ਸਿਤਾਰਿਆਂ ਦੀ ਲਲਿਮਾ ਦਿਲ ਨੂੰ ਦਹਿਲਾ ਦੇਣ ਵਾਲ਼ੀ ਹੈ। ਅੰਤਿਰਕਸ਼ ਦੇ ਵਿੱਚ ਤਾਰਿਆਂ ਦੇ ਸਮੂਹ ਨੂੰ ਦੇਖ ਕੇ ਮਸ਼ਹੂਰ ਪੇਂਟਰ ਵੈਨ ਗੌਗ ਦੀ 'ਸਿਤਾਰਿਆਂ ਵਾਲ਼ੀ ਰਾਤ (Starry Night)' ਪੇਂਟਿੰਗ ਦੀ ਯਾਦ ਆ ਰਹੀ ਹੈ। ਕਿੰਨੀ ਸ਼ਿੱਦਤ ਤੇ ਖ਼ੂਬਸੂਰਤੀ ਨਾਲ਼ ਉਸਨੇ ਉਹ ਅਲੌਕਿਕ ਦ੍ਰਿਸ਼ ਚਿੱਤਰਿਆ ਸੀ। ਅਸੀਂ ਮੰਜ਼ਿਲ ਤੇ ਪਹੁੰਚ ਕੇ ਕਰਨ ਵਾਲ਼ੇ ਕਾਰਜਾਂ ਦੀ ਪੂਰੀ ਤਿਆਰੀ ਕਰ ਰਹੇ ਹਾਂ ਤੇ ਬਹੁਤ ਵਿਅਸਤ ਹਾਂ, ਜੋ ਕਿ ਚੰਗੀ ਗੱਲ ਹੈ ਜਿਸ ਨਾਲ਼ ਸਾਨੂੰ ਗਹਿਰੀ ਨੀਂਦ ਆਉਂਦੀ ਹੈ ਤੇ ਵਿਕੋਲਿਤਰੇ ਖ਼ਿਆਲ ਤੇ ਸੁਪਨੇ ਨਹੀਂ ਆਉਂਦੇ।

ਤਿੰਨ ਸੂਰਜ

ਰੌਬਰਟ ਸਿੰਘ ਨੇ ਆਪਣੀ ਸਹਿ-ਚਾਲਕ ਰੀਨਾ ਨੂੰ ਬੜੇ ਪਿਆਰ ਨਾਲ਼ ਵੇਖਿਆ ਤੇ ਕਿਹਾ - 'ਹੁਣ ਅਸੀਂ ਪ੍ਰਥਮ ਕਿੰਨਰ ਦੇ ਕੋਲ਼ ਪੁੱਜਣ ਹੀ ਵਾਲ਼ੇ ਹਨ। ਪਤਾ ਹੀ ਨਹੀਂ ਚੱਲਿਆ ਦਸ ਸਾਲ ਕਿੰਝ ਬੀਤ ਗਏ! ਸਿਰਫ਼ ਤੇ ਸਿਰਫ਼ ਤੇਰੇ ਸਾਥ ਦੇ ਕਰਕੇ, ਨਹੀਂ ਤਾਂ ਇਹ ਸਫ਼ਰ ਮੁਸ਼ਕਿਲ ਕੱਟਣਾ ਸੀ।'

ਰੀਨਾ ਨੇ ਵੀ ਪਿਆਰ ਭਰੀਆਂ ਨਜ਼ਰਾਂ ਨਾਲ਼ ਉਸਦੇ ਵੱਲ ਵੇਖਿਆ - 'ਹਾਂ, ਮੇਰੇ ਲਈ ਵੀ ਤੁਹਾਡਾ ਸਾਥ ਬਹੁਤ ਪਿਆਰਾ ਹੈ। ਤੇ ਸ਼ਾਲਾ ਇਹ ਪਿਆਰ ਭਰਿਆ ਸਾਥ ਸਦੀਵੀ ਬਣਿਆ ਰਹੇ - ਪ੍ਰਥਮ ਕਿੰਨਰ ਤੇ ਪੁੱਜ ਕੇ ਵੀ! ਉੱਥੇ ਪਹੁੰਚ ਕੇ ਅਸੀਂ ਸਭ ਹੋਰ ਵੀ ਮਸਰੂਫ਼ ਹੋ ਜਾਵਾਂਗੇ। ਪਰ ਤੁਸੀਂ ਮੇਰਾ ਸਾਥ ਨਾ ਛੱਡਿਓ!'

'ਕਦੇ ਨਹੀਂ, ਤੂੰ ਮੇਰੇ ਲਈ ਇਸ ਮਿਸ਼ਨ ਦੀ ਇੱਕ ਪਿਆਰ ਭਰੀ ਭਾਲ਼ ਏਂ। ਇਸਤੋਂ ਪਹਿਲਾਂ ਮੈਂ ਅਧੂਰਾ ਸੀ। ...' ਰੌਬਰਟ ਨੇ ਆਖਿਆ।

ਉਹ ਦੋਵੇਂ ਪਹਿਲੀ ਵਾਰ 'ਕਲਪਨਾ' ਮਿਸ਼ਨ ਦੀ ਟ੍ਰੇਨਿੰਗ 'ਤੇ ਹੀ ਮਿਲ਼ੇ ਸਨ। ਦੋਵਾਂ ਨੂੰ ਇੱਕ ਦੂਜੇ ਪ੍ਰਤੀ ਅਜੀਬ ਜਿਹਾ ਆਕ੍ਰਸ਼ਣ ਮਹਿਸੂਸ ਹੋਇਆ ਜੋ ਕਿ ਇਸ ਮਿਸ਼ਨ ਦੌਰਾਨ ਪਿਆਰ ਵਿੱਚ ਬਦਲ ਗਿਆ। ਦੋਵੇਂ ਇੱਕ ਦੂਜੇ ਦੇ ਸਾਥ ਨਾਲ਼ ਬਹੁਤ ਖ਼ੁਸ਼ ਸਨ, ਤੇ ਉਸਨੂੰ ਸਦਾ ਬਰਕਰਾਰ ਰੱਖਣਾ ਚਾਹੁੰਦੇ ਸਨ!

ਯਾਨ ਤੋਂ ਬਾਹਰ ਦੇਖਣ ਤੇ ਉਹਨਾਂ ਨੂੰ ਤਿੰਨ ਚਮਕਦੇ ਸੂਰਜ ਦਿਖਾਈ ਦੇ ਰਹੇ ਸਨ - ਇੱਕ ਵਿਸ਼ਾਲ ਤੇ ਦੋ ਮੱਧਮ ਸੰਗਤਰੀ ਤੇ ਲਾਲ ਸੂਰਜ! ਉਹਨਾਂ ਨੂੰ ਇੱਥੋਂ ਦਾ ਆਕਾਸ਼ ਬੜਾ ਅੱਲਗ-ਅੱਲਗ ਪ੍ਰਤੀਤ ਹੋ ਰਿਹਾ ਸੀ। ਕਿਓਂਕਿ ਇੱਥੋਂ ਉਹ ਹੋਰ ਵੀ ਸਿਤਾਰੇ, ਨੈਬੂਲਾ ਤੇ ਆਕਾਸ਼ਗੰਗਾ ਦੇਖ ਸਕਦੇ ਸਨ। ਬਹੁਤ ਹੀ ਖ਼ੂਬਸੂਰਤ ਦ੍ਰਿਸ਼ ਸੀ, ਜਿਸਨੂੰ ਬਿਆਨ ਕਰਨਾ ਮੁਸ਼ਕਿਲ ਸੀ! ਅਗਾਮੀ ਕਿੰਨਰ ਦੀ ਚਮਕ-ਦਮਕ ਜੋ ਕਿ ਕਦੇ ਮੱਧਮ ਤੇ ਕਦੇ ਤੇਜ਼ ਹੋ ਜਾਂਦੀ ਸੀ, ਜਿਵੇਂ ਅੰਤਰਿਕਸ਼ ਵਿੱਚ ਆਤਿਸ਼ਬਾਜ਼ੀ ਵਾਂਗ ਪ੍ਰਤੀਤ ਹੋ ਰਹੀ ਸੀ, ਤੇ ਉਸਦੇ ਪਿੱਛੇ ਜੁੜਵਾਂ ਸਿਤਾਰੇ ਪ੍ਰਥਮ ਕਿੰਨਰ ਇੱਕ ਤੇ ਦੋ ਸੰਗਤਰੀ ਭਾਹ ਵਿਖੇਰ ਰਹੇ ਸਨ। ਉਹਨਾਂ ਦੇ ਪਿੱਛੇ ਜਿਵੇਂ ਅਣਗਿਣਤ ਸਿਤਾਰਿਆਂ ਦੀ ਚਾਂਦੀ ਰੰਗੀ ਤੇ ਨੀਲੀ ਚਮਕ ਇੱਕ ਅਜਬ ਨਜ਼ਾਰਾ ਪੇਸ਼ ਕਰ ਰਹੀ ਸੀ। ਹਾਲਾਂਕਿ ਉਹ ਸਿਤਾਰੇ ਬਹੁਤ ਦੂਰ ਸਨ, ਪਰ ਇਕੱਠੇ ਚਮਕਣ ਕਰਕੇ ਇੱਕ ਨੈਬੂਲਾ ਜਾਂ ਆਕਾਸ਼ਗੰਗਾ ਦਾ ਭੁਲੇਖਾ ਪਾ ਰਹੇ ਸਨ। ਇੱਥੋਂ ਦਾ ਅੰਤਰਿਕਸ਼ ਬਹੁਤ ਅਲੌਕਿਕ ਤੇ ਅਤਿ ਖ਼ੂਬਸੂਰਤ ਸੀ। ਪਰ ਇੱਕੋ ਸਮੇਂ ਉਹ ਅੰਤਰਿਕਸ਼ ਡਰਾਵਣਾ ਤੇ ਭੇਦਭਰਿਆ ਵੀ ਲੱਗ ਰਿਹਾ ਸੀ। ਰੌਬਰਟ ਨੂੰ ਇੱਕ ਦਮ ਆਪਣੀ ਧਰਤੀ ਦੀ ਯਾਦ ਆ ਗਈ, ਹੁਣ ਜਦੋਂ ਉਹ ਧਰਤੀ ਤੋਂ 4 ਪ੍ਰਕਾਸ਼ ਵਰ੍ਹੇ ਤੋਂ ਵੀ ਜ਼ਿਆਦਾ ਦੂਰ ਸੀ!

'ਸਾਨੂੰ ਹੁਣ ਯਾਨ ਦੀ ਦਿਸ਼ਾ ਪ੍ਰਥਮ ਕਿੰਨਰ ਇੱਕ ਦੇ ਗ੍ਰਹਿ ਗੰਧਰਵ ਵੱਲ ਕਰ ਦੇਣੀ ਚਾਹੀਦੀ ਹੈ। ਜੋ ਕਿ ਜੀਵਨ ਹੋਂਦ ਦੇ ਘੇਰੇ ਵਿੱਚ ਹੈ।' ਰੀਨਾ ਨੇ ਸਲਾਹ ਦਿੱਤੀ।

'ਬਿਲਕੁਲ ਠੀਕ ਹੈ। ਤੂੰ ਕੰਪਿਊਟਰ ਨੂੰ ਨਿਰਦੇਸ਼ ਦੇ ਦੇ। '

ਰੀਨਾ ਨੇ ਕੰਪਿਊਟਰ ਨੂੰ ਨਿਰਦੇਸ਼ ਦੇ ਦਿੱਤਾ ਤੇ ਨਾਲ਼ ਆਪਣੇ ਬਾਕੀ ਸਾਥੀਆਂ ਨੂੰ ਵੀ ਅਨਾਊਂਸਮੈਂਟ ਕਰ ਕੇ ਦੱਸ ਦਿੱਤਾ। ਉਹਨਾਂ ਦੇ ਇੱਕ ਸਾਥੀ ਯੂਰੀ ਨੇ ਯਾਦ ਕਰਾਇਆ ਕਿ ਉਹਨਾਂ

ਨੂੰ ਅਗਾਮੀ ਕਿੰਨਰ ਬੀ ਦੇ ਬਾਰੇ ਵੀ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ।

ਗੰਧਰਵ ਗ੍ਰਹਿ ਵਲ੍ਹ ਜਾਣ ਤੋਂ ਪਹਿਲਾਂ ਉਹਨਾਂ ਨੇ ਯਾਨ ਨੂੰ ਅਗਾਮੀ ਕਿੰਨਰ ਦੇ ਗ੍ਰਹਿ ਅਗਾਮੀ ਕਿੰਨਰ ਬੀ ਦੇ ਦੁਆਲ਼ੇ ਤੇਜ਼ੀ ਨਾਲ਼ ਗੁਜ਼ਰਨ ਦਾ ਨਿਰਦੇਸ਼ ਵੀ ਦੇ ਦਿੱਤਾ ਤਾਂ ਜੋ ਉਹ ਉਸ ਗ੍ਰਹਿ ਬਾਰੇ ਜਾਣਕਾਰੀ ਤੇ ਅੰਕੜੇ ਇਕੱਠੇ ਕਰ ਸਕਣ। ਉੱਥੇ ਜੀਵਨ ਦੀ ਸੰਭਾਵਨਾ ਤਾਂ ਸੰਭਵ ਨਹੀਂ ਹੋ ਸਕਦੀ ਪਰ ਫੇਰ ਵੀ ਆਪਣੇ ਮਿਸ਼ਨ ਦੇ ਮਕਸਦ ਨੂੰ ਸਾਕਾਰ ਕਰਨ ਲਈ ਨਵੀਂ ਜਾਣਕਾਰੀ ਇਕੱਠੀ ਕਰਨਾ ਬਹੁਤ ਜ਼ਰੂਰੀ ਸੀ।

ਸਭ ਤੋਂ ਪਹਿਲਾਂ ਉਹਨਾਂ ਨੇ ਸਿਥਲ ਅਵਸਥਾ ਵਿੱਚ ਪਏ ਤਾਰਾ ਵਿਗਿਆਨੀ ਚੰਦਰ ਸ਼ੇਖ਼ਰ ਨੂੰ ਉਠਾਇਆ ਤਾਂ ਜੋ ਉਹ ਅਗਾਮੀ ਕਿੰਨਰ ਤੇ ਉਸਦੇ ਗ੍ਰਹਿ ਦਾ ਅਧਿਐਨ ਕਰ ਸਕੇ। ਇਸ ਤਰ੍ਹਾਂ ਉਹਨਾਂ ਦੀ ਯੋਜਨਾ ਬਾਕੀ ਦੇ ਸਿਥਲ ਪਏ ਯਾਤਰੀਆਂ ਨੂੰ ਇੱਕ ਇੱਕ ਕਰਕੇ ਉਠਾਉਣ ਦੀ ਸੀ।

ਡਾ: ਚੰਦਰ ਸ਼ੇਖ਼ਰ ਨੂੰ ਸਿਥਲਤਾ ਦੀ ਅਵਸਥਾ ਵਿੱਚੋਂ ਬਾਹਰ ਨਿੱਕਲ ਕੇ ਯਾਨ ਦੇ ਵਾਤਾਵਰਣ ਲਈ ਅਨੁਕੂਲ ਹੋਣ ਲਈ ਇੱਕ-ਦੋ ਦਿਨ ਲੱਗ ਗਏ। ਉਸਤੋਂ ਬਾਅਦ ਉਸਨੇ ਤਰੁੰਤ ਹੀ ਅਗਾਮੀ ਕਿੰਨਰ ਬੀ ਦਾ ਅਧਿਐਨ ਸ਼ੁਰੂ ਕਰ ਦਿੱਤਾ ਜੋ ਆਪਣੇ ਸਿਤਾਰੇ ਦੇ ਜੀਵਨਹੋਂਦ ਦੇ ਘੇਰੇ ਵਿੱਚ ਘੁੰਮ ਰਿਹਾ ਸੀ। ਅਗਾਮੀ ਕਿੰਨਰ ਭਿਆਨਕ ਤਪਸ਼ ਦੀਆਂ ਤਰੰਗਾਂ, ਐਕਸ-ਰੇ ਤੇ ਹੋਰ ਖ਼ਤਰਨਾਕ ਰੇਡੀਓ-ਐਕਟਿਵ ਤਰੰਗਾਂ ਛੱਡ ਰਿਹਾ ਸੀ, ਪਰ ਅਗਾਮੀ ਕਿੰਨਰ ਬੀ ਸਿਤਾਰੇ ਤੋਂ ਪ੍ਰਿਥਵੀ ਵਾਂਗ ਸਹੀ ਦੂਰੀ 'ਤੇ ਸੀ, ਜਿੱਥੇ ਜੀਵਨ ਦੀ ਸੰਭਾਵਨਾ ਹੋ ਸਕਦੀ ਸੀ। ਉੱਥੇ ਕਿਸ ਤਰ੍ਹਾਂ ਦਾ ਜੀਵਨ ਸੰਭਵ ਹੋਵੇਗਾ? ਚੰਦਰ ਸ਼ੇਖ਼ਰ ਨੇ ਆਪਣੇ ਅਧਿਐਨ ਕਰਕੇ ਉੱਥੇ ਆਕਸੀਜਨ ਹੋਣ ਦੀ ਪੁਸ਼ਟੀ ਕਰ ਲਈ ਸੀ। ਪਰ ਵਿਚਾਰਾ ਗ੍ਰਹਿ ਆਪਣੇ ਸਿਤਾਰੇ ਦੇ ਬਹੁਤ ਨਜ਼ਦੀਕ ਸੀ (ਸੂਰਜ ਤੋਂ ਪ੍ਰਿਥਵੀ ਦੀ ਦੂਰੀ ਤੋਂ 20 ਗੁਣਾ ਨੇੜੇ), ਤੇ ਉਸ ਨਾਲ਼ ਗੁਰੁਤਾਕਰਸ਼ਣ ਨਾਲ਼ ਇੰਨਾ ਕੱਸ ਕੇ ਬੰਨ੍ਹਿਆ ਹੋਇਆ ਸੀ ਕਿ ਉਸਦਾ ਇੱਕ ਪਾਸਾ ਹਮੇਸ਼ਾਂ ਅਗਾਮੀ ਕਿੰਨਰ ਸਿਤਾਰੇ ਵੱਲ ਸੀ ਤੇ ਅਤਿ ਗਰਮ ਸੀ ਦੂਜਾ ਪਾਸਾ ਅਤਿ ਠੰਡਾ ਸੀ। ਉਸਦੇ ਇੱਕ ਪਾਸੇ ਹਮੇਸ਼ਾਂ ਦਿਨ ਤੇ ਦੂਜੇ ਪਾਸੇ ਹਮੇਸ਼ਾਂ ਰਾਤ ਸੀ। ਪਰ ਵਿਚਕਾਰਲੀ ਜਗ੍ਹਾ ਅਜਿਹੀ ਹੋ ਸਕਦੀ ਸੀ, ਜਿੱਥੇ ਸ਼ਾਇਦ ਜੀਵਨ ਲਈ ਅਨੁਕੂਲ ਵਾਤਾਵਰਣ ਹੋਵੇ! ਗ੍ਰਹਿ ਅਗਾਮੀ ਕਿੰਨਰ ਦੇ ਦੁਆਲੇ ਤਕਰੀਬਨ 11 ਘੰਟੇ ਵਿੱਚ ਇੱਕ ਚੱਕਰ ਕੱਢਦਾ ਸੀ। ਕਿਹੋ ਜਿਹੇ ਜੀਵ ਇਸ ਤਰ੍ਹਾਂ ਦੇ ਮਹੌਲ ਵਿੱਚ ਪ੍ਰਫੁੱਲਿਤ ਹੋ ਸਕਦੇ ਹਨ?

'ਸਾਨੂੰ ਉੱਥੇ ਇੱਕ ਰੋਬੋਟ ਜਾਂਚ ਭੇਜਣੀ ਚਾਹੀਦੀ ਹੈ!' ਡਾ: ਚੰਦਰ ਸ਼ੇਖ਼ਰ ਨੇ ਸੁਝਾਅ ਦਿੱਤਾ।

ਰੌਬਰਟ ਸਿੰਘ ਨੂੰ ਇਹ ਸੁਝਾਅ ਚੰਗਾ ਲੱਗਿਆ, ਪਰ ਉਸਦੇ ਲਈ ਸਿਥੱਲ ਅਵਸਥਾ ਵਿੱਚੋਂ ਰੋਬੋਟ ਤੇ ਰੋਬੋਟ ਮਾਹਿਰ ਵਿਗਿਆਨਕ ਉਠਾਉਣ ਦੀ ਜ਼ਰੂਰਤ ਸੀ।

'ਉਹਨਾਂ ਨੂੰ ਉਠਾਉਣ ਦਾ ਇਸਤੋਂ ਚੰਗਾ ਸਮਾਂ ਕੀ ਹੋ ਸਕਦਾ ਹੈ?' ਉਸਨੇ ਕਿਹਾ।

ਅਨਿਲ ਭਾਰਦਵਾਜ ਤੇ ਸ਼ਕੀਲ ਖ਼ਾਨ ਰੋਬੋਟ ਵਿਗਿਆਨੀ ਸਨ, ਜਿਨ੍ਹਾਂ ਦਾ ਮੁੱਖ ਕੰਮ ਰੋਬੋਟ ਜਾਂਚ ਛੋਟੇ ਉਪਗ੍ਰਹਿ ਤੇ ਸ਼ਟਲ ਬਣਾਉਣਾ ਸੀ, ਜੋ ਕਿ ਗ੍ਰਹਿ ਦੇ ਗਿਰਦ ਘੁੰਮ ਕੇ ਜਾਂ ਉਸਦੇ ਉੱਪਰ ਉੱਤਰ ਕੇ ਜਾਣਕਾਰੀ ਇਕੱਠੀ ਕਰ ਸਕਣ। ਉਹਨਾਂ ਨੇ ਮੰਗਲ, ਬ੍ਰਿਹਸਪਤੀ ਤੇ ਹੋਰ ਸੌਰ-ਮੰਡਲ ਦੇ ਗ੍ਰਹਿਆਂ ਤੇ ਰੋਬੋਟ ਮਿਸ਼ਨਾਂ ਤੇ ਬਹੁਤ ਕੰਮ ਕੀਤਾ ਸੀ। ਹੁਣ ਵੀ ਉਹ ਸਿਥਲਤਾ ਤੋਂ ਉਠਦੇ ਹੀ ਇਸ ਕੰਮ ਵਿੱਚ ਰੁੱਝ ਗਏ। ਉਹਨਾਂ ਪ੍ਰਿਥਵੀ ਤੋਂ ਨਾਲ਼ ਲਿਆਂਦੀ ਰੋਬੋਟ ਸ਼ਟਲ ਨੂੰ ਤਿਆਰ ਕਰ ਦਿੱਤਾ ਜੋ ਅਗਾਮੀ ਕਿੰਨਰ ਬੀ 'ਤੇ ਉੱਤਰ ਕੇ ਉਹਨਾਂ ਨੂੰ ਆਂਕੜੇ ਭੇਜ ਸਕਦੀ ਸੀ।

ਜਦੋਂ ਹੀ 'ਕਲਪਨਾ' ਯਾਨ ਅਗਾਮੀ ਕਿੰਨਰ ਸਿਤਾਰੇ ਦੇ ਤੇ ਉਸਦੇ ਗ੍ਰਹਿ ਬੀ ਦੇ ਇੰਨਾ ਨਜ਼ਦੀਕ ਪਹੁੰਚ ਗਿਆ ਕਿ ਰੋਬੋਟ ਸ਼ਟਲ ਆਸਾਨੀ ਨਾਲ਼ ਛੱਡੀ ਜਾ ਸਕਦੀ ਸੀ, ਉਹਨਾਂ ਨੇ ਸਹੀ ਵਕਤ ਦੇਖ ਕੇ ਉਸਨੂੰ ਗ੍ਰਹਿ ਬੀ ਵੱਲ ਨੂੰ ਰਵਾਨਾ ਕਰ ਦਿੱਤਾ। ਰੋਬੋਟ ਸ਼ਟਲ ਸੂਰਜ ਦੀ ਊਰਜਾ ਨਾਲ਼ ਚੱਲ ਸਕਦੀ ਸੀ। ਤਕਰੀਬਨ 24 ਘੰਟਿਆਂ ਬਾਅਦ ਸ਼ਟਲ ਗ੍ਰਹਿ ਬੀ ਦੇ ਧਰੁਵੀ ਖੇਤਰ ਤੇ ਉੱਤਰ ਗਈ। ਉਸ ਖੇਤਰ ਤੇ ਉਹ ਵਿਚਕਾਰਲੇ ਜ਼ੋਨ ਵਿੱਚ ਠਹਿਰ ਗਈ ਜਿੱਥੇ ਕੇ ਨਾ ਬਹੁਤੀ ਗਰਮੀ ਤੇ ਨਾਂ ਹੀ ਬਹੁਤੀ ਸਰਦੀ ਸੀ। ਰੋਬੋਟ ਸ਼ਟਲ ਹੁਣ ਆਂਕੜੇ ਭੇਜਣ ਲਈ ਤਿਆਰ ਸੀ!

ਇਸ ਮਿਸ਼ਨ ਦੀ ਸਫ਼ਲਤਾ ਤੋਂ ਖ਼ੁਸ਼ 'ਕਲਪਨਾ' ਯਾਨ ਦੀ ਟੀਮ ਨੇ ਹੁਣ ਆਪਣੇ ਅਸਲੀ ਨਿਸ਼ਾਨੇ ਗੰਧਰਵ ਗ੍ਰਹਿ ਵੱਲ ਨੂੰ ਯਾਨ ਦਾ ਰੁੱਖ ਮੋੜ ਦਿੱਤਾ ...

ਗੰਧਰਵ ਗ੍ਰਹਿ

'ਕਲਪਨਾ' ਯਾਨ ਹੁਣ ਗੰਧਰਵ ਗ੍ਰਹਿ ਦੇ ਨੇੜੇ ਸੀ। ਚਮਕਦੇ ਹੋਏ ਪ੍ਰਥਮ ਕਿੰਨਰ ਇੱਕ ਤੇ ਦੋ ਸਿਤਾਰੇ ਇੱਕ ਅਜਬ ਖੂਬਸੂਰਤ ਦ੍ਰਿਸ਼ ਬਣਾ ਰਹੇ ਸਨ। ਰੌਬਰਟ ਤੇ ਰੀਨਾ ਨੇ ਕਦੇ ਨਹੀਂ ਸੀ ਸੋਚਿਆ ਕਿ ਉਹ ਕਦੇ ਅਜਿਹਾ ਅਲੌਕਿਕ ਨਜ਼ਾਰਾ ਦੇਖ ਸਕਣਗੇ! ਉਹਨਾਂ ਨੇ ਆਪਣੇ ਤਿੰਨ ਸਾਥੀਆਂ ਯੂਰੀ, ਚਿੰਗ ਤੇ ਅਕੀਓ ਨੂੰ ਬੁਲਾ ਕੇ ਪਹਿਲਾਂ ਤੋਂ ਹੀ ਤਹਿ ਕੀਤੀ ਯੋਜਨਾ ਮੁਤਾਬਿਕ ਯਾਨ ਨੂੰ ਗੰਧਰਵ ਗ੍ਰਹਿ ਦਾ ਉਪਗ੍ਰਹਿ ਬਣਾਉਣ ਬਾਰੇ ਵਿਚਾਰ ਮਸ਼ਵਰਾ ਸ਼ੁਰੂ ਕਰ ਦਿੱਤਾ।

'ਯੂਰੀ ਤੇ ਚਿੰਗ ਤੁਸੀਂ ਦੋਵੇਂ ਕੰਟਰੋਲ ਕੰਪਿਊਟਰ ਨੂੰ ਉਪਗ੍ਰਹਿ ਬਣਨ ਲਈ ਨਿਰਦੇਸ਼ ਦੇ ਦਿਓ ਤੇ ਇਸਦੀ ਨਿਗਰਾਨੀ ਕਰੋ। ਰੀਨਾ ਬਾਕੀ ਦੇ ਸਾਥੀਆਂ ਨੂੰ ਸਿਥਲਤਾ ਤੋਂ ਉਠਾ ਰਹੀ ਹੈ ਤੇ ਅਕੀਓ ਤਾਂ ਯਾਨ ਦੇ ਅਪ੍ਰੇਸ਼ਨ ਦੀ ਦੇਖਭਾਲ ਕਰ ਹੀ ਰਿਹਾ ਹੈ। ਨੀਲ ਤੇ ਸ਼ਕੀਲ ਗੰਧਰਵ ਤੇ ਰੋਬੋਟ ਪ੍ਰੋਬ ਭੇਜਣ ਦੀ ਤਿਆਰੀ ਕਰ ਰਹੇ ਹਨ। ਚੰਦਰ ਗੰਧਰਵ ਦੇ ਭੂਗੋਲ ਦਾ ਅਧਿਐਨ ਕਰ ਰਿਹਾ ਹੈ।'

ਥੋੜੇ ਅੰਤਰਾਲ ਬਾਅਦ ਜਿਵੇਂ ਹੀ ਉਹ ਗੰਧਰਵ ਗ੍ਰਹਿ ਦੇ ਕੋਲ਼ ਪੁੱਜੇ ਤਾਂ ਗੰਧਰਵ ਦੀ ਗੁਰੁਤਾਕਰਸ਼ਣ ਖਿੱਚ ਨੇ ਯਾਨ ਨੂੰ ਆਪਣੇ ਘੇਰੇ ਵਿੱਚ ਲੈ ਲਿਆ। ਇਸ ਤਰ੍ਹਾਂ 'ਕਲਪਨਾ' ਯਾਨ ਗੰਧਰਵ ਗ੍ਰਹਿ ਦਾ ਉਪਗ੍ਰਹਿ ਬਣ ਗਿਆ, ਜਿਸ ਦਾ ਫਾਇਦਾ ਇਹ ਹੋਣਾ ਸੀ ਕਿ ਉਹ ਚੰਗੀ ਤਰ੍ਹਾਂ ਗੰਧਰਵ ਗ੍ਰਹਿ ਦਾ ਮੁਆਇਨਾ ਕਰ ਸਕਦੇ ਸਨ। ਗੰਧਰਵ ਗ੍ਰਹਿ ਪ੍ਰਿਥਵੀ ਵਾਂਗ ਹੀ ਖੂਬਸੂਰਤ ਦਿਖਾਈ ਦੇ ਰਿਹਾ ਸੀ, ਪਰ ਪ੍ਰਿਥਵੀ ਦੇ ਨੀਲੇ, ਹਰੇ ਰੰਗ ਨਾਲੋਂ ਜ਼ਿਆਦਾ ਗੂੜ੍ਹਾ ਰੰਗ ਸੀ ਜੋ ਕਿ ਜਾਮਣੀ ਭਾਹ ਮਾਰ ਰਿਹਾ ਸੀ।

ਅਨਿਲ ਤੇ ਸ਼ਕੀਲ ਨੇ ਰੋਬੋਟ ਪ੍ਰੋਬ ਤਿਆਰ ਕਰ ਲਈ ਸੀ, ਜੋ ਕਿ ਗੰਧਰਵ ਤੇ ਭੇਜਣ ਲਈ ਤਿਆਰ ਸੀ। ਇਸਤੋਂ ਪਹਿਲਾਂ ਉਹ ਮਨੁੱਖੀ ਟੀਮ ਭੇਜਣ, ਉਹ ਚੰਗੇ ਤਰੀਕੇ ਨਾਲ਼ ਗੰਧਰਵ ਗ੍ਰਹਿ ਦਾ ਅਧਿਐਨ ਕਰਨਾ ਚਾਹੁੰਦੇ ਸਨ, ਤੇ ਉੱਥੇ ਆਉਣ ਵਾਲ਼ੇ ਖ਼ਤਰਿਆਂ ਦੀ ਜਾਂਚ-ਪੜਤਾਲ ਕਰਨਾ ਚਾਹੁੰਦੇ ਸਨ। ਸਹੀ ਮੌਕਾ ਦੇਖ ਕੇ ਉਹਨਾਂ ਨੇ ਰੋਬੋਟ ਪ੍ਰੋਬ ਨੂੰ ਗੰਧਰਵ ਦੇ ਧਰਾਤਲ ਵੱਲ ਛੱਡ ਦਿੱਤਾ।

***

ਰੀਨਾ ਨੇ ਤਕਰੀਬਨ ਸਾਰੇ ਵਿਗਿਆਨਕਾਂ, ਇੰਜਨੀਅਰਾਂ ਤੇ ਡਾਕਟਰਾਂ ਨੂੰ ਸਿਥਲਤਾ ਦੀ ਅਵਸਥਾ ਵਿੱਚੋਂ ਉਠਾ ਲਿਆ ਸੀ। ਪ੍ਰਿਥਵੀ ਤੋਂ 25 ਖਰਬ ਮੀਲ ਦੂਰ 'ਕਲਪਨਾ' ਯਾਨ ਵਿੱਚ ਖੂਬ ਚਹਿਲ ਪਹਿਲ ਹੋ ਗਈ ਸੀ! ਮਨੁੱਖੀ ਜਾਤ ਉੱਥੇ ਪਹੁੰਚ ਗਈ ਸੀ, ਜਿੱਥੇ ਅੱਜ ਤੱਕ ਕੋਈ ਵੀ ਮਨੁੱਖ ਨਹੀਂ ਸੀ ਪਹੁੰਚਿਆ ਤੇ ਨਾਂ ਹੀ ਕਦੇ ਪਹੁੰਚਣ ਦੇ ਬਾਰੇ ਸੋਚ ਵੀ ਸਕਦਾ ਸੀ! ਮਨੁੱਖ ਦੇ ਦਿਮਾਗ਼ ਤੇ ਵਿਗਿਆਨ ਦੀ ਤਰੱਕੀ ਨੇ ਇਹ ਅਦੁੱਤੀ ਕਾਰਨਾਮਾ ਸਰਅੰਜਾਮ ਕੀਤਾ ਸੀ। ਹੁਣ ਉਹ ਕਿਸੇ ਹੋਰ ਬੁੱਧੀਮਾਨ ਜਾਂ ਆਮ ਜੀਵਨ ਦੀ ਭਾਲ਼ ਕਰਨ ਦੇ ਇੰਨਾ ਨੇੜੇ ਪਹੁੰਚ ਚੁੱਕੇ ਸਨ, ਜਿੰਨਾ ਕਿ ਸੰਭਵ ਹੋ ਸਕਦਾ ਸੀ। ਉਹ ਅਜਨਬੀ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ? ਕੀ ਸੱਚਮੁੱਚ ਉਹ ਕਿਸੇ ਹੋਰ ਜੀਵਨ ਨੂੰ ਲੱਭ ਸਕਣਗੇ ਤੇ ਉਸ ਨਾਲ਼ ਸੰਪਰਕ ਕਰ ਸਕਣਗੇ? ਕਿ ਉਹਨਾਂ ਨੂੰ ਨਿਰਾਸ਼ ਹੋ ਕਿ ਵਾਪਿਸ ਜਾਣਾ ਪਵੇਗਾ? ਕੀ ਪ੍ਰਿਥਵੀ ਤੋਂ ਜੁੱਗਾਂ ਜਿੰਨੀ ਦੂਰੀ ਤੱਕ ਆਉਣਾ ਬੇਅਰਥ ਹੀ ਜਾਵੇਗਾ? ਚਾਹੇ ਕੁੱਝ ਵੀ ਹੋਵੇ, ਪਰ ਉਹਨਾਂ ਦਾ ਮਿਸ਼ਨ ਬੇਅਰਥ ਨਹੀਂ ਜਾਵੇਗਾ। ਰੌਬਰਟ ਸਿੰਘ ਸੋਚ ਰਿਹਾ ਸੀ। ਇਸ ਮਿਸ਼ਨ ਕਰਕੇ ਮਨੁੱਖੀ ਕੌਮ ਨੂੰ ਕਿੰਨੀਆਂ ਪ੍ਰਾਪਤੀਆਂ ਹੋਈਆਂ ਸਨ - ਇੰਨੀ ਦੂਰ ਕਿਸੇ ਅੰਤਰਿਕਸ਼ ਯਾਨ ਦਾ ਸਹੀ-ਸਲਾਮਤ ਆਉਣਾ ਹੀ ਆਪਣੇ ਆਪ ਵਿੱਚ ਇੱਕ ਮਹਾਨ ਪ੍ਰਾਪਤੀ ਸੀ! ਮਨੁੱਖਾਂ ਨੂੰ ਸਿਥਲਤਾ ਵਿੱਚ ਸੁਲਾ ਕੇ ਇੰਨਾ ਪੈਂਡਾ ਤਹਿ ਕਰਨਾ ਵੀ ਇੱਕ ਵੱਡੀ ਪ੍ਰਾਪਤੀ ਸੀ। ਉਹ ਪ੍ਰਥਮ ਕਿੰਨਰ ਸਿਤਾਰਾ-ਮੰਡਲ ਦਾ ਅਧਿਐਨ ਕਰਕੇ ਪ੍ਰਿਥਵੀ ਨੂੰ ਨਵੀਂ ਜਾਣਕਾਰੀ ਭੇਜ ਸਕਦੇ ਸਨ, ਆਪ ਚਾਹੇ ਉਹ ਵਾਪਿਸ ਮੁੜ ਸਕਣ ਜਾਂ ਨਾਂ ਵੀ ਮੁੜ ਸਕਣ!

ਅਨਿਲ ਤੇ ਸ਼ਕੀਲ ਨੇ ਕਾਫ਼ੀ ਸਾਰੇ ਰੋਬੋਟਾਂ ਨੂੰ ਵੀ ਜਗਾ ਲਿਆ ਸੀ, ਜੋ ਕਿ ਰੁਟੀਨ ਦੇ ਕੰਮ ਕਰਨ ਵਿੱਚ ਕਾਫ਼ੀ ਸਹਾਇਕ ਸਨ। 55 ਅੰਤਰਿਕਸ਼ ਯਾਤਰੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੋਬੋਟਾਂ ਦੀ ਬਹੁਤ ਲੋੜ ਸੀ!

ਯੂਰੀ, ਚਿੰਗ ਤੇ ਅਕੀਓ ਯਾਨ ਦੇ ਇੱਕ ਹਿੱਸੇ ਨੂੰ ਗੰਧਰਵ ਗ੍ਰਹਿ ਤੱਕ ਜਾਣ ਲਈ ਤਿਆਰ ਕਰਨ ਵਿੱਚ ਰੁੱਝ ਗਏ ਸਨ। 'ਕਲਪਨਾ' ਯਾਨ ਦੇ ਦਸ ਹਿੱਸੇ ਇੱਕਲੇ ਆਪਣੇ ਆਪ ਵਿੱਚ ਇੱਕ ਰੌਕੇਟ ਤੇ ਯਾਨ ਸਨ, ਜੋ ਕਿ ਸੁਤੰਤਰ ਹੋ ਕੇ ਅੱਲਗ ਉਡਣ ਦੇ ਕਾਬਿਲ ਸਨ। ਉਹਨਾਂ ਦੇ ਮਿਸ਼ਨ ਦਾ ਇੱਕ ਮੁੱਖ ਮੰਤਵ ਗੰਧਰਵ ਗ੍ਰਹਿ ਤੇ ਉੱਤਰਨਾ ਸੀ।

ਡਾ: ਚੰਦਰ ਤੇ ਉਸਦੇ ਸਹਾਇਕ ਤਾਰਾ ਵਿਗਿਆਨੀਆਂ ਨੇ ਗੰਧਰਵ ਗ੍ਰਹਿ ਤੇ ਉਸਦੇ ਵਾਯੂਮੰਡਲ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਸੀ। ਗੰਧਰਵ ਗ੍ਰਹਿ ਕਾਫ਼ੀ ਹੱਦ ਤੱਕ ਉਵੇਂ ਹੀ ਪ੍ਰਿਥਵੀ ਨਾਲ਼ ਮੇਲ਼ ਖਾਂਦਾ ਸੀ ਜਿਵੇਂ ਪ੍ਰਥਮ ਕਿੰਨਰ ਸਿਤਾਰੇ ਸੂਰਜ ਨਾਲ਼ ਮੇਲ਼ ਖਾਂਦੇ ਸਨ। ਉਸਦਾ ਆਕਾਰ ਪ੍ਰਿਥਵੀ ਤੋਂ ਥੋੜਾ ਜਿਹਾ ਹੀ ਵੱਡਾ ਸੀ। ਉਸਦੇ ਵਾਯੂਮੰਡਲ ਵਿੱਚ ਆਕਸੀਜਨ, ਨਾਈਟ੍ਰੋਜਨ ਤੇ ਹੋਰ ਗੈਸਾਂ ਪ੍ਰਿਥਵੀ ਵਾਂਗ ਹੀ ਸਨ। ਉਸਦੇ ਵਾਯੂਮੰਡਲ ਵਿੱਚ ਫਾਸਫ਼ੀਨ (ਫ਼ਾਸਫੋਰਸ ਤੇ ਹਾਈਡ੍ਰੋਜਨ) ਮੌਜੂਦ ਸੀ, ਜੋ ਕਿ ਪ੍ਰਿਥਵੀ ਵਰਗੇ ਜੀਵਨ ਦੇ ਨਿਸ਼ਾਨ ਦਾ ਸਬੂਤ ਦੇ ਰਹੀ ਸੀ। ਉਸਦੇ ਵਾਯੂਮੰਡਲ ਵਿੱਚ ਮਿਥੇਨ ਗੈਸ ਵੀ ਮੌਜੂਦ ਸੀ, ਜੋ ਵੀ ਜੀਵਨ ਦਾ ਚਿੰਨ੍ਹ ਸੀ। ਉਹ ਗ੍ਰਹਿ ਪ੍ਰਿਥਵੀ ਵਰਗਾ ਹੀ ਦਿਖ ਰਿਹਾ ਸੀ, ਪਰ ਉਸਦਾ ਰੰਗ ਥੋੜਾ ਜਾਮਣੀ ਭਾਹ ਮਾਰ ਰਿਹਾ ਸੀ।

'ਇਹ ਜਾਮਣੀ ਰੰਗ ਕਿਓਂ?' ਰੌਬਰਟ ਨੇ ਚੰਦਰ ਨੂੰ ਪੁੱਛਿਆ।

'ਇੰਨੀ ਦੂਰ ਉਪਰੋਂ ਅੰਤਰਿਕਸ਼ ਵਿੱਚੋਂ ਇਸਦਾ ਕਾਰਨ ਸਮਝਣਾ ਮੁਸ਼ਕਿਲ ਹੈ। ਇਹ ਉਸਦੇ ਵਾਯੂਮੰਡਲ ਕਰਕੇ ਵੀ ਹੋ ਸਕਦਾ ਹੈ।'

'ਜਲਦੀ ਹੀ ਪ੍ਰੋਬ ਤੋਂ ਵੀ ਪਤਾ ਚੱਲ ਜਾਏਗਾ।'

'ਹਾਂ, ਪ੍ਰੋਬ ਦੀ ਭੇਜੀ ਸੂਚਨਾ ਆਉਂਦੀ ਹੀ ਜੋਵੇਗੀ। ਮੈਂ ਚੈੱਕ ਕਰਦਾ ਹਾਂ। '

ਡਾ: ਚੰਦਰ ਯਾਨ ਦੀ ਪ੍ਰਯੋਗਸ਼ਾਲਾ ਵਿੱਚ ਰੋਬੋਟ ਪ੍ਰੋਬ ਦੀ ਖਬਰ ਲੈਣ ਗਿਆ, ਤਾਂ ਅਚਾਨਕ ਉਹ ਸ਼ੀਸ਼ੇ ਦੇ ਰਾਹੀਂ ਬਾਹਰ ਦੇਖਣ ਲੱਗ ਪਿਆ, ਰਾਤ ਦਾ ਸਮਾਂ ਸੀ। ਕਿਉਂਕਿ ਯਾਨ, ਗੰਧਰਵ ਗ੍ਰਹਿ ਦਾ ਬਨਾਵਟੀ ਉਪਗ੍ਰਹਿ ਬਣ ਗਿਆ ਸੀ ਤੇ ਉਸਦੇ ਗਿਰਦ 120 ਮਿੰਟਾ ਵਿੱਚ ਇੱਕ ਚੱਕਰ ਲਗਾਉਂਦਾ ਸੀ। ਇਸ ਕਰਕੇ ਇੱਕ-ਇੱਕ ਘੰਟੇ ਬਾਅਦ ਉਹ ਰਾਤ ਤੇ ਦਿਨ ਵੇਖ ਸਕਦੇ ਸਨ। ਆਮ ਤੌਰ ਤੇ ਯਾਨ ਦਾ ਆਪਣਾ 24-ਘੰਟੇ ਦਾ ਦਿਨ-ਰਾਤ ਦਾ ਚੱਕਰ ਸੀ, ਜੋ ਕਿ ਪੁਲਾੜ ਯਾਤਰੀਆਂ ਨੂੰ ਧਰਤੀ ਵਾਂਗ ਸੌਣ ਦਾ ਮਾਹੌਲ ਬਣਾਉਣ ਲਈ ਸੀ ਤੇ ਤਕਰੀਬਨ ਸਾਰੇ ਸ਼ੀਸ਼ੇ ਬੰਦ ਹੀ ਰਹਿੰਦੇ ਸਨ। ਪਰ ਇਹ ਪ੍ਰਯੋਗਸ਼ਾਲਾ ਹੋਣ ਕਰਕੇ ਸ਼ੀਸ਼ਾ ਖੁੱਲਾ ਸੀ। ਉਸਨੇ ਬਾਹਰ ਆਕਾਸ਼ ਵੱਲ ਨਜ਼ਰ ਫੇਰੀ - ਸਾਰਾ ਆਕਾਸ਼ ਤਕਰੀਬਨ ਪ੍ਰਿਥਵੀ ਵਾਂਗ ਹੀ ਦਿਖਾਈ ਦੇ ਰਿਹਾ ਸੀ। ਪਰ ਇੱਕ ਮੈਗਨੀਟਿਊਡ ਦਾ ਸੂਰਜ ਚਮਕਦਾ ਹੋਇਆ ਦਿਖਾਈ ਦੇ ਰਿਹਾ ਸੀ। ਉਸਨੂੰ ਇੱਕ ਦਮ ਉਸਦੀ ਤੇ ਪ੍ਰਿਥਵੀ ਦੀ ਕਸ਼ਿਸ਼ ਮਹਿਸੂਸ ਹੋਈ! ਉਹ ਸਾਰੇ ਪ੍ਰਿਥਵੀ ਤੋਂ ਕਿੰਨੀ ਦੂਰ ਆ ਗਏ ਸਨ। ਪਰ ਪ੍ਰਥਮ ਕਿੰਨਰ ਦਾ ਨੇੜਲਾ ਸਿਤਾਰਾ ਸੂਰਜ ਨਹੀਂ, ਲਹਿਮਾਨ-16 (Luhman 16) ਨਾਂ ਦਾ ਸਿਤਾਰਾ-ਮੰਡਲ ਸੀ, ਜੋ ਕਿ ਦੋ ਭੂਰੇ ਵਾਮਨ (Brown Dwarf) ਸਿਤਾਰੇ ਸਨ, ਜੋ ਉੱਥੋਂ 3.5 ਪ੍ਰਕਾਸ਼ ਵਰ੍ਹੇ ਦੂਰ ਸੀ। ਹਾਲਾਂਕਿ ਭੂਰੇ ਵਾਮਨ ਸਿਤਾਰੇ ਅਸਲ ਸਿਤਾਰੇ ਨਹੀਂ ਹੁੰਦੇ, ਪਰ ਉਹਨਾਂ ਦੀ ਖ਼ੁਦ ਦੀ ਆਪਣੀ ਤਪਿਸ਼ ਹੁੰਦੀ ਹੈ।

'ਗੰਧਰਵ ਦਾ ਜਾਮਣੀ ਰੰਗ ਕਿਓਂ?' ਅਚਾਨਕ ਚੰਦਰ ਨੂੰ ਖ਼ਿਆਲ ਆਇਆ ਕਿ ਉਹ ਗੰਧਰਵ ਤੋਂ ਆਉਣ ਵਾਲੀਆਂ ਰਿਪੋਰਟਾਂ ਦਾ ਨਿਰੀਖਣ ਕਰਨ ਆਇਆ ਹੈ। ਅਗਲੇ ਕੁੱਝ ਘੰਟੇ ਉਹ ਉਹਨਾਂ ਰਿਪੋਰਟਾਂ ਦਾ ਅਧਿਐਨ ਕਰਦਾ ਰਿਹਾ, ਜੋ ਗੰਧਰਵ ਤੋਂ ਰੋਬੋਟ ਪ੍ਰੋਬ ਨੇ ਭੇਜੀਆਂ ਸਨ। ਪਰ ਉਸਨੂੰ ਗ੍ਰਹਿ ਦੀ ਜਾਮਣੀ ਰੰਗਤ ਦਾ ਕੋਈ ਕਾਰਨ ਨਾ ਦਿਖਿਆ। ਉਸਨੇ ਫੇਰ ਇਹ ਮੰਨ ਕੇ ਕਿ ਜਾਮਣੀ ਰੰਗਤ ਵਾਯੂਮੰਡਲ ਦੀਆਂ ਗੈਸਾਂ ਕਰਕੇ ਹੀ ਹੋ ਸਕਦੀ ਹੈ, ਜਿਨ੍ਹਾਂ ਵਿੱਚੋਂ ਜਦੋਂ ਰੌਸ਼ਨੀ ਪ੍ਰਦੀਪਤ ਹੁੰਦੀ ਹੈ ਤਾਂ ਜਾਮਣੀ ਭਾਹ ਬਖੇਰਦੀ ਹੈ, ਉਵੇਂ ਹੀ ਜਿਵੇਂ ਮੀਂਹ ਦੇ ਸਮੇਂ ਇੰਦਰਧਨੁਸ਼ ਬਣਦਾ ਹੈ। ਪਰ ਇੱਕ ਹੋਰ ਮਹਤਵਪੂਰਣ ਜਾਣਕਾਰੀ ਉਸਨੂੰ ਹੈਰਾਨ ਕਰ ਰਹੀ ਸੀ ਕਿ ਗੰਧਰਵ ਗ੍ਰਹਿ 'ਤੇ ਆਕਸੀਜਨ ਦੇ ਹੁੰਦਿਆਂ ਵੀ ਅਜੇ ਤੱਕ ਰੋਬੋਟ ਪ੍ਰੋਬ ਨੂੰ ਕੋਈ ਜੀਵਤ ਪ੍ਰਾਣੀ ਨਹੀਂ ਦਿਖਿਆ ਸੀ! ਉੱਥੇ ਜੀਵਨ ਨੂੰ ਪੈਦਾ ਕਰਨ ਵਾਲੇ ਸਭ ਅੰਸ਼ ਮੌਜੂਦ ਸਨ, ਆਕਸੀਜਨ, ਵਾਤਾਵਰਣ ਤੇ ਪਾਣੀ। ਪਰ ਕਿਸੇ ਵੀ ਪ੍ਰਾਣੀ ਜਾਂ ਬਨਸਪਤੀ ਦੀ ਮੌਜਦਗੀ ਨਹੀਂ ਸੀ।

ਉਹਨਾਂ ਨੂੰ ਹੁਣ ਗੰਧਰਵ ਗ੍ਰਹਿ ਤੇ ਆਪ ਜਾਣਾ ਪੈਣਾ ਸੀ। ਇਸ ਬਾਰੇ ਗੱਲਬਾਤ ਕਰਨ ਲਈ ਉਹ ਰੌਬਰਟ ਸਿੰਘ ਨੂੰ ਮਿਲਣ ਚੱਲ ਪਿਆ।

ਜਾਮਣੀ ਕਾਈ

ਰੌਬਰਟ ਸਿੰਘ, ਡਾ: ਚੰਦਰ, ਯੂਰੀ, ਨੀਲ ਤੇ ਡਾ: ਥੌਮਸ ਜੋ ਕਿ ਭੂਗੋਲ ਸ਼ਾਸ਼ਤਰੀ ਸੀ, ਗੰਧਰਵ ਗ੍ਰਹਿ ਉੱਤੇ ਪਹੁੰਚ ਚੁੱਕੇ ਸਨ। ਰੌਬਰਟ ਨੇ 'ਕਲਪਨਾ' ਯਾਨ ਦਾ ਕੰਟਰੋਲ ਰੀਨਾ ਨੂੰ ਦੇ ਦਿੱਤਾ ਸੀ ਕਿਓਂਕਿ ਉਹ ਉਸਦੀ ਡਿਪਟੀ ਕੈਪਟਨ ਸੀ। ਉਹ ਗ੍ਰਹਿ ਦੇ ਮੱਧ ਖੇਤਰ ਵਿੱਚ ਉੱਤਰੇ ਸਨ, ਜਿੱਥੇ ਪਹਿਲਾਂ ਉਹਨਾਂ ਦੀ ਰੋਬੋਟ ਪ੍ਰੋਬ ਆਈ ਹੋਈ ਸੀ।

'ਇੱਥੋਂ ਦੀ ਆਕਸੀਜਨ ਹਵਾ ਸਾਹ ਲੈਣ ਦੇ ਯੋਗ ਨਹੀਂ ਲਗਦੀ, ਇਸ ਕਰਕੇ ਸਾਨੂੰ ਸਭ ਨੂੰ ਆਪਣੇ ਸਪੇਸ ਸੂਟ ਪਾ ਲੈਣੇ ਚਾਹੀਦੇ ਹਨ।' ਡਾ: ਚੰਦਰ ਨੇ ਸੁਝਾਅ ਦਿੱਤਾ।

'ਬਿਲਕੁਲ ਸਹੀ ,' ਡਾ: ਥੌਮਸ ਬੋਲਿਆ - 'ਇੱਥੋਂ ਦੀ ਹਵਾ ਪ੍ਰਦੂਸ਼ਿਤ ਹੋ ਚੁੱਕੀ ਲਗਦੀ ਹੈ। ਇੰਝ ਲੱਗ ਰਿਹਾ ਹੈ ਕਿ ਅਸੀਂ ਕਿਸੇ ਗ੍ਰਹਿ ਦੇ ਖੰਡਰ ਵਿੱਚ ਪਹੁੰਚ ਚੁੱਕੇ ਹੋਈਏ।'

'ਖੰਡਰ ਜੋ ਕਿ ਤੁਹਾਡੇ ਭੂਗੋਲ ਸ਼ਾਸ਼ਤਰੀਆਂ ਵਾਸਤੇ ਵਧੀਆ ਅਧਿਐਨ ਹੈ।' ਰੌਬਰਟ ਨੇ ਉਸਨੂੰ ਹਲਕੇ-ਫੁਲਕੇ ਅੰਦਾਜ਼ ਵਿੱਚ ਆਖਿਆ।

ਉਹ ਪੰਜੇ ਜਣੇ ਸਪੇਸ ਸੂਟ ਪਾ ਕੇ ਆਪਣੀ ਸਪੇਸ ਸ਼ਟਲ ਤੋਂ ਬਾਹਰ ਆ ਗਏ।

'ਇੱਥੋਂ ਦੀ ਹਵਾ ਤਾਂ ਪ੍ਰਦੂਸ਼ਿਤ ਹੈ ਹੀ, ਪਰ ਤਾਪਮਾਨ ਵੀ ਬਹੁਤ ਗਰਮ ਹੈ, ਤਕਰੀਬਨ 40 ਡਿਗਰੀ ਸੈਲਸੀਅਸ। ਅਸੀਂ ਜ਼ਿਆਦਾ ਦੇਰ ਇੱਥੇ ਨਹੀਂ ਟਿਕ ਸਕਾਂਗੇ।' ਯੂਰੀ ਨੇ ਆਖਿਆ। ਉਹਨਾਂ ਦੇ ਸਪੇਸ ਸੂਟ ਉਹਨਾਂ ਨੂੰ ਥੋੜੀ ਦੇਰ ਠੰਡੇ ਰੱਖ ਸਕਦੇ ਸਨ, ਪਰ ਬਹੁਤ ਦੇਰ ਨਹੀਂ।

'ਹਵਾ ਦੇ ਵਿੱਚ ਨਮੀ ਦੀ ਮਾਤਰਾ ਵੀ ਬਹੁਤ ਜ਼ਿਆਦਾ ਹੈ। ਗਰਮੀ ਤਾਂ ਫੇਰ ਵੀ ਸਹਿ ਸਕਦੇ ਹਾਂ ਪਰ ਹੁੰਮ ਨਹੀਂ।'

'ਇੰਝ ਲਗਦਾ ਹੈ ਅਸੀਂ ਪ੍ਰਿਥਵੀ ਦੇ ਮੀਂਹ ਦੇ ਜੰਗਲ ਅਮੇਜ਼ਨ ਵਿੱਚ ਆ ਗਏ ਹੋਈਏ।' ਡਾ: ਥੌਮਸ ਹਲਕੀ ਹਲਕੀ ਬੂੰਦਾ ਬਾਂਦੀ ਮਹਿਸੂਸ ਕਰਦਿਆਂ ਬੋਲਿਆ।

'ਫੇਰ ਤਾਂ ਇੱਥੇ ਬਹੁਤ ਹਰਿਆਲੀ ਹੋਣੀ ਚਾਹੀਦੀ ਹੈ, ਤੇ ਜੀਵ-ਜੰਤੂ ਵੀ।'

'ਪਰ ਇੱਥੇ ਤਾਂ ਚਾਰੇ ਪਾਸੇ ਗੁਲਾਬੀ ਤੇ ਜਾਮਣੀ ਰੰਗੀ ਕਾਈ ਫੈਲੀ ਹੋਈ ਹੈ। ਦੂਰ ਦੂਰ ਤੱਕ, ਜਿਵੇਂ ਘਾਹ ਦੀ ਚਾਰਾਗਾਹ ਹੋਵੇ।'

'ਚਾਰਾਗਾਹ ਨਹੀਂ, ਕਾਈ ਗਾਹ ਬੋਲੋ। ਨਾਲ਼ੇ ਇਹ ਯਾਨ ਤੋਂ ਜਾਮਣੀ ਰੰਗੀ ਭਾਹ ਦਾ ਕਾਰਣ ਵੀ ਸਮਝ ਆ ਗਿਆ।' ਡਾ: ਚੰਦਰ ਨੇ ਰੌਬਰਟ ਨੂੰ ਸੰਬੋਧਿਤ ਕਰਦਿਆਂ ਆਖਿਆ।

'ਇੰਝ ਲਗਦਾ ਹੈ, ਜਿਵੇਂ ਇਹ ਕਾਈ ਸਭ ਕੁੱਝ ਖਾ ਚੁੱਕੀ ਹੋਵੇ। ਇਸਤੋਂ ਇਲਾਵਾ ਦੂਰ ਦੂਰ ਤੱਕ ਕੁੱਝ ਨਹੀਂ ਦਿਖ ਰਿਹਾ। ਇਸਦਾ ਕੀ ਕਾਰਣ ਹੋ ਸਕਦਾ ਹੈ?'

'ਹੋ ਸਕਦਾ ਹੈ, ਇੱਥੇ ਕੋਈ ਵੱਡੀ ਘਟਨਾ ਵਾਪਰੀ ਹੋਵੇ ਤੇ ਸਭ ਜੀਵ-ਜੰਤੂ ਤੇ ਬਨਸਪਤੀ ਖਤਮ ਹੋ ਗਈ ਹੋਵੇ। ਤੇ ਸਿਰਫ਼ ਇਹ ਕਾਈ ਹੀ ਬਚੀ ਹੋਵੇ। ਇਹਦੇ ਫੈਲਣ ਲਈ ਪੂਰਾ ਮੈਦਾਨ ਖਾਲੀ ਹੈ ਤੇ ਬਾਅਦ ਵਿੱਚ ਇਸਨੇ ਸਭ ਕਾਸੇ ਤੇ ਕਬਜ਼ਾ ਕਰ ਲਿਆ।'

'ਪਰ, ਕਿਹੋ ਜਿਹੀ ਘਟਨਾ ਵਾਪਰੀ ਹੋ ਸਕਦੀ ਹੈ? ਡਾ: ਥੌਮਸ ਤੁਸੀਂ ਆਪਣੇ ਵਿਚਾਰ ਪੇਸ਼ ਕਰੋ।'

'ਕੁੱਝ ਕਹਿਣਾ ਮੁਸ਼ਕਿਲ ਹੈ, ਕੁਦਰਤੀ ਤੇ ਗ਼ੈਰ-ਕੁਦਰਤੀ ਕੁੱਝ ਵੀ ਹੋ ਸਕਦਾ ਹੈ - ਸੂਰਜੀ ਚਮਕ, ਆਕਾਸ਼ੀ-ਪਿੰਡ ਦਾ ਟਕਰਾ, ਜਾਂ ਕੁੱਝ ਹੋਰ। ਪਰ ਸਾਨੂੰ ਕੀ ਪਤਾ ਕਿ ਇੱਥੇ ਜੀਵ-ਜੰਤੂ ਜਾਂ ਬਨਸਪਤੀ ਸੀ ਜਾਂ ਹੈ। ਇਹ ਕਹਿਣਾ ਬੜਾ ਮੁਸ਼ਕਿਲ ਹੈ ਲਗਦਾ। ਪਰ ਇਹ ਪ੍ਰਿਥਵੀ ਵਰਗਾ ਚਟਾਨੀ, ਤੇ ਪਥਰੀਲਾ ਗ੍ਰਹਿ ਹੈ। ਸੋ ਇੱਥੇ ਜੀਵਨ ਦੇ ਅਸਾਰ ਹੋਣੇ ਬੜੇ ਅਸਾਨ ਹਨ। ਸਾਨੂੰ ਹੋਰ ਖੋਜ ਕਰਨੀ ਚਾਹੀਦੀ ਹੈ।'

ਉਹ ਚੱਲਦੇ ਚੱਲਦੇ ਆਪਣੀ ਸ਼ਟਲ ਤੋਂ ਕਾਫ਼ੀ ਦੂਰ ਆ ਗਏ ਸਨ। ਯੂਰੀ ਤੇ ਨੀਲ ਸ਼ਟਲ ਦੇ ਅੰਦਰ ਹੀ ਸਨ। ਅਚਾਨਕ ਆਕਾਸ਼ ਵਿੱਚ ਬਿਜਲੀ ਚਮਕਣ ਲੱਗੀ, ਪਰ ਇਹ ਬਿਜਲੀ ਪ੍ਰਿਥਵੀ ਵਰਗੀ ਆਮ ਬਿਜਲੀ ਨਹੀਂ ਸੀ, ਬਹੁਤ ਵੱਡੀ ਤੇ ਵਿਸ਼ਾਲ ਸੀ, ਜਿਵੇਂ ਸੂਰਜ ਦੇ ਵਿੱਚੋਂ ਆ ਰਹੀ ਹੋਵੇ। ਤੇ ਇੱਥੇ ਹੈ ਵੀ ਦੋ ਸੂਰਜ ਸਨ। ਇਸ ਕਰਕੇ ਧੁੱਪ ਵੀ ਬੜੀ ਤੇਜ਼ ਸੀ।

'ਇਹ ਸੂਰਜੀ ਤਪਿਸ਼ ਹੈ ਜੋ ਕਿ ਸੂਰਜ ਦੇ ਅੰਦਰ ਚੱਲਦੇ ਤੂਫ਼ਾਨਾਂ ਕਰਕੇ ਕੁਦਰਤੀ ਹੀ ਪੈਦਾ ਹੁੰਦੀ ਹੈ। ਪਰ ਇਹ ਬਹੁਤ ਤੇਜ਼ ਤੇ ਵੱਡੀ ਹੈ! ਸਾਨੂੰ ਸ਼ਟਲ ਵਿੱਚ ਵਾਪਿਸ ਜਾਣਾ ਚਾਹੀਦਾ ਹੈ, ਜਾਂ ਫੇਰ ਕਿਤੇ ਗੁਫ਼ਾ ਦੇ ਵਿੱਚ ਸ਼ਰਣ ਲੈ ਲੈਣੀ ਚਾਹੀਦੀ ਹੈ।' ਡਾ: ਚੰਦਰ ਨੇ ਕਿਹਾ।

'ਸ਼ਟਲ ਤੱਕ ਜਲਦੀ ਨਹੀਂ ਪਹੁੰਚ ਸਕਦੇ। ਉਹ ਸਾਹਮਣੇ ਗੁਫ਼ਾ ਹੈ, ਉਸ ਵਿੱਚ ਚਲੇ ਜਾਣਾ ਚਾਹੀਦਾ ਹੈ। '

ਉਹ ਤਿੰਨੇ ਜਣੇ ਗੁਫ਼ਾ ਦੇ ਅੰਦਰ ਚਲੇ ਗਏ। ਗੁਫ਼ਾ ਦੇ ਆਲੇ-ਦੁਆਲੇ ਵੀ ਕਾਈ ਸੀ।

'ਇਹ ਚੰਗੀ ਗੱਲ ਹੈ ਕਿ ਇੱਥੇ ਵੀ ਕਾਈ ਨੇ ਘੇਰਿਆ ਹੋਇਆ ਹੈ। ਸੂਰਜੀ ਰੇਡੀਓਐਕਟਿਵ ਵਿਕਿਰਨਾਂ ਤੋਂ ਇਹ ਬਚਾ ਕਰ ਸਕਦੀ ਹੈ। '

ਜਿਵੇਂ ਹੀ ਉਹ ਗੁਫ਼ਾ ਦੇ ਅੰਦਰ ਆਏ, ਬਾਹਰ ਜਿਵੇ ਬਿਜਲੀ ਤੇ ਸੂਰਜੀ ਚਮਕ ਦਾ ਤੂਫ਼ਾਨ ਆ ਗਿਆ ਜੋ ਕਿ ਕਾਫੀ ਭਿੰਅਕਰ ਸੀ। ਉਹਨਾਂ ਨੇ ਸ਼ੁਕਰ ਕੀਤਾ ਕਿ ਉਹ ਜਲਦੀ ਨਾਲ਼ ਗੁਫ਼ਾ ਦੇ ਅੰਦਰ ਆ ਗਏ ਹਨ। ਇੰਝ ਲੱਗ ਰਿਹਾ ਸੀ ਜਿਵੇਂ ਸੂਰਜ ਤੋਂ ਨਿੱਕਲ਼ ਕੇ ਚਮਕ ਗੰਧਰਵ ਗ੍ਰਹਿ ਤੇ ਉੱਤਰ ਰਹੀ ਹੋਵੇ। ਉਸ ਚਮਕ ਦੀ ਤਪਿਸ਼ ਤੇ ਗਰਜ ਬਹੁਤ ਜ਼ਿਆਦਾ ਸੀ।

ਉਹਨਾਂ ਨੂੰ ਆਪਣੇ ਹੇਠਲੀ ਜ਼ਮੀਨ ਵੀ ਹਿੱਲਦੀ ਮਹਿਸੂਸ ਹੋਈ, ਜਿਵੇਂ ਭੂਚਾਲ਼ ਵੀ ਆ ਰਿਹਾ ਹੋਵੇ।

'ਲਗਦਾ ਹੈ ਅਸੀਂ ਮਰ ਰਹੀ ਦੁਨੀਆਂ ਵਿੱਚ ਆ ਗਏ। ਇਹ ਗ੍ਰਹਿ ਤੇ ਇਹਦੇ ਦੋਵੇਂ ਸੂਰਜ ਮਰ ਰਹੇ ਲਗਦੇ ਹਨ। ਸਾਨੂੰ ਇੱਥੇ ਬਹੁਤੀ ਦੇਰ ਨਹੀਂ ਰੁਕਣਾ ਚਾਹੀਦਾ।' ਡਾ: ਥੌਮਸ ਬੋਲਿਆ।

'ਹਾਂ, ਇੰਝ ਹੀ ਲੱਗ ਰਿਹਾ ਹੈ।'

ਉਹ ਕਾਫ਼ੀ ਦੇਰ ਗੁਫ਼ਾ ਦੇ ਅੰਦਰ ਰਹੇ ਜਦ ਤੱਕ ਤੂਫ਼ਾਨ ਥੰਮ ਨਹੀਂ ਗਿਆ। ਗੁਫ਼ਾ ਦੇ ਅੰਦਰ ਉਹਨਾਂ ਨੂੰ ਕੁੱਝ ਵੀ ਹੋਰ ਨਹੀਂ ਦੀਖਿਆ। ਉਹਨਾਂ ਨੇ ਇੱਧਰ-ਉੱਧਰ ਕਾਫ਼ੀ ਸਰਵੇਖਣ ਕੀਤਾ। ਪਰ ਕਾਈ ਤੋਂ ਇਲਾਵਾ ਕੁੱਝ ਹੋਰ ਨਹੀਂ ਦਿਖ ਰਿਹਾ ਸੀ। ਇੱਕ ਘੰਟੇ ਬਾਅਦ, ਜਦੋਂ ਤੂਫ਼ਾਨ ਥੰਮਿਆ ਤਾਂ ਉਹ ਸ਼ਟਲ ਵੱਲ ਨੂੰ ਵਾਪਿਸ ਚੱਲ ਪਏ।

'ਤੂਫ਼ਾਨ ਤੇ ਬਿਜਲੀ ਦੇ ਕਾਰਣ ਸ਼ਟਲ ਵਿੱਚ ਖਰਾਬੀ ਆ ਗਈ ਹੈ। ਕੋਈ ਸਰਕਿਟ ਸੜ ਗਿਆ ਲਗਦਾ ਹੈ। ਅਸੀਂ ਚੈੱਕ ਕਰ ਰਹੇ ਹਾਂ।' ਯੂਰੀ ਨੇ ਉਹਨਾਂ ਨੂੰ ਦੱਸਿਆ।

'ਕਿੰਨਾ ਕੁ ਸਮਾਂ ਲੱਗ ਜਾਏਗਾ?' ਰੌਬਰਟ ਨੇ ਪੁੱਛਿਆ।

'ਕੁੱਝ ਕਹਿ ਨਹੀਂ ਸਕਦੇ।'

'ਠੀਕ ਹੈ, ਕੋਈ ਗੱਲ ਨਹੀਂ। ਉੱਨੀ ਦੇਰ ਅਸੀਂ ਗ੍ਰਹਿ ਦਾ ਹੋਰ ਸਰਵੇਖਣ ਕਰ ਸਕਦੇ ਹਾਂ। ਪਰ ਇਸ ਵਾਰ ਅਸੀਂ ਪੈਦਲ ਨਹੀਂ ਸਗੋਂ ਰੋਵਰ ਜੀਪ ਦੇ ਵਿੱਚ ਜਾਵਾਂਗੇ।'

ਉਨ੍ਹਾਂ ਨੇ ਸ਼ਟਲ ਦੇ ਪਿਛਲੇ ਕੋਨੇ ਵਿੱਚ ਰੋਵਰ ਜੀਪ ਨੂੰ ਬਾਹਰ ਕੱਢ ਲਿਆ ਜੋ ਕਿ ਇਸੇ ਕੰਮ ਲਈ ਤਿਆਰ ਕੀਤੀ ਗਈ ਸੀ। ਉਸਦੀ ਖ਼ਾਸੀਅਤ ਇਹ ਸੀ ਉਹ ਕਿਸੇ ਵੀ ਤਰ੍ਹਾਂ ਦੇ ਉੱਚੇ-ਨੀਂਵੇਂ ਧਰਾਤਲ 'ਤੇ ਚੱਲ ਸਕਦੀ ਸੀ।

***

ਗੰਧਰਵ ਗ੍ਰਹਿ ਪ੍ਰਿਥਵੀ ਤੋਂ ਤਕਰੀਬਨ ਸਵਾ ਗੁਣਾ ਵੱਡਾ ਸੀ, ਤੇ ਇਸ ਕਰਕੇ ਉਸਦਾ ਗੁਰੁਤਾਕਰਸ਼ਣ ਵੀ ਜ਼ਿਆਦਾ ਸੀ, ਪ੍ਰਿਥਵੀ ਦੇ ਮਨੁੱਖ ਦਾ ਭਾਰ ਵੀ ਸਵਾ ਗੁਣਾ ਜ਼ਿਆਦਾ ਸੀ। ਗੰਧਰਵ ਗ੍ਰਹਿ ਦਾ ਦਿਨ 21 ਘੰਟੇ ਲੰਬਾ ਸੀ ਜੋ ਪ੍ਰਿਥਵੀ ਤੋਂ ਛੋਟਾ ਸੀ ਪਰ ਉੱਥੋਂ ਦਾ ਇੱਕ ਸਾਲ ਪ੍ਰਿਥਵੀ ਦੇ ਸਾਲ ਤੋਂ ਵੱਡਾ ਸੀ। ਉੱਥੇ ਕੋਈ ਅੱਲਗ-ਅੱਲਗ ਮੌਸਮ ਨਹੀਂ ਸਨ, ਸਗੋਂ ਇੱਕੋ ਤਰ੍ਹਾਂ ਦਾ ਮੀਂਹ ਤੇ ਤੂਫ਼ਾਨਾਂ ਨਾਲ਼ ਭਰਿਆ ਮੌਸਮ ਸੀ। ਉਸਦੇ ਦੋ ਚੰਦਰਮਾ ਵੀ ਸਨ ਜੋ ਕਿ ਪ੍ਰਿਥਵੀ ਦੇ ਚੰਦਰਮਾ ਤੋਂ ਥੋੜੇ ਛੋਟੇ ਸਨ ਪਰ ਮਿਲ਼ ਕੇ ਉੱਥੋਂ ਦੇ ਸਮੁੰਦਰ 'ਤੇ ਦੁੱਗਣਾ ਪ੍ਰਭਾਵ ਪਾਉਂਦੇ ਸਨ।

ਇੰਝ ਲੱਗ ਰਿਹਾ ਸੀ ਕਿ ਗੰਧਰਵ ਗ੍ਰਹਿ ਰਹੱਸਮਈ ਤੇ ਗੁੰਝਲਦਾਰ ਸਿਸਟਮ ਸੀ। ਹਰ ਵਕਤ ਇੱਥੇ ਕੁੱਝ ਨਾ ਕੁੱਝ ਅਨੋਖਾ ਘਟ ਰਿਹਾ ਸੀ। ਸੂਰਜੀ ਤੂਫ਼ਾਨਾਂ ਤੋਂ ਆਉਂਦੀਆਂ ਚਮਕਾਂ, ਜੋ ਕਿ ਖਤਰਨਾਕ ਵਿਕਿਰਨਾਂ ਨਾਲ਼ ਭਰਪੂਰ ਸਨ, ਕਿਸੇ ਵੀ ਇਲੈਕਟ੍ਰਾਨਿਕ ਜੰਤਰ ਨੂੰ ਤਬਾਹ ਕਰ ਸਕਦੀਆਂ ਸਨ, ਜਿਵੇਂ ਕੇ ਉਹਨਾਂ ਦੀ ਸ਼ਟਲ ਖਰਾਬ ਹੋ ਗਈ ਸੀ।

ਸਭ ਤੋਂ ਜਟਿਲ ਤਾਂ ਉੱਥੋਂ ਦੀ ਜਾਮਣੀ ਕਾਈ ਸੀ ਜੋ ਕਿ ਦੂਰ ਦੂਰ ਸੈਂਕੜੇ, ਹਜ਼ਾਰਾਂ ਮੀਲ ਤੱਕ, ਜਿੱਧਰ ਵੀ ਨਜ਼ਰ ਫੇਰੋ ਨਜ਼ਰ ਆਉਂਦੀ ਸੀ। ਪਰ ਉਸਦੀ ਵਿਸ਼ੇਸ਼ਤਾ ਸੀ ਕਿ ਉਹ ਤੁਹਾਨੂੰ ਖਤਰਨਾਕ ਵਿਕਿਰਨਾਂ ਤੋਂ ਬਚਾ ਸਕਦੀ ਹੈ, ਜੇ ਕਿਸੇ ਵੀ ਗੁਫ਼ਾ ਜਾਂ ਵਸਤ ਨੂੰ ਢਕ ਲਏ! ਉਹ ਉੱਥੋਂ ਦੇ ਸਮੁੰਦਰ ਤੇ ਹੋਰ ਪਾਣੀਆਂ ਵਿੱਚ ਵੀ ਮੌਜੂਦ ਸੀ, ਜੋ ਕਿ ਜ਼ਮੀਨ ਨਾਲੋਂ ਜ਼ਿਆਦਾ ਵਿਸਤ੍ਰਿਤ ਸੀ! ਸਮੁੰਦਰ ਦੀ ਕਾਈ ਜ਼ਮੀਨ ਵਾਲ਼ੀ ਕਾਈ ਤੋਂ ਥੋੜੀ ਲੰਬੀ ਪਰ ਇੱਕੋ ਜਿਹੀ ਸੀ। ਉਹ ਕਾਈ ਹਜ਼ਾਰਾਂ, ਲੱਖਾਂ ਸਾਲ ਪੁਰਾਣੀ ਲੱਗ ਰਹੀ ਸੀ। ਉਹ ਇੱਕਦਮ ਪੈਦਾ ਹੋ ਕੇ ਕੁੱਝ ਕੁ ਘੰਟਿਆਂ ਵਿੱਚ ਸੈਂਕੜੇ ਵਰਗਾਕਾਰ ਖੇਤਰ ਵਿੱਚ ਫੈਲਣ ਦੇ ਸਮਰੱਥ ਸੀ। ਉਹ ਖਣਿਜ ਪਦਾਰਥ ਤੇ ਕੱਚੀ ਧਾਤੂ ਦੇ ਨਾਲ਼ ਭਰੀ ਹੋਈ ਸੀ।

ਪਰ, ਉੱਥੇ ਇੱਕਲੀ ਕਾਈ ਨਹੀਂ ਹੋ ਸਕਦੀ, ਕੁੱਝ ਹੋਰ ਵੀ ਜ਼ਰੂਰ ਹੋਵੇਗਾ, ਜਿਸ ਨਾਲ਼ ਕਾਈ ਸਹਿਜੀਵਨ ਮਾਣਦੀ ਹੋਵੇਗੀ। ਪਰ ਉਹ ਬਨਸਪਤੀ ਜਾਂ ਜੀਵ ਕੀ ਤੇ ਕਿਸ ਤਰ੍ਹਾਂ ਦਾ ਹੋ ਸਕਦਾ ਹੈ ਤੇ ਕਿਸ ਤਰ੍ਹਾਂ ਦਾ ਹੋ ਸਕਦਾ ਹੈ?

ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ ।

ਵੈਬਸਾਈਟ : https://sahit.punjabikids.org/

12 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਭੌਤਿਕ ਵਿਗਿਆਨ ਵਿਭਾਗ ਨੇ ਡਾ. ਦੇਵਿੰਦਰ ਪਾਲ ਸਿੰਘ ਦੁਆਰਾ 'ਸਿੱਖ ਧਰਮ ਲਈ ਏਆਈ ਦੀ ਵਰਤੋਂ ਮੌਕੇ ਤੇ ਜ਼ੋਖਮ' ਵਿਸ਼ੇ 'ਤੇ ਭਾਸ਼ਣ ਦਾ ਆਯੋਜਨ ਕੀਤਾ। ਡਾ: ਸਿੰਘ ਨੇ ਏਆਈ ਬਾਰੇ ਮੁੱਢਲੀ ਜਾਣਕਾਰੀ ਦੇ ਕੇ ਸਿੱਖ ਧਰਮ ਲਈ ਏਆਈ ਦੇ ਫਾਇਦੇ ਅਤੇ ਨੁਕਸਾਨ 'ਤੇ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਦੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ' ਵੀ ਰਿਲੀਜ਼ ਕੀਤੀ ਗਈ।

ਵਿਗਿਆਨਕ ਨਿਬੰਧ

ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ

ਇੰਜ. ਈਸ਼ਰ ਸਿੰਘ

ਇਹ ਕਹਾਵਤ, ਅੱਜ ਦੀ ਸਮੁੱਚੀ ਤਕਨਾਲੋਜੀ ਅਤੇ ਇਸ ਦੀਆਂ ਬ੍ਰਾਂਚਾਂ – ਖਾਸ ਕਰ ਕੇ ਕੰਪਿਊਟਰ ਸਾਇੰਸ ਅਤੇ ਅੱਗੇ ਉਸ ਦੀ ਉਪ-ਬ੍ਰਾਂਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.)– 'ਤੇ ਪੂਰੀ ਢੁਕਦੀ ਹੈ। ਇਹ ਸੋਨਾ ਹੈ ਕਿਉਂਕਿ ਇਸ ਦੀਆਂ ਅੱਡ-ਅੱਡ ਬ੍ਰਾਂਚਾਂ ਦੇ ਸੁਮੇਲ ਰਾਹੀਂ ਮਨੁੱਖ, ਥੋੜੇ ਸਮੇਂ 'ਚ ਹੀ ਅਭੂਤ-ਪੂਰਬ ਬਹੁ-ਪੱਖੀ ਤਰੱਕੀ ਕਰ ਸਕਿਆ ਹੈ। ਇਸ ਕਰ ਕੇ ਅੱਜ ਅਸੀਂ ਆਪਣੇ ਪੁਰਵਜਾਂ ਤੋਂ ਹਰ ਪੱਖੋਂ ਅਤੇ ਕਿਤੇ ਵੱਧ ਸਾਧਨ-ਸੰਪੰਨ, ਖ਼ੁਸ਼ਹਾਲ ਅਤੇ ਸੁਖੀ ਹਾਂ। ਹਰ ਕੋਈ ਇਸ ਗੱਲ ਨਾਲ਼ ਸਹਿਮਤ ਹੈ ਕਿ ਅੱਜ ਦਾ ਯੁੱਗ ਇਸ ਸੰਸਾਰ 'ਚ ਜਿਉਣ ਦਾ ਸਭ ਤੋਂ ਵਧੀਆ ਯੁੱਗ ਹੈ।

ਪਰ 2024 ਦੇ ਨੋਬਲ ਪੁਰਸਕਾਰ ਨਾਲ਼ ਸਨਮਾਨਿਤ ਦੋ ਪ੍ਰਸਿੱਧ ਅਰਥ-ਸ਼ਾਸਤਰੀ, ਆਪਣੀ ਸਾਂਝੀ ਕਿਤਾਬ ('ਪਾਵਰ ਐਂਡ ਪਰੋਗਰੈੱਸ' 2023) 'ਚ ਲਿਖਦੇ ਹਨ ਕਿ: "ਮੌਜੂਦਾ ਹਾਲਾਤ ਅਤੇ ਤਕਨਾਲੋਜੀਆਂ ਦੇ ਇੱਕ ਹਜ਼ਾਰ ਸਾਲ ਦੇ ਇਤਿਹਾਸ ਤੋਂ ਸਪਸ਼ਟ ਹੈ ਕਿ ਇਹ ਆਪਣੇ-ਆਪ 'ਚ ਵਿਆਪਕ ਅਤੇ ਸਰਬ-ਸਾਂਝੀ ਖੁਸ਼ਹਾਲੀ ਨਹੀਂ ਲਿਆ ਸਕਦੀਆਂ। ਇਸ ਤਰ੍ਹਾਂ ਦੀ ਖੁਸ਼ਹਾਲੀ ਲਿਆਉਣਾ ਜਾ ਨਾਂ ਲਿਆਉਣਾ, ਇੱਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਾ ਹੈ।" (ਪੰਨਾ 13)

ਇਸ ਤਰ੍ਹਾਂ ਤਕਨਾਲੋਜੀ ਦਾ ਇਹ ਸੋਨਾ ਸਾਡੇ ਕੰਨਾਂ ਨੂੰ ਖਾ ਰਿਹਾ ਹੈ; ਆਪਾਂ ਨਾਂ ਇਸ ਨੂੰ ਲਾਹੁਣ ਜੋਗੇ ਨਾਂ ਪਹਿਨਣ ਜੋਗੇ। ਇਸ ਸਥਿਤੀ ਨੂੰ ਹੀ ਅੰਗਰੇਜੀ 'ਚ 'ਨਸੈਸਰੀ ਇਵਲ', 'ਡੇਂਜਰਅਸ ਕਨਵਿਨੀਐਂਸ', ਦੁਧਾਰੀ ਤਲਵਾਰ ਆਦਿ ਕਿਹਾ ਜਾਂਦਾ ਹੈ। ਅੱਜ ਸੰਸਾਰ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਸਰੋਕਾਰਾਂ ਨੂੰ ਪਿਛਾਂਹ ਕਰ ਕੇ ਤਕਨਾਲੋਜੀ ਨੂੰ ਮੁੱਖ ਰੱਖ ਰਿਹਾ ਹੈ। ਤਕਨਾਲੋਜੀ, ਕੰਪਿਊਟਰ ਸਾਇੰਸ ਦੇ ਪ੍ਰਭਾਵ ਹੇਠ ਆਈ ਹੋਈ ਹੈ ਜੋ ਅੱਗੇ ਏ.ਆਈ ਦੇ ਪ੍ਰਭਾਵ ਹੇਠ ਆ ਚੁੱਕੀ ਹੈ। ਇਸ ਉਲਟੇ ਚੱਕਰ ਦੇ ਮੰਦੇ ਅਸਰ ਪ੍ਰਤੱਖ ਹੋ ਰਹੇ ਹਨ ਅਤੇ ਸਰਬ-ਸਾਂਝੀ ਭਲਾਈ ਅਤੇ ਮਨੁੱਖੀ ਬਰਾਬਰੀ ਦੇ ਹਾਮੀ, ਭਵਿੱਖ 'ਚ ਇਨ੍ਹਾਂ ਦੇ ਹੋਰ ਵਿਆਪਕ ਅਤੇ ਗੰਭੀਰ ਹੋਣ ਦੇ ਖ਼ਦਸ਼ੇ ਪਰਗਟ ਕਰ ਰਹੇ ਹਨ। ਕਈ ਭਵਿੱਖ-ਵਕਤਾ ਤਾਂ ਏ.ਆਈ ਨੂੰ ਮਨੁੱਖੀ ਹੋਂਦ ਲਈ ਘਾਤਕ ਹੋ ਜਾਣ ਤੱਕ ਦੀਆਂ ਕਿਆਸ-ਰਾਈਆਂ ਲਾ ਰਹੇ ਹਨ।

ਫਿਰ ਵੀ ਏ. ਆਈ ਦੇ ਇਜਾਰੇਦਾਰ ਇਸ ਨੂੰ ਸੰਸਾਰ ਦੀ ਲੱਗ-ਭੱਗ ਹਰ ਸਮੱਸਿਆ ਦਾ ਹੱਲ ਲੱਭ ਸਕਣ ਵਾਲ਼ੀ ਗਿੱਦੜ-ਸਿੰਗੀ ਗਰਦਾਨ ਰਹੇ ਹਨ। ਆਪਣੇ ਅਸੀਮ ਮਾਇਕ ਸਾਧਨਾਂ ਅਤੇ ਅਥਾਹ ਅਸਰ-ਰਸੂਖ ਰਾਹੀਂ ਇਸ ਦੇ ਪਰਚਾਰ-ਪਸਾਰ ਲਈ ਪੂਰੀ ਵਾਹ ਲਾ ਰਹੇ ਹਨ। ਇਸ ਨੂੰ ਸਮੁਚੀ ਤਕਨਾਲੋਜੀ 'ਤੇ ਹਾਵੀ ਕਰਨਾ ਇਨ੍ਹਾਂ ਦੀ ਹੀ ਸੋਚੀ-ਸਮਝੀ ਨੀਤੀ ਹੈ, ਕਿਉਂਕਿ ਇਸ ਰਾਹੀਂ, ਤਕਨਾਲੋਜੀ ਇਨ੍ਹਾਂ ਲਈ ਅੰਨ੍ਹੀ ਕਮਾਈ ਦਾ ਸੌਖਾ ਸਾਧਨ ਬਣ ਚੁੱਕੀ ਹੈ। ਜ਼ਿਕਰ -ਯੋਗ ਹੈ ਕਿ ਅੱਜ ਸੰਸਾਰ ਦੇ ਦਸ ਸਭ ਤੋਂ ਅਮੀਰ ਬੰਦਿਆਂ 'ਚੋਂ ਛੇ ਸਿੱਧੇ ਇਸ ਖੇਤਰ ਨਾਲ਼ ਜੁੜੇ ਹੋਏ ਹਨ ਅਤੇ ਬਾਕੀ ਚਾਰ ਪੂਰੀ ਤਰ੍ਹਾਂ ਇਸ ਤੇ ਨਿਰਭਰ ਹਨ। ਕਹਿਣ ਨੂੰ ਇਹ ਸਭ ਬਹੁਤ ਦਾਨ-ਪੁੰਨ ਕਰਦੇ ਹਨ ਅਤੇ ਵਿੱਦਿਆ, ਸਿਹਤ-ਸੰਭਾਲ਼, ਵਾਤਾਵਰਨ ਸਣੇ ਅਨੇਕਾਂ ਖੇਤਰਾਂ 'ਚ ਹਰ ਕਿਸਮ ਦੇ ਪਰ-ਉਪਕਾਰ ਕਰਦੇ ਹਨ। ਪਰ ਆਪਾਂ ਇਹ ਵੀ ਜਾਣਦੇ ਹਾਂ ਕਿ ਅੱਜ ਤੋਂ 150 ਕੁ ਸਾਲ ਪਹਿਲਾਂ ਦੇ ਤਕਨਾਲੋਜੀ-ਇਜਾਰੇਦਾਰਾਂ ਨੂੰ 'ਰੌਬਰ-ਬੈਰਨਜ' ਕਹਿ ਕੇ ਤਿਰਸਕਾਰਿਆ ਜਾਂਦਾ ਹੈ। ਭਾਵੇਂ ਅੱਜ ਦੇ ਇਜਾਰੇਦਾਰ ਸਿੱਧੇ ਤੌਰ ਤੇ ਕਾਲਖ ਦੇ ਇਸ ਟਿੱਕੇ ਤੋਂ ਬਚਣਾ ਸਿੱਖ ਗਏ ਹਨ, ਪਰ ਫਰਕ ਕੋਈ ਨਹੀਂ। ਦਲੇਰ ਲੇਖਕ ਆਪਣੀਆਂ ਕਿਤਾਬਾਂ ਅਤੇ ਲੇਖਾਂ 'ਚ ਇਹ ਗੱਲ ਖੁਲ੍ਹ ਕੇ ਕਹਿ ਰਹੇ ਹਨ। ਇਨ੍ਹਾਂ ਇਜਾਰੇਦਾਰਾਂ ਨੇ, ਅੱਜ ਦੇ ਸੰਸਾਰ ਨੂੰ ਏ. ਆਈ ਦੀ ਚਕਾਚੌਂਧ 'ਚ ਗ਼ਲਤਾਨ ਕਰ ਕੇ ਅਸਲ ਸੰਸਾਰਿਕ ਲੋੜਾਂ ਅਤੇ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਅਵੇਸਲ਼ਾ ਕਰ ਰੱਖਿਆ ਹੈ।

ਏ. ਆਈ ਦੀ ਲਿਫਾਫੇ-ਬਾਜੀ ਨੂੰ ਸਮਝਣ ਦਾ ਇੱਕ ਦ੍ਰਿਸ਼ਟਾਂਤ ਇਹ ਹੈ: ਆਪਾਂ ਇੱਕ ਵਧੀਆ ਰੈਸਟੋਰੈਂਟ 'ਚ ਖਾਣਾ ਖਾਂਦੇ ਹਾਂ। ਵੇਟਰਾਂ ਤੋਂ ਲੈ ਕੇ, ਸਫਾਈ, ਬੈਠਣ ਦਾ ਇੰਤਜ਼ਾਮ, ਸਰਵਿਸ ਦਾ ਮਿਆਰ, ਖਾਣੇ ਦਾ ਸੁਆਦ ਸਭ ਕੁਛ ਸਾਡੇ ਪਸੰਦ ਹੈ। ਖੁਸ਼ ਹੋ ਕੇ ਅਸੀਂ ਵੇਟਰ ਨੂੰ ਅੱਛੀ-ਖਾਸੀ ਟਿੱਪ ਦਿੰਦੇ ਹਾਂ, ਰੈਸਟੋਰੈਂਟ ਦੇ ਰਜਿਸਟਰ 'ਚ ਪ੍ਰਸ਼ੰਸਾ ਵੀ ਦਰਜ ਕਰਦੇ ਹਾਂ ਅਤੇ ਬਾਅਦ 'ਚ ਮਿੱਤਰਾਂ-ਦੋਸਤਾਂ ਨੂੰ ਓਥੇ ਜਾਣ ਦੀ ਸਿਫ਼ਾਰਿਸ਼ ਵੀ ਕਰਦੇ ਹਾਂ। ਪਰ ਜੇ ਖਾਣੇ ਲਈ ਵਰਤੀ ਅਨੇਕਾਂ ਕਿਸਮ ਦੀ ਸਮਗ੍ਰੀ ਅਤੇ ਇਸ ਦੀ ਉਪਜ ਦਾ ਪੂਰਾ ਖੇਤੀ-ਬਾੜੀ ਸਿਸਟਮ, ਢੋਅ-ਢੁਆਈ ਅਤੇ ਖਾਣੇ ਦੀ ਤਿਆਰੀ 'ਚ ਵਰਤੀ ਬਿਜਲੀ/ ਊਰਜਾ, ਆਦਿ ਨੂੰ ਡੂੰਘਾਈ 'ਚ ਵਿਚਾਰੀਏ ਤਾਂ ਰੈਸਟੋਰੈਂਟ ਦਾ ਸਭ ਕਾਰੋਬਾਰ ਇਸ ਅੱਗੇ ਬਹੁਤ ਛੋਟਾ ਲਗਦਾ ਹੈ। ਪਰ ਆਪਾਂ ਨੂੰ ਦਿਖ ਇਹ ਹੀ ਰਿਹਾ ਹੈ, ਕਿਉਂਕਿ ਰੈਸਟੋਰੈਂਟ ਨੇ ਇਸ਼ਤਿਹਾਰ-ਬਾਜੀ ਰਾਹੀਂ ਪਰਚਾਰ ਬਹੁਤ ਕੀਤਾ ਹੋਇਆ ਹੈ।

ਤਕਨਾਲੋਜੀ ਦੇ ਇਨ੍ਹਾਂ ਦੋਹਾਂ ਪੱਖਾਂ ਨੂੰ ਦੇਖ ਕੇ ਆਪਾਂ (ਜਨ-ਸਧਾਰਨ) ਬਹੁਤ ਦੁਬਿਧਾ 'ਚ ਹਾਂ। ਅੱਜ ਦੇ ਸਾਧਨ-ਸੰਪੰਨ ਅਤੇ ਖੁਸ਼ਹਾਲ ਸੰਸਾਰ 'ਚ ਵੀ, ਆਪਣੇ ਲਈ ਇੱਕ ਪ੍ਰਸੰਨ-ਮਈ ਜੀਵਨ ਜਿਉਣਾ ਅਤੇ ਹੋਰਾਂ ਦੇ ਇਸ ਤਰ੍ਹਾਂ ਦੇ ਜੀਵਨ ਜਿਉਣ ਲਈ ਮਦਦ-ਗਾਰ ਹੋਣਾ, ਮੁੱਖ ਚੁਣੌਤੀ ਬਣ ਗਿਆ ਹੈ। ਹਾਲਾਂ ਕਿ ਆਪਾਂ ਇਸ ਤਰ੍ਹਾਂ ਦੇ ਹਾਲਾਤਾਂ ਲਈ ਬਿਲਕੁਲ ਹੀ ਜ਼ਿੰਮੇਵਾਰ ਨਹੀਂ, ਫਿਰ ਵੀ ਆਪਣੇ ਸਭ ਦੇ ਜੀਵਨਾਂ ਤੇ ਇਨ੍ਹਾਂ ਇਜਾਰੇਦਾਰਾਂ ਵਲੋਂ ਲਏ ਗਏ ਅਤੇ ਲਏ ਜਾ ਰਹੇ ਫੈਸਲਿਆਂ ਦਾ ਪੂਰਾ ਅਸਰ ਹੈ। ਇਹ ਗੱਲ ਸਾਨੂੰ ਚੰਗੀ ਲੱਗੇ ਨਾਂ ਲੱਗੇ ਪਰ ਸਾਡੇ ਜੀਵਨ ਤੇ ਅਸਰ ਪਾਉਣ ਵਾਲ਼ੀ ਹਰ ਖੋਜ, ਇਨ੍ਹਾਂ ਵੱਡੀਆਂ ਕੰਪਨੀਆਂ ਵਲੋਂ ਕੀਤੀ ਗਈ ਹੈ ਅਤੇ ਕੀਤੀ ਜਾ ਰਹੀ ਹੈ। ਸਾਡੀ ਵਰਤੋਂ ਲਈ ਜ਼ਰੂਰੀ ਹਰ ਜੰਤਰ ਇਨ੍ਹਾਂ ਵਲੋਂ ਬਣਾਇਆ ਗਿਆ ਜਾਂ ਬਣਾਇਆ ਜਾ ਰਿਹਾ ਹੈ। ਇਹ ਅਸਲੀਅਤ ਹੈ, ਅਸੀਂ ਇਸ ਤੋਂ ਬਚ ਨਹੀਂ ਸਕਦੇ ਅਤੇ ਕੁਛ ਕਰ ਵੀ ਨਹੀਂ ਸਕਦੇ। ਹਾਂ, ਅਸੀਂ ਇਹ ਕਰ ਸਕਦੇ ਹਾਂ ਕਿ ਇਨ੍ਹਾਂ ਦੀ ਸਦ-ਵਰਤੋਂ ਕਰਨਾ ਸਿੱਖੀਏ ਅਤੇ ਇਨ੍ਹਾਂ ਦੇ ਮੰਦੇ ਅਸਰਾਂ ਤੋਂ ਬਚਣਾ ਸਿੱਖੀਏ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਜਾਰੇਦਾਰਾਂ ਦੇ ਹੱਥ-ਕੰਡਿਆਂ ਨੂੰ ਸਮਝੀਏ ਅਤੇ ਇਨ੍ਹਾਂ ਤੋਂ ਚੇਤੰਨ ਰਹੀਏ। ਏ. ਆਈ ਦੀ ਚਕਾਚੌਂਧ 'ਚ ਗ਼ਲਤਾਨ ਹੋ ਕੇ ਅਸਲ ਸੰਸਾਰਿਕ ਲੋੜਾਂ ਅਤੇ ਸਮੱਸਿਆਵਾਂ ਤੋਂ ਅਵੇਸਲ਼ੇ ਨਾਂ ਹੋਈਏ। ਇਹ ਕਰਨ ਲਈ ਆਪਾਂ ਨੂੰ ਇਜਾਰੇਦਾਰਾਂ ਵਲੋਂ ਇਸ ਰਾਹੀਂ ਕੀਤੀ ਜਾ ਰਹੀ ਲੁੱਟ-ਖਸੁੱਟ ਦੇ ਤਰੀਕਿਆਂ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਇਸ ਲੁੱਟ-ਖਸੁੱਟ ਨਾਲ਼ ਹੋ ਰਹੇ ਸਾਡੇ ਵਿਅਕਤੀਗਤ ਅਤੇ ਸਮੂਹਕ ਨੁਕਸਾਨ ਤੋਂ ਬਚਣ ਦੇ ਉਪਾਅ ਕਰਨੇ ਜ਼ਰੂਰੀ ਹਨ। ਸੋ ਤਕਨਾਲੋਜੀ ਦੀ ਅੱਜ ਦੀ ਸਥਿਤੀ 'ਤੇ ਸੰਖੇਪ ਨਜ਼ਰ-ਸਾਨੀ ਕਰਦੇ ਹਾਂ:

ਇਤਿਹਾਸਿਕ ਪੱਖੋਂ ਤਕਨਾਲੋਜੀ, ਮਨੁੱਖਤਾ ਜਿੰਨੀ ਹੀ ਪੁਰਾਣੀ ਹੈ। ਪੱਥਰ ਨਾਲ਼ ਕੋਈ ਚੀਜ਼ ਭੰਨ ਲੈਣੀ ਅਤੇ ਵੱਟਾ ਮਾਰ ਕੇ ਦਰਖਤ ਤੋਂ ਫਲ਼ ਤੋੜ ਲੈਣਾ ਵੀ ਤਕਨਾਲੋਜੀ ਹੈ। ਉਸ ਸਮੇਂ ਤੋਂ ਸ਼ੁਰੂ ਹੋ ਕੇ, ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਸਮੇਂ ਅਤੇ ਸਥਾਨ ਅਨੁਸਾਰ, ਔਜਾਰ ਅਤੇ ਜੰਤਰ ਬਣਾਉਂਦੇ ਰਹੇ ਹਨ। ਅਬਾਦੀ ਦੇ ਵਾਧੇ ਦੀ ਦਰ ਬਹੁਤ ਘੱਟ ਹੋਣ ਕਰ ਕੇ ਤਕਨਾਲੋਜੀ ਦਾ ਵਿਕਾਸ ਵੀ ਘੱਟ ਹੋਇਆ। ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਦੇ ਜੀਵਨ ਅਤੇ ਅੱਜ ਤੋਂ ਤਿੰਨ ਹਜ਼ਾਰ ਪਹਿਲਾਂ ਦੇ ਜੀਵਨ ਅਤੇ ਔਜਾਰਾਂ / ਜੰਤਰਾਂ 'ਚ ਬਹੁਤਾ ਫਰਕ ਨਹੀਂ ਸੀ। ਇਹ ਜਿਉਣ-ਢੰਗ ਨੂੰ ਸੌਖਾ ਕਰਨ ਦਾ ਵਸੀਲਾ ਵੱਧ ਅਤੇ ਲੁੱਟ-ਖਸੁੱਟ ਦਾ ਵਸੀਲਾ ਘੱਟ ਸਨ, ਕਿਉਂਕਿ ਇਹ ਕੰਮ-ਸਾਰੂ ਅਤੇ ਕਿਫ਼ਾਇਤੀ ਸਨ। 'ਲੋੜ ਕਾਢਾਂ ਦੀ ਮਾਂ ਹੈ' ਦੇ ਸਿਧਾਂਤਾਂ ਅਨੁਸਾਰ ਬਣਾਏ ਜਾਂਦੇ ਸਨ। ਪਰ ਹੁਣ ਸਿਸਟਮ ਨੂੰ ਉਲਟਾ ਕਰ ਕੇ 'ਕਾਢ ਨੂੰ ਲੋੜਾਂ ਦੀ ਮਾਂ' ਬਣਾ ਦਿੱਤਾ ਹੈ। ਅੱਜ ਇਸ਼ਤਿਹਾਰ-ਬਾਜੀ ਦੇ ਜ਼ੋਰ ਨਾਲ਼ ਉਨ੍ਹਾਂ ਗੈਰ-ਜ਼ਰੂਰੀ ਚੀਜ਼ਾਂ ਨੂੰ

ਵੀ ਸਾਡੀਆਂ 'ਲੋੜਾਂ' ਬਣਾ ਦਿੱਤਾ ਗਿਆ ਹੈ ਜੋ ਇਜਾਰੇਦਾਰਾਂ ਵਾਸਤੇ ਵੱਧ ਕਮਾਈ ਦਾ ਸਾਧਨ ਹੋਣ, ਭਾਵੇਂ ਜਨ-ਸਧਾਰਨ ਅਤੇ ਧਰਤੀ ਦੇ ਵਾਤਾਵਰਨ ਅਤੇ ਸ੍ਰੋਤਾਂ ਵਾਸਤੇ ਕਿੰਨੀਆਂ ਵੀ ਨੁਕਸਾਨ-ਦਾਇਕ ਕਿਉਂ ਨਾਂ ਹੋਣ। ਤਕਨਾਲੋਜੀ ਦੀ ਉਪ-ਯੋਗਤਾ ਕਰ ਕੇ ਹੀ ਹਰ ਯੁੱਗ 'ਚ, ਇਸ ਤੇ ਇਹੋ ਜਿਹੇ ਇਜਾਰੇਦਾਰਾਂ ਦਾ ਕਬਜਾ ਰਿਹਾ ਹੈ। ਇਸ ਉਪ-ਯੋਗੀ ਸਾਧਨ ਸਣੇ, ਤਾਕਤ ਦੇ ਹਰ ਸਾਧਨ ਤੇ ਇਜਾਰੇਦਾਰੀ ਦਾ ਕਾਬਜ਼ ਹੋਣਾ ਅਤੇ ਰਹਿਣਾ ਇੱਕ ਇਤਿਹਾਸਕ ਸਚਾਈ ਹੈ। ਅੱਜ ਦੀ ਤਕਨਾਲੋਜੀ ਨੂੰ ਉਸੇ ਰਾਹ ਤੇ ਤੋਰ ਦੇਣਾ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ, ਇਹ ਕੋਈ ਨਵਾਂ ਵਰਤਾਰਾ ਨਹੀਂ।

ਇਸ ਕਥਨ ਦਾ ਭਾਵ ਅੱਜ ਦੀ ਤਕਨਾਲੋਜੀ ਨੂੰ ਨਕਾਰਨਾ ਜਾ ਇਸ ਦੀ ਵਿਰੋਧਤਾ ਕਰਨਾ ਨਹੀਂ। ਇਸ ਦੀ ਉਪ-ਯੋਗਤਾ ਕਰ ਕੇ ਹੀ ਇਸ ਨੂੰ ਸੋਨੇ ਦੇ ਬਿੰਬ ਨਾਲ਼ ਦਰਸਾਇਆ ਗਿਆ ਹੈ। ਸਪਸ਼ਟ ਹੈ ਕਿ ਤਕਨਾਲੋਜੀ ਤਾਂ ਇੱਕ ਸਾਧਨ ਹੈ, ਇਸ ਨੂੰ ਬੁਰਾ ਕਹਿਣਾ ਹਰਗਿਜ਼ ਉਚਿਤ ਨਹੀਂ। ਫਰਜ਼ ਕਰੀਏ ਕਿ ਇੱਕ ਕਾਰ ਹਾਈ-ਵੇ 'ਤੇ ਪਰਵਾਨਿਤ ਸਪੀਡ ਤੋਂ ਵੱਧ ਤੇਜੀ ਨਾਲ਼ ਦੌੜ ਰਹੀ ਹੈ। ਇਸ ਵਿੱਚ ਕਸੂਰ ਕਾਰ ਦਾ ਨਹੀਂ, ਉਸ ਡਰਾਇਵਰ ਦਾ ਹੈ ਜੋ ਆਪਣੇ ਵਕਤੀ ਹੁਲਾਸ ਵਾਸਤੇ ਤੇਜ-ਰਫਤਾਰੀ ਦੇ ਨੁਕਸਾਨਾਂ ਨੂੰ ਅੱਖੋਂ-ਪਰੋਖੇ ਕਰਦਾ ਹੈ। ਤਕਨਾਲੋਜੀ ਰੂਪੀ ਕਾਰ ਦਾ ਐਕਸਲਰੇਟਰ ਦੱਬਣਾ ਕਮਾਊ ਵੀ ਹੈ ਅਤੇ ਹੁਲਾਸ-ਪੂਰਨ ਵੀ ਹੈ ਪਰ ਇਸ ਦੇ ਨਤੀਜੇ ਹਮੇਸ਼ਾ ਮਾਰੂ ਹੁੰਦੇ ਹਨ। ਚੰਗਾ-ਮੰਦਾ ਤਾਂ ਇਸ ਨੂੰ ਖੁਦਗਰਜ਼ ਮੰਤਵਾਂ ਵਾਸਤੇ ਵਰਤਣ ਵਾਲ਼ਾ ਮਨੁੱਖ ਹੈ, ਜਿਸ ਦੀਆਂ ਕੁਦਰਤੀ ਪ੍ਰਵਿਰਤੀਆਂ ਓਹੀ ਹਨ ਜੋ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਸਨ। ਇਸ ਕਰ ਕੇ ਇਸ ਨੂੰ ਕੁਰਾਹੇ ਪੈਣ ਤੋਂ ਰੋਕਣ ਦਾ ਢੰਗ ਅੱਜ ਵੀ ਅੰਕੁਸ਼ ਹੈ, ਸਖ਼ਤ ਨਿਯੰਤਰਣ ਹੈ, ਜਿਸ ਤੋਂ ਇਸ ਦੇ ਇਜਾਰੇਦਾਰ ਆਪਣੇ ਸ਼ਾਤਰ ਨੀਤੀਆਂ ਨਾਲ਼ ਬਚ ਰਹੇ ਹਨ। ਇਸ ਵਿਵਰਣ ਦਾ ਮਤਲਬ ਇਹ ਦੱਸਣਾ ਹੈ ਕਿ ਇਹ ਗਲਤ ਹੱਥਾਂ 'ਚ ਆ ਚੁੱਕੀ ਹੈ, ਜੋ ਅੱਜ ਦੇ ਯੁੱਗ 'ਚ ਸਹਿਣ-ਯੋਗ ਨਹੀਂ।

ਅੱਜ ਸੰਸਾਰ ਆਪਣੀਆਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਸਮੱਸਿਆਵਾਂ ਵਲ ਬਣਦਾ ਧਿਆਨ ਨਹੀਂ ਦੇ ਰਿਹਾ। ਸਾਡੇ ਚੋਟੀ ਦੇ ਦਿਮਾਗ, ਮਾਇਕ ਸਾਧਨ ਅਤੇ ਸਮਾਂ, ਤਕਨਾਲੋਜੀ ਦੇ ਵਿਕਾਸ ਅਤੇ ਪਰਚਾਰ-ਪਸਾਰ ਵਾਸਤੇ ਵਰਤੇ ਜਾ ਰਹੇ ਹਨ – ਅੱਗੋਂ ਉਸ ਦੇ ਵੀ ਏ. ਆਈ ਅਤੇ ਕੰਪਿਊਟਰ ਸਾਇੰਸ ਦੇ ਖੇਤਰ ਲਈ। ਇਸ ਖੇਤਰ ਨੂੰ ਦਿੱਤੀ ਜਾ ਰਹੀ ਨਜਾਇਜ਼ ਪਹਿਲ ਕਰ ਕੇ ਹੀ ਪਿਛਲੇ 65-70 ਸਾਲ ਤੋਂ ਖੇਤੀ-ਬਾੜੀ, ਉਦਯੋਗ, ਨਿਰਮਾਣ ਖੇਤਰ ਆਦਿ 'ਚ ਕੋਈ ਜੁਗ-ਪਲਟਾਊ ਕਾਢ ਜਾਂ ਖੋਜ ਨਹੀਂ ਕੀਤੀ ਜਾ ਸਕੀ, ਹਾਲਾਂਕਿ ਇਨ੍ਹਾਂ ਦੀ ਬਹੁਤ ਲੋੜ ਹੈ। ਉਦਹਾਰਣ ਵਜੋਂ ਖੇਤੀ-ਬਾੜੀ ਦੀ ਸਭ ਤੋਂ ਜ਼ਰੂਰੀ ਲੋੜ ਹੈ ਕਿ ਇਸ ਤਰ੍ਹਾਂ ਦੀਆਂ ਫਸਲਾਂ ਵਿਕਸਿਤ ਕੀਤੀਆਂ ਜਾਣ ਜੋ ਦਾਲ਼ਾਂ ਵਾਂਗੂ ਹਵਾ 'ਚੋਂ ਨਾਈਟ੍ਰੋਜਨ ਦੀ ਸਿੱਧੀ ਵਰਤੋਂ ਕਰ ਸਕਣ। ਅਨਾਜ ਅਤੇ ਖੁਰਾਕ ਦੀ ਬਰਬਾਦੀ ਨੂੰ ਰੋਕਣਾ ਵੱਡਾ ਕੰਮ ਹੈ ਅਤੇ ਇਸ ਲਈ ਕਿਸੇ ਨਵੀਂ ਕਾਢ ਦੀ ਲੋੜ ਹੀ ਨਹੀਂ। ਐਟਮੀ ਬਿਜਲੀ ਦੇ 'ਫਿਉਜਨ' ਢੰਗ ਦੇ ਵਿਕਸਿਤ ਕਰਨ ਦੀ ਲੋੜ ਹੈ। ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਿਸਟਮਾਂ ਨੂੰ 'ਅੱਪ-ਡੇਟ' ਕਰਨ ਦੀ ਫ਼ੌਰੀ ਲੋੜ ਹੈ। ਵਾਤਾਵਰਨ, ਅੱਤਵਾਦ, ਪਰਵਾਸ, ਭੁੱਖ-ਮਰੀ, ਗਰੀਬੀ, ਨਾਂ-ਬਰਾਬਰੀ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਅੱਜ ਦੀ ਤਕਨਾਲੋਜੀ ਅਤੇ ਇਸ ਦੇ ਇਜਾਰੇਦਾਰ ਕਦੇ ਜ਼ਿਕਰ ਨਹੀਂ ਕਰਦੇ ਅਤੇ ਨਾਂ ਹੀ ਇਨ੍ਹਾਂ ਕੋਲ਼ ਇਨ੍ਹਾਂ ਦਾ ਕੋਈ ਸਮਾਧਾਨ ਹੈ।

ਇਸ ਕਰ ਕੇ ਅੱਜ ਸੰਸਾਰ 'ਚ ਅਨੇਕਾਂ 'ਏ. ਆਈ ਐਥੀਸਿਸਟ', 'ਵਿਸਲ-ਬਲੋਅਰਜ਼' ਅਤੇ ਤਕਨਾਲੋਜੀ ਨੂੰ ਕਦਰਾਂ-ਕੀਮਤਾਂ ਅਨੁਸਾਰ ਵਿਕਾਸ ਕਰਨ ਦੇ ਮੁਦਈ, ਆਪਣੀਆਂ ਅਵਾਜ਼ਾਂ ਬੁਲੰਦ ਕਰ ਰਹੇ ਹਨ। ਤਕਨਾਲੋਜੀ ਨੂੰ ਸਰਬ-ਸਾਂਝੀ ਭਲਾਈ ਲਈ ਵਰਤਣ ਲਈ ਸਰਕਾਰਾਂ ਨੂੰ ਇਸ ਦੇ ਨਿਜੰਤਰਣ ਲਈ ਜ਼ੋਰ ਪਾ ਰਹੇ ਹਨ। ਇਥੋਂ ਤੱਕ ਕਿ ਯੂ.ਐੱਨ.ਓ ਇਸ ਬਾਰੇ ਬਹੁਤ ਚਿੰਤਿਤ ਅਤੇ ਚੇਤੰਨ ਹੈ ਅਤੇ ਹਾਈ-ਪਾਵਰ ਕਮੈਟੀਆਂ ਰਾਹੀਂ ਸੰਸਾਰ ਦੇ ਸਾਰੇ ਦੇਸ਼ਾਂ ਨੂੰ ਅਗਵਾਈ ਦੇ ਰਿਹਾ ਹੈ। ਨਿਰ-ਸੰਦੇਹ ਇਹ ਸਭ ਸਿਫ਼ਾਰਿਸ਼ਾਂ ਅਤੇ ਸਲਾਹਾਂ ਹਨ, ਜਿਨ੍ਹਾਂ ਪਿੱਛੇ ਕੋਈ ਕਾਨੂੰਨੀ ਤਾਕਤ ਨਹੀਂ। ਫਿਰ ਵੀ ਇਹ ਵਿਚਾਰਧਾਰਾ ਇੱਕ ਵੱਡੀ ਲਹਿਰ ਬਣ ਗਈ ਹੈ, ਜਿਸ ਦੇ ਚੰਗੇ ਅਸਰ ਦਿਖ ਰਹੇ ਹਨ। ਜਿਵੇਂ ਕਿ ਪਹਿਲਾਂ ਵਿਚਾਰਿਆ ਗਿਆ ਹੈ ਕਿ ਅਸੀਂ ਏ. ਆਈ ਸਣੇ ਸਮੁੱਚੀ ਤਕਨਾਲੋਜੀਆਂ ਦੀ ਅਸਲੀਅਤ ਤੋਂ ਭੱਜ ਨਹੀਂ ਸਕਦੇ। ਹਾਂ, ਇਹ ਕਰ ਸਕਦੇ ਹਾਂ ਕਿ ਇਨ੍ਹਾਂ ਦੀ ਸਦ-ਵਰਤੋਂ ਕਰਨਾ ਸਿੱਖੀਏ ਅਤੇ ਨਾਲ਼ ਹੀ ਇਨ੍ਹਾਂ ਦੇ ਮੰਦੇ ਅਸਰਾਂ ਤੋਂ ਬਚਣਾ ਸਿੱਖੀਏ। ਸੰਸਾਰ ਪ੍ਰਸਿੱਧ ਮਨੋ-ਵਿਗਿਆਨੀ, ਸਮਾਜ-ਸੁਧਾਰਕ, ਏ ਆਈ ਦੇ ਮਾਹਿਰ ਅਤੇ ਰਾਜਸੀ ਲੀਡਰ, ਆਪਣੀਆਂ ਖੋਜਾਂ ਅਤੇ ਲਿਖਤਾਂ ਰਾਹੀਂ ਇਸ ਲਈ ਢੰਗ-ਤਰੀਕੇ ਦੱਸ ਰਹੇ ਹਨ।

ਹੈਰਾਨੀ ਭਰੀ ਖੁਸ਼ੀ ਹੁੰਦੀ ਹੈ ਕਿ ਉਨ੍ਹਾਂ ਸਭ ਦੀਆਂ ਸਿੱਖਿਆਵਾਂ ਇੱਕੋ ਜਿਹੀਆਂ ਹਨ ਅਤੇ ਅੱਜ ਦੇ ਪੱਛਮੀ ਜਗਤ ਦੀ ਨਵੀਂ ਵਿਚਾਰ-ਧਾਰਾ 'Finding Modern Truth in Ancient Wisdom' ਅਨੁਸਾਰ ਹਨ। ਇਹ ਵਿਚਾਰਧਾਰਾ ਅੱਗੇ ਸਾਡੇ ਮਹਾਂ-ਪੁਰਖਾਂ ਦੀਆਂ ਚਿਰ-ਕਾਲੀ ਸਿੱਖਿਆਵਾਂ ਤੇ ਅਧਾਰਿਤ ਹੈ। ਅੱਜ ਦੇ ਚੋਟੀ ਦੇ ਇਤਿਹਾਸਕਾਰ-ਫਿਲਾਸਫਰ ਯੁਵਲ ਹਰਾਰੀ ਦੀ ਇੱਕ ਮਾਅਰਕੇ-ਦਾਰ ਨਸੀਹਤ ਹੈ ਕਿ ਅੱਜ ਗੂਗਲ ਅਤੇ

ਹੋਰ ਏਜੰਸੀਆਂ ਸਾਡੀ 'ਪਛਾਣ' ਕਰ ਕੇ ਹੀ ਸਾਡਾ ਸ਼ੋਸ਼ਣ ਕਰ ਸਕਦੀਆਂ ਹਨ। ਜੇ ਅਸੀਂ, 'ਆਪਣੇ-ਆਪ ਨੂੰ ਪਛਾਣਨ' 'ਚ ਅਤੇ ਉਨ੍ਹਾਂ ਵਲੋਂ 'ਸਾਨੂੰ ਪਛਾਨਣ' ਦੀ ਦੌੜ 'ਚ ਪਿੱਛੇ ਰਹਿ ਗਏ ਤਾਂ ਸਾਡਾ ਸ਼ੋਸ਼ਣ ਲਾਜ਼ਮੀ ਹੈ। ਜੇ ਅਸੀਂ ਤਕਨਾਲੋਜੀ ਦੇ ਮੰਦੇ ਅਸਰਾਂ ਤੋਂ ਬਚਦੇ ਹੋਏ ਇਸ ਦੀ ਸਦ-ਵਰਤੋਂ ਕਰ ਕੇ ਨਿਸ਼ਚਿੰਤ ਅਤੇ ਪ੍ਰਸੰਨ-ਮਈ ਜੀਵਨ ਜਿਉਣਾ ਚਾਹੁੰਦੇ ਹਾਂ ਤਾਂ ਪਹਿਲੀ ਪਾਤਸ਼ਾਹੀ ਦੇ ਉਪਦੇਸ਼ ਅਨੁਸਾਰ, ਆਪਣਾ ਮੂਲ ਪਛਾਣਨਾ ਸਿੱਖੀਏ। 'Know Thyself', ਹਜ਼ਾਰਾਂ ਸਾਲ ਪਹਿਲਾਂ ਦੀ ਯੂਨਾਨੀ ਨਸੀਹਤ ਵੀ ਹੈ। ਦੂਜੀ ਨਸੀਹਤ 'ਚ ਹਰਾਰੀ ਖੇਡਾਂ ਅਤੇ ਪਰਮਾਰਥ ਨੂੰ ਅਪਣਾਉਣ ਦੀ ਗੱਲ 'ਤੇ ਜ਼ੋਰ ਦਿੰਦੇ ਹਨ। ਇਹ ਸਵੈ-ਸੁਧਾਰ ਅਤੇ ਸਵੈ-ਵਿਕਾਸ ਦਾ ਵਿਸ਼ਾ ਹੈ ਜੋ ਔਖਾ ਕੰਮ ਹੈ ਪਰ ਸਾਡਾ ਮੁਢਲਾ ਫ਼ਰਜ ਹੈ। ਜੇ ਅਸੀਂ ਤਕਨਾਲੋਜੀ ਦੇ ਸੋਨੇ ਨੂੰ ਇਸ ਤਰ੍ਹਾਂ ਪਹਿਨਾਂਗੇ ਤਾਂ ਇਹ ਸਾਡੇ ਕੰਨਾਂ ਨੂੰ ਨਹੀਂ ਖਾਏਗਾ, ਬਲਕਿ ਸਾਡੀ ਦਿੱਖ ਨੂੰ ਨਿਖਾਰੇਗਾ। ਹਰ ਉਮਰ ਦੇ ਬੰਦੇ ਲਈ ਕੁਛ ਹੋਰ ਸਿੱਖਿਆਵਾਂ ਇਹ ਹਨ:

1. ਮਨੁੱਖੀ ਗੁਣਾਂ ਨੂੰ ਅਪਣਾਈਏ। ਹਮਦਰਦੀ, ਰਚਨਾਤਮਿਕਤਾ, ਸਬਰ-ਸੰਤੋਖ ਅਤੇ ਨੈਤਿਕਤਾ ਵਰਗੇ ਗੁਣਾਂ ਨੂੰ ਆਪਣੀ ਸਫਲਤਾ ਦਾ ਅਧਾਰ ਬਣਾਈਏ।

2. ਤਕਨਾਲੋਜੀ ਨੂੰ ਆਪਣੇ-ਆਪ 'ਤੇ ਭਾਰੂ ਨਾਂ ਹੋਣ ਦੇਈਏ, ਉਸ ਨੂੰ ਕਾਬੂ ਕਰਨਾ ਸਿੱਖੀਏ। ਇਨ੍ਹਾਂ ਦੀ ਸਦ-ਵਰਤੋਂ ਦਾ ਹੁਨਰ ਸਿੱਖੀਏ, ਇਨ੍ਹਾਂ ਰਾਹੀਂ ਇਜ਼ਾਰੇਦਾਰਾਂ ਵਲੋਂ ਲੁੱਟ ਨਾਂ ਹੋਈਏ।

3. ਇਸ ਸਚਾਈ ਨੂੰ ਸਮਝੀਏ ਕਿ ਜੋ ਕੰਮ ਏ. ਆਈ ਨਹੀਂ ਕਰ ਸਕਦੀ – ਜਿਵੇਂ ਕਿ ਸੰਵੇਦਨਸ਼ੀਲਤਾ, ਰਚਨਾਤਮਿਕਤਾ, ਅਤੇ ਨੈਤਿਕ ਵਿਹਾਰ ਆਦਿ ਮਨੁੱਖੀ ਗੁਣ – ਉਹ ਸਾਡੀਆਂ ਤਾਕਤਾਂ ਹਨ। ਇਨ੍ਹਾਂ ਦਾ ਹੋਰ ਵਿਕਾਸ ਕਰੀਏ।

4. ਤਕਨਾਲੋਜੀ ਦੀ ਚਕਾਚੌਂਧ 'ਚ ਮਨ ਦੀ ਥਿਰਤਾ ਹੀ ਪ੍ਰਸੰਨਤਾ ਦਾ ਅਸਲ ਸਰੋਤ ਹੈ। ਬਾਹਰੀ ਜਿੱਤਾਂ ਤੋਂ ਪਹਿਲਾਂ ਅੰਦਰਲੀਆਂ ਜਿੱਤਾਂ ਜ਼ਰੂਰੀ ਹਨ।

5. ਏ. ਆਈ ਸਾਡੀਆਂ ਆਦਤਾਂ ਜਾਣ ਸਕਦੀ ਹੈ , ਪਰ ਸਾਡੇ ਨਾਲ ਜ਼ਿੰਦਗੀ ਦੇ ਦੁੱਖ-ਸੁੱਖ ਸਾਂਝੇ ਨਹੀਂ ਕਰ ਸਕਦੀ। ਮਨੁੱਖੀ ਰਿਸ਼ਤਿਆਂ ਦੀ ਕਦਰ ਕਰੀਏ ਅਤੇ ਇਨ੍ਹਾਂ ਦੇ ਨੈੱਟਵਰਕ ਨੂੰ ਵੱਡਾ ਅਤੇ ਤਕੜਾ ਕਰੀਏ।

6. ਪਹਿਲਾਂ ਵਾਲ਼ੀਆਂ ਨੌਕਰੀਆਂ ਘਟ ਰਹੀਆਂ ਹਨ ਪਰ ਨਵੀਆਂ ਆ ਰਹੀਆਂ ਹਨ । ਏ. ਆਈ ਨਾਲ ਜੁੜੇ ਨਵੇਂ ਵਿਸ਼ੇ ਸਿੱਖੀਏ ਅਤੇ ਆਪਣੇ ਪ੍ਰੋਫੈਸ਼ਨਾਂ 'ਚ ਨਵੀਨਤਾ ਲਿਆਈਏ।

7. ਬੱਚਿਆਂ ਲਈ ਤਕਨਾਲੋਜੀ ਵਿਕਾਸ ਦਾ ਸਾਧਨ ਬਣੇ, ਆਸਰਾ ਨਹੀਂ। "ਨੋ ਸਕ੍ਰੀਨ ਦਿਨ", ਕਹਾਣੀਆਂ ਅਤੇ ਸਰੀਰਕ ਕੰਮਾਂ ਨਾਲ ਉਨ੍ਹਾਂ ਦੇ ਵਿਕਾਸ ਨੂੰ ਤਕਨਾਲੋਜੀ ਨਾਲ ਵੀ ਜੋੜੀਏ ਅਤੇ ਸੰਤੁਲਿਤ ਰੱਖੀਏ।

8. ਜਿਸ ਜਗਤ 'ਚ ਸਧਾਰਨ ਜੀਵਨ ਅਤੇ ਉੱਚ-ਸੁੱਚੇ ਵਿਚਾਰ ਸਭ ਤੋਂ ਵੱਡਾ ਆਸਰਾ ਬਣਦੇ ਹਨ।

ਪਵਿੱਤਰ ਜੀਵਨ, ਡੂੰਘੀ ਸੋਚ, ਵਿਵੇਕ ਅਤੇ ਨਿਰਮਲ ਮਨ ਖੁਸ਼ਹਾਲੀ ਦਾ ਅਧਾਰ ਹਨ। ਇਨ੍ਹਾਂ ਨੂੰ ਅਪਣਾਈਏ।

ਇੰਜ ਈਸ਼ਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ 'ਚੋਂ ਚੀਫ਼ ਇੰਜੀਨੀਅਰ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਆਪ ਬਿਜਲੀ ਮਹਿਕਮੇ ਦੇ ਦੋ ਅਹਿਮ ਖੇਤਰਾਂ, ਓਪਰੇਸ਼ਨ ਅਤੇ ਵਿਜੀਲੈਂਸ ਦੇ ਵਿਸ਼ੇਸ਼ਗ ਸਮਝੇ ਜਾਂਦੇ ਸਨ। ਸਰਵਿਸ ਦੌਰਾਨ ਆਪ ਨੂੰ ਯੂ ਐੱਨ ਓ ਦੀ ਇੱਕ ਖਾਸ ਸਕੀਮ ਅਧੀਨ 'ਹਾਇਰ ਮੈਨੇਜਮੈਂਟ ਕਨਸਲਟੈਂਸੀ' ਦੀ ਟ੍ਰੇਨਿੰਗ ਕਰਨ ਦਾ ਮੌਕਾ ਮਿਲਿਆ ਜਿਸ ਦੇ ਆਧਾਰ ਤੇ ਆਪ ਨੇ ਮਹਿਕਮੇ 'ਚ ਇੱਕ ਪੁਰਾਣੀ ਗੁੰਝਲ਼ਦਾਰ ਤਕਨੀਕੀ ਸਮੱਸਿਆ ਦਾ ਹੱਲ ਕੀਤਾ ਜਿਸ ਨੂੰ ਭਾਰਤ ਦੇ ਕਈ ਹੋਰ ਬਿਜਲੀ ਬੋਰਡਾਂ 'ਚ ਵੀ ਸਲਾਹਿਆ ਗਿਆ। ਓਦੋਂ ਤੋਂ ਹੀ ਮੈਨੇਜਮੈਂਟ ਅਤੇ ਬਿਜਲੀ ਖੇਤਰਾਂ 'ਚ ਯੂ ਐੱਨ ਓ ਨਾਲ਼ ਜੁੜੇ ਹਨ। ਅੱਜ ਕਲ੍ਹ ਵਿਗਿਆਨਕ ਕਿਸਮ ਦੇ ਲੇਖਾਂ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਹਨ। ਇਸ ਦੇ ਨਾਲ਼ ਹੀ 21 ਕਿਲੋਮੀਟਰ ਦੇ ਵਾਕਿੰਗ ਸਮਾਗਮਾਂ 'ਚ ਹਿੱਸਾ ਲੈਂਦੇ ਹਨ। ਇਸ 15 ਅਪ੍ਰੈਲ ਨੂੰ ਸੀ ਐੱਨ ਟਾਵਰ ਦੀਆਂ 1,776 ਪੌੜੀਆਂ ਚੜ੍ਹਨ ਦੇ ਮੁਕਾਬਲੇ 'ਚ ਆਪਣੇ ਏਜ-ਗਰੁੱਪ 'ਚ ਪਹਿਲੇ ਨੰਬਰ ਤੇ ਰਹੇ ਹਨ।

ਤੁਹਾਡੀ ਜ਼ਿੰਦਗੀ ਦੇ ਦੋ ਦਿਨ ਸਭ ਤੋਂ ਮਹੱਤਵਪੂਰਨ ਹਨ: ਜਿਸ ਦਿਨ ਤੁਹਾਡਾ ਜਨਮ ਹੁੰਦਾ ਹੈ ਅਤੇ ਜਿਸ ਦਿਨ ਤੁਹਾਨੂੰ ਇਹ ਪਤਾ ਲੱਗਦਾ ਹੈ ਕਿ ਕਿਉਂ? - ਮਾਰਕ ਟਵੇਨ । ਇਹ ਕਥਨ ਸਾਨੂੰ ਯਾਦ ਦਿਲਾਉਂਦਾ ਹੈ ਕਿ ਆਪਣੇ ਜਨਮ ਨੂੰ ਸਫ਼ਲ ਬਣਾਉਣ ਲਈ ਸਾਨੂੰ ਆਪਣੇ ਜੀਵਨ ਦਾ ਉਦੇਸ਼ ਸਮਝਣਾ ਅਤਿ ਜ਼ਰੂਰੀ ਹੈ।

ਵਿਗਿਆਨਕ ਨਿਬੰਧ

ਨਵੀਂ ਪੁਲਾਂਘ: ਧਰਤੀ 'ਤੇ ਨਜ਼ਰ ਰੱਖੇਗਾ ਪੁਲਾੜ ਰਾਡਾਰ ਉਪਗ੍ਰਹਿ ਨਿਸਾਰ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਥੋੜ੍ਹਾ ਸਮਾਂ ਹੋਇਆ ਹੈ, ਭਾਰਤੀ ਪੁਲਾੜ ਏਜੰਸੀ 'ਇਸਰੋ' ਅਤੇ ਅਮਰੀਕਨ ਪੁਲਾੜ ਏਜੰਸੀ 'ਨਾਸਾ' ਦੇ ਸਾਂਝੇ ਉੱਦਮ ਨਾਲ,ਇੱਕ ਉੱਚ ਤਕਨੀਕੀ ਪੁਲਾੜ ਰਾਡਾਰ ਉਪਗ੍ਰਹਿ 'ਨਿਸਾਰ' (NISAR) ਨੂੰ ਪੁਲਾੜ ਵਿੱਚ ਭੇਜਿਆ ਗਿਆ ਹੈ। ਇਹ ਉਪਗ੍ਰਹਿ ਧਰਤੀ ਦੀ ਬੜੀ ਬਾਰੀਕੀ ਨਾਲ ਖੋਜਬੀਨ ਕਰੇਗਾ। ਨਿਸਾਰ ਬਾਰੇ ਮੁੱਢਲੀ ਜਾਣਕਾਰੀ,ਉਦੇਸ਼ ਅਤੇ ਹੋਰ ਵਿਸਥਾਰ ਇਸ ਨਿਬੰਧ ਵਿੱਚ ਸ਼ਾਮਿਲ ਕਰਾਂਗੇ।**ਨਿਸਾਰ ਕੀ ਹੈ?** ਨਿਸਾਰ ਇਕ ਪੁਲਾੜ ਰਾਡਾਰ ਉਪਗ੍ਰਹਿ ਹੈ, ਜਿਹੜਾ, ਪੁਲਾੜ ਵਿੱਚੋਂ ਧਰਤੀ ਗ੍ਰਹਿ ਦੀ, ਇਸ ਕਦਰ ਨਜ਼ਰਸਾਨੀ ਕਰੇਗਾ ਜਿਵੇਂ ਕੋਈ ਸੀ.ਸੀ.ਟੀ. ਵੀ ਕੈਮਰਾ ਦਿਨ ਰਾਤ ਸਾਡੇ ਉਪਰ ਨਿਗ੍ਹਾ ਰੱਖ ਰਿਹਾ ਹੋਵੇ। ਇਹ ਇੱਕ ਅਜਿਹਾ ਸੁਪਰ ਉਪਗ੍ਰਹਿ ਹੈ, ਜੋ ਹਰ ਮੌਸਮ, ਨ੍ਹੇਰੇ ਤੇ ਰੌਸ਼ਨੀ 'ਚ, ਬੱਦਲ ਮੀਂਹ, ਝੱਖੜ ਬਰਫ਼ ਧੁੰਦ ਵਿੱਚ ਧਰਤੀ ਦੀਆਂ ਤਸਵੀਰਾਂ ਖਿੱਚੇਗਾ, ਨਕਸ਼ੇ ਤਿਆਰ ਕਰੇਗਾ ਅਤੇ ਡਾਟਾ ਧਰਤੀ ਤੇ ਭੇਜਦਾ ਰਹੇਗਾ। ਧਰਤੀ ਤੇ ਖੋਜ ਅਧਿਐਨ ਵਿੱਚ ਰੁੱਝੇ ਵਿਗਿਆਨੀ, ਇਸ ਡਾਟੇ, ਨਕਸ਼ਿਆਂ ਅਤੇ ਤਸਵੀਰਾਂ ਦਾ ਨਿਰੀਖਣ ਕਰਨਗੇ ਕਿ ਸਾਡੀ ਧਰਤੀ ਉਪਰ ਨਿਤ ਪ੍ਰਤੀ ਦਿਨ ਕਿਹੜੇ ਕਿਹੜੇ ਬਦਲਾਅ ਆ ਰਹੇ ਹਨ। ਕਿੱਥੇ ਕਿੱਥੇ ਕੀ ਕੁਝ ਅਣਚਾਹਿਆ ਵਾਪਰ ਰਿਹਾ ਹੈ? ਪਹਾੜਾਂ ਦਾ ਖਿਸਕਣਾ, ਭੂਚਾਲ, ਜੰਗਲਾਂ ਦੀ ਕਟਾਈ, ਕੁਦਰਤੀ ਆਫਤਾਂ, ਜਵਾਲਾਮੁਖੀ ਆਦਿ ਬਾਰੇ ਨਿੱਤ ਨਵੀਂ ਤੋਂ ਨਵੀਂ ਜਾਣਕਾਰੀ ਨਿਸਾਰ ਤੋਂ ਮਿਲਣ ਦੀ ਇੱਕ ਉਮੀਦ ਬੱਝਦੀ ਹੈ। ਨਿਸਾਰ ਦਾ ਪੂਰਾ ਨਾਂ 'ਨਾਸਾ-ਇਸਰੋ ਸਿੰਥੈਟਿਕ ਅਪਰਚਰ ਰਾਡਾਰ' ਹੈ। ਇਸ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਇਸ ਨੂੰ ਅਮਰੀਕਨ ਪੁਲਾੜ ਏਜੰਸੀ 'ਨਾਸਾ' ਅਤੇ ਭਾਰਤੀ ਪੁਲਾੜ ਏਜੰਸੀ 'ਇਸਰੋ' ਨੇ ਮਿਲ ਕੇ ਤਿਆਰ ਕੀਤਾ ਹੈ। ਪੁਲਾੜੀ ਯਾਨ ਵਰਗਾ 'ਨਿਸਾਰ' ਧਰਤੀ ਦੁਆਲੇ ਪਰਿਕਰਮਾ ਕਰੇਗਾ ਅਤੇ ਰਾਡਾਰ ਜ਼ਰੀਏ ਹਰ ਮੌਸਮ ਵਿੱਚ, ਦਿਨ ਰਾਤ ਧਰਤੀ ਦੀਆਂ ਸਪਸ਼ਟ ਤਸਵੀਰਾਂ ਖਿੱਚੇਗਾ। ਬਾਰਾਂ ਦਿਨਾਂ ਵਿੱਚ ਪੂਰੀ ਧਰਤੀ ਨੂੰ ਸਕੈਨ ਕਰਿਆ ਕਰੇਗਾ। ਦੁਰਲੱਭ ਜਾਣਕਾਰੀ ਭਰਪੂਰ ਤਿਆਰ ਕਰਕੇ ਡਾਟਾ ਧਰਤੀ 'ਤੇ ਖੋਜੀਆਂ ਨੂੰ ਉਪਲਬਧ ਕਰਾਵੇਗਾ। ਅਜੇਹੀਆਂ ਨਵੀਨਤਮ ਜਾਣਕਾਰੀਆਂ ਜਿਹੜੀਆਂ ਪਹਿਲਾਂ ਸਾਨੂੰ ਵਿਸਥਾਰ ਵਿੱਚ ਉਪਲਬਧ ਨਹੀਂ ਸਨ, ਉਨ੍ਹਾਂ ਬਾਰੇ ਹੋਰ ਪਰਤਾਂ ਖੁੱਲ੍ਹਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ।

ਮਿਸ਼ਨ ਦੀ ਸ਼ੁਰੂਆਤ:

ਇਹ ਗੱਲ ਸੰਨ 2014 ਦੀ ਹੈ ਜਦੋਂ ਇਸ ਮਿਸ਼ਨ ਲਈ ਇਸਰੋ ਅਤੇ ਨਾਸਾ ਨੇ ਸਾਂਝੇ ਤੌਰ ਤੇ ਕੰਮ ਕਰਨਾ ਆਰੰਭਿਆ ਸੀ। ਉਨ੍ਹਾਂ ਨੇ ਮਿਲ ਕੇ ਇਸ ਦਾ ਡਿਜ਼ਾਈਨ ਤਿਆਰ ਕੀਤਾ। ਇਸ ਨੂੰ ਤਿਆਰ ਕਰਨ ਵਿੱਚ,ਦੋਨਾਂ ਮੁਲਕਾਂ ਦੀ ਤਕਨੀਕੀ ਮੁਹਾਰਤ ਦੀ ਵਰਤੋਂ ਕੀਤੀ ਗਈ। ਨਾਸਾ ਵੱਲੋਂ, ਇਸ ਉਪਗ੍ਰਹਿ ਵਿੱਚ ਧਰਤੀ ਦਾ ਨਕਸ਼ਾ ਲੈਣ ਲਈ,ਐਲ ਬੈਂਡ ਰਾਡਾਰ, 12 ਮੀਟਰ ਲੰਬਾ ਐਂਟੀਨਾ, ਜੀ.ਪੀ.ਐਸ

ਰਿਸੀਵਰ ਅਤੇ ਡਾਟਾ ਰਿਕਾਰਡ ਕਰਨ ਲਈ ਸਾਲਿਡ ਸਟੇਟ ਰਿਕਾਰਡਰ ਲਗਾਇਆ ਗਿਆ ਹੈ। ਜਦ ਕਿ ਇਸਰੋ ਵਲੋਂ ਇਸ ਵਿੱਚ ਐਸ ਬੈਂਡ ਰਾਡਾਰ,ਪੁਲਾੜ ਯਾਨ ਦਾ ਮੁੱਖ ਢਾਂਚਾ (Satellite Bus) ਅਤੇ ਇਸ ਨੂੰ ਪੁਲਾੜ ਵਿੱਚ ਭੇਜਣ ਲਈ ਜੀ.ਐਸ.ਐਲ. ਵੀ -ਐਫ 16 ਰਾਕੇਟ ਦਾ ਯੋਗਦਾਨ ਪਾਇਆ ਗਿਆ ਹੈ। ਇਹ ਉਪਗ੍ਰਹਿ 2393 ਕਿਲੋਗ੍ਰਾਮ ਭਾਰਾ ਹੈ। ਇਸ ਨੂੰ 30 ਜੁਲਾਈ 2025 ਨੂੰ ਆਂਧਰਾ ਪ੍ਰਦੇਸ਼ ਦੇ ਸਤੀਸ਼ ਧਵਨ ਪੁਲਾੜ ਕੇਂਦਰ ਸ੍ਰੀ ਹਰੀਕੋਟਾ ਤੋਂ ਪੁਲਾੜ ਵਿੱਚ ਭੇਜਿਆ ਗਿਆ ਸੀ।ਇਸ ਉਪਗ੍ਰਹਿ ਦੇ ਤਿਆਰ ਕਰਨ ਅਤੇ ਭੇਜਣ ਤੇ ਤਕਰੀਬਨ 1.5 ਅਰਬ ਅਮਰੀਕਨ ਡਾਲਰ ਦਾ ਖ਼ਰਚਾ ਨਾਸਾ ਅਤੇ ਇਸਰੋ ਨੇ ਮਿਲ ਕੇ ਕੀਤਾ ਹੈ।ਇਹ ਵੀ ਕਿਹਾ ਜਾ ਰਿਹਾ ਹੈ ਕਿ ਨਿਸਾਰ ਵਿਸ਼ਵ ਭਰ 'ਚ ਭੇਜੇ ਗਏ ਉਪਗ੍ਰਹਿਆਂ ਵਿੱਚੋਂ ਸਭ ਨਾਲੋਂ ਮਹਿੰਗਾ ਉਪਗ੍ਰਹਿ ਹੈ।

ਵਿਸ਼ੇਸ਼ਤਾਵਾਂ

ਹੋਰਨਾਂ ਉਪਗ੍ਰਹਿਆਂ ਨਾਲੋਂ ਨਿਸਾਰ ਵਿੱਚ ਕੁਝ ਵੱਖਰੀਆਂ ਵਿਸ਼ੇਸ਼ਤਾਵਾਂ ਹਨ। ਆਓ ਇਨ੍ਹਾਂ ਬਾਰੇ ਜਾਣੀਏ: ਐੱਲ ਬੈਂਡ ਰਾਡਾਰ ਦੀਆਂ ਲੰਬੀਆਂ ਤਰੰਗਾਂ(25 ਸੈਂਟੀਮੀਟਰ ਤਰੰਗ ਲੰਬਾਈ) ਜੰਗਲ ਬੇਲਿਆ ਅਤੇ ਮਿੱਟੀ ਦੇ ਅੰਦਰ ਤੱਕ ਝਾਤੀ ਮਾਰ ਸਕਣ ਸਮਰੱਥ ਹੋਣਗੀਆਂ ਅਤੇ ਐਸ ਬੈਂਡ ਰਾਡਾਰ ਦੀਆਂ ਛੋਟੀਆਂ ਤਰੰਗਾਂ (10 ਸੈਂਟੀਮੀਟਰ ਤਰੰਗ ਲੰਬਾਈ) ਵਰਤੋਂ 'ਚ ਲਿਆ ਕੇ ਧਰਤੀ ਦੀ ਸਤ੍ਹਾ ਦੀ ਨਿੱਕੀ ਤੋਂ ਨਿੱਕੀ ਜਾਣਕਾਰੀ ਨੂੰ ਫੋਟੋਆਂ ਜ਼ਰੀਏ ਉਪਲੱਬਧ ਕਰਵਾਉਣਗੀਆਂ। ਨਿਸਾਰ ਨ੍ਹੇਰੇ ਸਵੇਰੇ, ਹਰ ਮੌਸਮ ਵਿੱਚ ਕਾਰਜਸ਼ੀਲ ਰਹੇਗਾ। ਤੁਸੀਂ ਪੁੱਛੋਗੇ ਉਹ ਕਿਵੇਂ? ਇਹ ਇਸ ਕਰਕੇ ਹੈ ਕਿ ਨਿਸਾਰ ਵਿਚ ਰਾਡਾਰ ਤਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਨਾਂ ਕਿ ਕੈਮਰੇ ਦੀ।ਨਿਸਾਰ ਦਾ ਲੰਬਾ ਐਂਟੀਨਾ, ਸੋਨੇ ਦੀ ਪਰਤ ਚੜ੍ਹੀ ਜਾਲ਼ੀ ਤੋਂ ਬਣਿਆਂ ਹੋਇਆ ਹੈ। ਇਹ ਦੇਖਣ ਨੂੰ ਵੱਡੀ ਛੱਤਰੀ ਵਰਗਾ ਲੱਗਦਾ ਹੈ। ਨਿਸਾਰ ਹਰ 12 ਦਿਨਾਂ ਪਿਛੋਂ ਧਰਤੀ ਦੀ ਨਕਸ਼ਾ ਤਿਆਰ ਕਰਨ ਦੇ ਨਾਲ ਨਾਲ 242 ਕਿਲੋਮੀਟਰ ਚੌੜੇ ਖੇਤਰ ਨੂੰ ਸਕੈਨ ਕਰੇਗਾ।ਇੱਕ ਇੱਕ ਸੈਂਟੀਮੀਟਰ ਦੇ ਪੱਧਰ ਤੇ ਆਈਆ ਤਬਦੀਲ਼ੀਆ ਦਾ ਨਿਰੀਖਣ ਕਰੇਗਾ। ਜੋ ਜਾਣਕਾਰੀ ਨਿਸਾਰ ਤੋਂ ਮਿਲੇਗੀ ਉਹ ਪੂਰੀ ਦੁਨੀਆਂ ਦੇ ਵਿਗਿਆਨੀਆਂ ਅਤੇ ਖੋਜੀਰਥੀਆਂ ਲਈ ਮੁਫ਼ਤ ਵਿੱਚ ਉਪਲਬਧ ਹੋਵੇਗੀ।

ਕਾਰਜ ਵਿਧੀ

ਨਿਸਾਰ ਤੋਂ ਰਾਡਾਰ ਸਿਗਨਲ ਧਰਤੀ ਦੀ ਸਤ੍ਹਾ ਵੱਲ ਭੇਜੇ ਜਾਂਦੇ ਹਨ।ਇਹ ਸਿਗਨਲ ਧਰਤੀ ਨਾਲ ਟਕਰਾ ਕੇ ਵਾਪਿਸ ਨਿਸਾਰ ਦੇ ਐਂਟੀਨੇ ਰਾਹੀਂ ਪਕੜੇ ਜਾਂਦੇ ਹਨ।ਇਸ ਤੋਂ ਧਰਤੀ ਦੀ ਸਤ੍ਹਾ ਬਾਰੇ ਪਤਾ ਚੱਲਦਾ ਹੈ ਕਿ ਸਤ੍ਹਾ ਤੇ ਚੱਟਾਨਾਂ, ਪਾਣੀ, ਬਰਫ਼ ਜਾਂ ਜੰਗਲ ਹੈ।ਸਿਗਨਲਾਂ ਨੂੰ ਕੰਪਿਊਟਰ ਬੜੀਆਂ ਸਾਫ਼ ਤਸਵੀਰਾਂ ਵਿੱਚ ਬਦਲ ਲੈਂਦਾ ਹੈ। ਤਸਵੀਰਾਂ ਵਿੱਚੋਂ ਛੋਟੇ ਛੋਟੇ ਪ੍ਰਭਾਵ ਵੀ ਆਸਾਨੀ ਨਾਲ ਨਜ਼ਰ ਪੈ ਜਾਂਦੇ ਹਨ। ਜਿਵੇਂ ਪਹਾੜਾਂ ਦਾ ਖਿਸਕਣਾ ਆਦਿ। ਫਿਰ ਇਹ ਡਾਟਾ ਧਰਤੀ ਤੇ ਮੌਜੂਦ ਸਟੇਸ਼ਨਾਂ ਨੂੰ ਅਧਿਐਨ ਕਰਨ ਹਿੱਤ ਭੇਜਿਆ ਜਾਂਦਾ ਹੈ।

ਨਿਸਾਰ ਦੇ ਉਦੇਸ਼

ਨਿਸਾਰ ਕੁਦਰਤੀ ਘਟਨਾਵਾਂ ਜਿਵੇਂ ਭੂਚਾਲ, ਸੁਨਾਮੀ, ਜਵਾਲਾਮੁਖੀ,ਵਿਸਫੋਟ,ਭੂ ਖਿਸਕਣ ਅਤੇ ਭੌਂ ਖੋਰ ਵਰਗੀਆਂ ਕੁਦਰਤੀ ਆਫ਼ਤਾਂ ਨੂੰ ਸਮਝਣ ਵਿੱਚ ਮਦਦ ਕਰੇਗਾ।ਇਨ੍ਹਾ ਬਾਰੇ ਕੋਈ ਅਗੇਤੀ ਜਾਣਕਾਰੀ ਮਿਲ ਸਕਦੀ ਹੈ। ਤਾਂ ਕਿ ਲੋਕਾਂ ਦੀ ਸੁਰੱਖਿਅਤਾ ਦੇ ਅਗਾਊਂ ਹੀਲੇ ਜੁਟਾਏ ਜਾ ਸਕਣ। ਨਿਸਾਰ ਪਿਘਲਦੇ ਗਲੇਸ਼ੀਅਰਾਂ ,ਸਮੁੰਦਰ ਦੀ ਸਤ੍ਹਾ ਵਿੱਚ ਆਏ ਉਭਾਰ,ਜੰਗਲਾਂ ਵਿੱਚ ਆਈ ਕਿਸੇ ਵੀ ਤਬਦੀਲੀ ਦਾ ਨਿਰੀਖਣ ਕਰੇਗਾ।ਇਸ ਤੋਂ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਸਾਡੀ ਧਰਤੀ ਜਲਵਾਯੂ ਪਰਿਵਰਤਨ ਨਾਲ ਕਿਸ ਕਦਰ ਪ੍ਰਭਾਵਿਤ ਹੋ ਰਹੀ ਹੈ। ਇਹ ਖੇਤਾਂ ਅਤੇ ਰੁੱਖਾਂ ਤੇ ਨਜ਼ਰ ਰੱਖੇਗਾ। ਨਿਸਾਰ ਧਰਤੀ ਤੇ ਮਿੱਟੀ ਵਿਚਲੀ ਨਮੀ, ਹਵਾ ਵਿੱਚ ਸਿੱਲ੍ਹ,ਫਸਲਾਂ ਦੀ ਸਥਿਤੀ,ਜੰਗਲਾਂ ਦੀ ਕਟਾਈ, ਹੜ੍ਹਾਂ ਦੀ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਦੇਵੇਗਾ। ਪ੍ਰਾਪਤ ਜਾਣਕਾਰੀ ਖੇਤੀ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ। ਇਹ ਸਮੁੰਦਰ ਵਿੱਚ ਬਰਫ਼ੀਲੇ ਤੂਫਾਨਾਂ ਦੌਰਾਨ ਜਹਾਜ਼ਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੇਗਾ। ਸ਼ਹਿਰਾਂ ਦੇ ਵਿਕਾਸ, ਸੜਕਾਂ, ਪੁਲਾਂ, ਬਿਲਡਿੰਗਾਂ ਦੀ ਸਥਿਤੀ ਦਾ ਜਾਇਜ਼ਾ ਵੀ ਲਵੇਗਾ।

ਸਮਾਂ ਸੀਮਾ

ਨਿਸਾਰ ਤਿੰਨ ਸਾਲਾਂ ਤੀਕ ਕਾਰਜ ਕਰਨ ਲਈ ਤਿਆਰ ਕੀਤਾ ਗਿਆ ਹੈ। ਜਦ ਕਿ ਉਪਗ੍ਰਹਿ ਵਿੱਚ ਵਰਤੀ ਜਾਣ ਵਾਲੀ ਸਮੱਗਰੀ 5 ਸਾਲ ਤੱਕ ਚੱਲ ਸਕੇਗੀ। ਜਾਣੀ ਕਿ ਮੁਢਲੇ ਤੌਰ ਤੇ ਇਹ ਤਿੰਨ ਸਾਲ ਚੱਲੇਗਾ। ਲੋੜ ਪੈਣ ਤੇ ਇਸ ਦਾ ਕਾਰਜ ਕਾਲ ਹੋਰ ਵੀ ਵਧਾਇਆ ਜਾ ਸਕਦਾ ਹੈ। ਇਹ ਧਰਤੀ ਤੋਂ 747 ਕਿਲੋਮੀਟਰ ਉੱਪਰ ਸੂਰਜ ਸਮਕਾਲੀਨ ਕਕਸ਼ਾ ਵਿੱਚ ਚੱਕਰ ਲਗਾਵੇਗਾ।ਇਸ ਹਾਲਤ ਵਿੱਚ ਉਹ ਹਮੇਸ਼ਾ ਸੂਰਜ ਦੀ ਰੌਸ਼ਨੀ ਵਿੱਚ ਰਹੇਗਾ। ਜਿਸ ਤੋਂ ਇਸ ਨੂੰ ਊਰਜਾ ਮਿਲਦੀ ਰਹੇਗੀ ।ਇਸ ਦਾ ਡਾਟਾ ਭਾਰਤ ਅਤੇ ਅਮਰੀਕਾ ਦੇ ਵਿਗਿਆਨੀਆਂ ਦੇ ਨਾਲ ਪੂਰੀ ਦੁਨੀਆਂ ਨਾਲ ਸਾਂਝਾ ਕੀਤਾ ਜਾਵੇਗਾ।

ਪੁਸਤਕ ਰਿਵਿਊ

ਏ.ਆਈ. ਦੀ ਗੱਲ ਬਾਖ਼ੂਬੀ ਕਰਦੀ ਏ, ਕਹਾਣੀਆਂ ਦੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ'

ਡਾ. ਸੁਖਦੇਵ ਸਿੰਘ ਝੰਡ



ਕਿਤਾਬ ਦਾ ਨਾਮ: ਈਕੋਜ਼ ਆਫ਼ ਏ ਡਿਜੀਟਲ ਡਾਅਨ

ਲੇਖਕ: ਡਾ. ਡੀ. ਪੀ. ਸਿੰਘ, ਡਾਇਰੈਕਟਰ, ਕੈਂਬ੍ਰਿਜ਼ ਲਰਨਿੰਗ, ਮਿਸੀਸਾਗਾ, ਓਂਟਾਰੀਓ, ਕੈਨੇਡਾ

ਪਬਲਿਸ਼ਰ: ਕੈਂਬ੍ਰਿਜ਼ ਪਬਲੀਕੇਸ਼ਨਜ਼, ਮਿਸੀਸਾਗਾ, ਓਂਟਾਰੀਓ, ਕੈਨੇਡਾ

ਪਬਲੀਕੇਸ਼ਨ ਸਾਲ: ਜੂਨ 2025

ਮੁੱਲ: US$9.99 **ਪੰਨੇ:** 206

ਰਿਵਿਊ ਕਰਤਾ: ਡਾ. ਸੁਖਦੇਵ ਸਿੰਘ ਝੰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ

'ਬਨਾਉਟੀ ਬੁੱਧੀ' (ਆਰਟੀਫ਼ਿਸ਼ੀਅਲ ਇੰਟੈਲੀਜੈਂਸ) ਜਿਸ ਨੂੰ ਸੰਖੇਪ ਵਿੱਚ 'ਏ.ਆਈ.' ਕਿਹਾ ਜਾਂਦਾ ਹੈ, ਅੱਜਕੱਲ੍ਹ ਖ਼ੂਬ ਚਰਚਾ ਵਿੱਚ ਹੈ ਅਤੇ ਭਵਿੱਖ ਵਿੱਚ ਤਾਂ ਇਸ ਦੀ ਚਰਚਾ ਹੋਰ ਵੀ ਵਧੇਰੇ ਹੋਵੇਗੀ। ਫ਼ੈਕਟਰੀਆਂ ਤੇ ਵੇਅਰ-ਹਾਊਸਾਂ ਦੀ ਗੱਲ ਛੱਡੋ, ਜਿੱਥੇ 'ਰੋਬੋਟ' ਵਾਰ-ਵਾਰ ਦੁਹਰਾਏ ਜਾਣ ਵਾਲੇ ਭਾਰੇ-ਭਰਕਮ ਕਾਰਜ ਆਸਾਨੀ ਨਾਲ ਅਤੇ ਬੜੇ ਵਧੀਆ ਤਰੀਕੇ ਨਾਲ ਕਰ ਰਹੇ ਹਨ, ਪਰ ਇਸ ਦੇ ਨਾਲ ਹੀ ਹੁਣ ਇਹ ਮਨੁੱਖ ਦੀ ਰੋਜ਼ਾਨਾ ਜੀਵਨ-ਸ਼ੈਲੀ ਦੇ ਵੀ ਬਹੁਤ ਸਾਰੇ ਕਾਰਜ ਸੰਭਾਲ ਰਹੇ ਹਨ। ਹੋਰ ਤਾਂ ਹੋਰ ਇਨ੍ਹਾਂ ਵਿੱਚ ਮਨੁੱਖ ਵਾਂਗ ਸੋਚਣ ਦੀ ਸ਼ਕਤੀ ਵੀ ਕਾਫ਼ੀ ਹੱਦ ਤੀਕ ਆ ਗਈ ਹੈ ਅਤੇ ਆਪਣੀ ਇਸ 'ਬਨਾਉਟੀ-ਬੁੱਧੀ' ਨਾਲ ਇਹ ਮਨੁੱਖ ਦੀ ਆਵਾਜ਼ ਸੁਣ ਕੇ ਉਸ ਦੇ ਵੱਲੋਂ ਦਿੱਤੇ ਗਏ ਹੁਕਮਾਂ ਦੀ ਪਾਲਣਾ ਵੀ ਕਰਨ ਲੱਗ ਪਏ ਹਨ। ਰੋਬੋਟ ਹੁਣ 'ਏ.ਆਈ. ਅਸਿਸਟੈਂਟ' ਦੇ ਰੂਪ ਵਿੱਚ ਮਨੁੱਖ ਦਾ 'ਨਿੱਜੀ ਸਹਾਇਕ' ਬਣ ਗਿਆ ਹੈ ਅਤੇ ਇਸ ਨੇ ਉਸਦੇ ਨਿੱਤ ਵਰਤੋਂ ਦੇ ਕੰਮ ਸੰਭਾਲ ਲਏ ਹਨ। ਜਿੱਥੇ ਇਸ ਨੇ ਉਸ ਦੀ ਰਸੋਈ ਵਿੱਚ ਸੁਆਦਲੇ ਖਾਣੇ ਬਨਾਉਣ ਦਾ ਕੰਮ ਸੰਭਾਲ ਲਿਆ ਹੈ, ਉੱਥੇ ਇਹ ਉਸ ਦੀ ਕਾਰ ਦਾ 'ਡਰਾਈਵਰ' ਵੀ ਬਣ ਗਿਆ ਹੈ। ਇੱਥੇ ਹੀ ਬੱਸ ਨਹੀਂ, ਫ਼ੌਜੀ ਹੁਕਮਾਂ ਦੀ ਪਾਲਣਾ ਕਰਦਾ ਹੋਇਆ ਹੁਣ ਇਹ 'ਡਰੋਨ' ਦੇ ਰੂਪ ਵਿੱਚ ਦੁਸ਼ਮਣ ਦੇ ਇਲਾਕੇ ਵਿੱਚ ਜਾ ਕੇ ਬੰਬ ਸੁੱਟ ਰਿਹਾ ਹੈ ਅਤੇ ਨੇੜ-ਭਵਿੱਖ ਵਿੱਚ ਹੋਣ ਵਾਲੇ ਸੰਭਾਵਿਤ 'ਤੀਸਰੇ ਵਿਸ਼ਵ ਯੁੱਧ' ਵਿੱਚ ਧਰਤੀ ਤੋਂ ਧਰਤੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਰਾਹੀਂ ਹਜ਼ਾਰਾਂ ਮੀਲ ਦੂਰ ਜਾ ਕੇ ਦੁਸ਼ਮਣ ਦੇਸ਼ਾਂ ਵਿੱਚ ਬੰਬ ਸੁੱਟਣ ਦਾ ਅਭਿਆਸ ਵੀ ਕਰ ਰਿਹਾ ਹੈ। ਏਨਾ ਹੀ ਕਾਫ਼ੀ ਨਹੀਂ, ਇਸ ਦੀ ਵਿਕਰਾਲ 'ਬਨਾਉਟੀ-ਬੁੱਧੀ' ਮਨੁੱਖ ਦੀ ਅਕਲ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵੀ ਕਰ ਰਹੀ ਹੈ।

ਏ.ਆਈ. ਦੇ ਅਜਿਹੇ ਵਰਤਾਰਿਆਂ ਨੂੰ ਦਰਸਾਉਂਦੀ ਡਾ. ਡੀ.ਪੀ. ਸਿੰਘ, ਜੋ ਮੁੱਢਲੇ ਤੌਰ 'ਤੇ ਸਫ਼ਲ ਭੌਤਿਕ ਵਿਗਿਆਨੀ ਹਨ, ਪਰ ਇਸ ਦੇ ਨਾਲ ਹੀ ਉਹ ਵਿਗਿਆਨ ਨਾਲ ਸਬੰਧਿਤ ਦਿਲਚਸਪ ਕਹਾਣੀਆਂ ਅੰਗਰੇਜ਼ੀ ਤੇ ਪੰਜਾਬੀ ਵਿੱਚ ਅਕਸਰ ਲਿਖਦੇ ਰਹਿੰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ 'ਸਾਇੰਸ ਰਿਪੋਰਟਰ', 'ਸਾਇੰਸ ਇੰਡਿਆ','ਅਲਾਈਵ', 'ਵੋਮੈੱਨ ਐਰਾ', ਆਦਿ ਅੰਗਰੇਜ਼ੀ ਮੈਗ਼ਜ਼ੀਨਾਂ ਵਿੱਚ ਅਤੇ 'ਪੰਜਾਬੀ ਟ੍ਰਿਬਿਊਨ' ਤੇ 'ਪਰਵਾਸੀ' ਆਦਿ ਪੰਜਾਬੀ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਏ.ਆਈ. ਨਾਲ ਲੈਸ ਉਨ੍ਹਾਂ ਦੀ ਕਹਾਣੀਆਂ ਦੀ ਨਵੀਂ ਛਪੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ : ਏ.ਆਈ'ਜ਼ ਟਰਾਇੰਫ਼ਸ ਐਂਡ ਟਰਾਇਲਜ਼' ਪਿਛਲੇ ਦਿਨੀਂ ਪੜ੍ਹਨ ਦਾ ਮੌਕਾ ਮਿਲਿਆ। ਅਜੋਕੀਆਂ ਅਤੇ ਆਉਂਦੇ 20-25 ਸਾਲਾਂ ਵਿੱਚ ਏ.ਆਈ. ਦੀ ਸਹਾਇਤਾ ਨਾਲ ਹੋਣ ਵਾਲੇ ਹੈਰਾਨੀਜਨਕ 'ਕਰਤਬਾਂ' ਨਾਲ ਜੁੜੀਆਂ ਇਸ ਪੁਸਤਕ ਦੀਆਂ 18 ਕਹਾਣੀਆਂ ਏ. ਆਈ. ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਭਵਿੱਖ ਬਾਰੇ ਇਹ ਕਲਪਿਤ ਕਹਾਣੀਆਂ ਮੈਨੂੰ ਏਨੀਆਂ ਦਿਲਚਸਪ ਅਤੇ ਏ.ਆਈ. ਬਾਰੇ ਗਿਆਨ-ਵਧਾਊ ਲੱਗੀਆਂ ਕਿ ਇਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਕਹਾਣੀਆਂ ਬਾਰੇ ਪੰਜਾਬੀ ਵਿੱਚ ਕੁਝ ਲਿਖਣ ਨੂੰ ਮਨ ਕਰ ਆਇਆ ਤਾਂ ਜੋ ਪੰਜਾਬੀ ਦੇ ਪਾਠਕ ਵੀ ਇਨ੍ਹਾਂ ਦੇ ਬਾਰੇ ਕੁਝ ਜਾਣ ਸਕਣ।

ਪਹਿਲੀ ਕਹਾਣੀ 'ਸੌਲੀਚਿਊਡ ਹੈਵਨ' ਵਿੱਚ ਇਸ ਦੀ ਨਾਇਕਾ ਰਸ਼ਮੀ ਨੇ, 'ਸੋਫ਼ੀਆ' ਨਾਂ ਦਾ ਹੋਮ ਏ.ਆਈ. ਸਿਸਟਮ, 'ਸੁਹਿਰਦ ਸਹੇਲੀ' ਵਾਂਗ ਉਸ ਦੇ ਨਿੱਜੀ-ਸਹਾਇਕ ਵਜੋਂ ਬਾਖ਼ੂਬੀ ਕੰਮ ਕਰਦਾ ਹੈ। ਉਸਦੀ ਇਹ 'ਪੱਕੀ ਸਹੇਲੀ' ਉਸ ਦੇ ਲਈ ਸਵੇਰ ਦੀ ਸੈਰ ਦਾ ਸਮਾਂ ਨਿਰਧਾਰਤ ਕਰਦੀ ਹੈ, ਉਸ ਨੂੰ ਕਈ ਉਸਾਰੂ ਸੁਝਾਅ ਦਿੰਦੀ ਹੈ ਅਤੇ ਇੱਥੋਂ ਤੀਕ ਕੇ ਅਚਾਨਕ ਆ ਗਏ ਤੇਜ਼ ਤੂਫ਼ਾਨ ਕਾਰਨ ਇੱਕ ਡਰੋਨ ਦੀ ਮਦਦ ਨਾਲ ਘਰ ਵਿੱਚ ਹੋਈ ਤਬਾਹੀ ਨੂੰ ਠੀਕ ਕਰਦੀ ਹੈ ਅਤੇ ਸਿਸਟਮ ਵਿੱਚ ਪੈ ਗਈ ਖ਼ਰਾਬੀ ਨੂੰ ਵੀ ਆਪ ਹੀ ਦੂਰ ਕਰਦੀ ਹੈ। ਇਸ ਦੇ ਨਾਲ ਹੀ ਉਹ ਤੂਫ਼ਾਨ-ਪੀੜਤਾਂ ਲਈ ਦਵਾਈਆਂ ਦਾ ਪ੍ਰਬੰਧ ਵੀ ਕਰਦੀ ਹੈ। ਦੋਵੇਂ ਸਹੇਲੀਆਂ ਇੱਕ ਦੂਸਰੇ ਦੀ ਸਹਾਇਤਾ ਨਾਲ ਆਪਣੇ ਇਸ ਅਤੀ-ਆਧੁਨਿਕ ਸਮਾਰਟ ਸਿਸਟਮ 'ਹੈਵਨ' ਨੂੰ ਹੋਰ ਵੀ ਮਜ਼ਬੂਤ ਕਰ ਲੈਂਦੀਆਂ ਹਨ ਅਤੇ ਮਜ਼ਬੂਤ, ਮਾਰੂ ਹਮਲਾਵਰ ਏ.ਆਈ. ਸਿਸਟਮਾਂ ਦੇ ਹਮਲੇ ਤੋਂ ਉਸ ਨੂੰ ਸੁਰੱਖ਼ਿਅਤ ਕਰਦੀਆਂ ਹਨ।

ਅਗਲੀ ਕਹਾਣੀ 'ਹਾਰਟਸ ਐਂਡ ਸਰਕਟਸ' ਵਿਚ ਪਤੀ-ਪਤਨੀ ਜਗਜੀਤ ਅਤੇ ਜਸਲੀਨ ਦੋਵੇਂ ਮਿਲ ਕੇ 'ਪੰਜਾਬ ਰੈਸਟੋਰੈਂਟ' ਨਾਂ ਦਾ ਆਪਣਾ ਰੈਸਟੋਰੈਂਟ ਆਰਾਮ ਬੜੇ ਨਾਲ ਚਲਾ ਰਹੇ ਹਨ ਜਿੱਥੇ ਜਸਲੀਨ ਆਪਣੇ ਹੱਥਾਂ ਨਾਲ ਸੁਆਦਲੇ ਖਾਣੇ ਤਿਆਰ ਕਦੀ ਹੈ ਅਤੇ ਉਨ੍ਹਾਂ ਦੇ ਗਾਹਕ ਇਨ੍ਹਾਂ ਤੋਂ ਪੂਰੇ ਸੰਤੁਸ਼ਟ ਹਨ। ਕੁਝ ਸਮੇਂ ਬਾਅਦ ਜਗਜੀਤ ਆਪਣੀ ਪਤਨੀ ਦੀ ਸਹਾਇਤਾ ਲਈ ਘਰੇਲੂ ਰਸੋਈ ਵਿਚ 'ਸੈੱਫ਼-ਵੀ' ਨਾਂ ਦਾ ਰੋਬੋਟ ਲੈ ਆਉਂਦਾ ਹੈ ਜਿਸ ਵਿੱਚ 10,000 ਤੋਂ ਵਧੇਰੇ ਰੈਸਪੀਆਂ ਦੇ ਪ੍ਰੋਗਰਾਮ ਫ਼ੀਡ ਕੀਤੇ ਹੁੰਦੇ ਹਨ ਜਿਨ੍ਹਾਂ ਵਿੱਚ 500 ਰਵਾਇਤੀ ਪੰਜਾਬੀ ਡਿਸ਼ਾਂ ਵੀ ਸ਼ਾਮਲ ਹਨ। ਉਹ ਰੋਬੋਟ ਹੁਣ ਰਸੋਈ ਵਿੱਚ ਖਾਣਾ ਬਨਾਉਣ ਦਾ ਹਰੇਕ ਕੰਮ ਬਾਖ਼ੂਬੀ ਕਰ ਰਿਹਾ ਹੈ। ਕੁਝ ਸਮੇਂ ਬਾਅਦ ਉਹ ਇੱਕ ਹੋਰ ਰੋਬੋਟ 'ਹੋਮ-ਵੀ' ਖ਼ਰੀਦਦੇ ਹਨ ਜੋ ਘਰ ਦੀ ਸਫ਼ਾਈ ਕਰਦਾ ਹੈ, ਲਾਂਡਰੀ ਕਰਦਾ ਹੈ, ਬੀਮਾਰ ਪੈ ਜਾਣ 'ਤੇ ਉਨ੍ਹਾਂ ਨੂੰ ਦਵਾਈਆਂ ਦਿੰਦਾ ਹੈ ਅਤੇ ਉਨ੍ਹਾਂ ਦਾ ਮਹੀਨੇ-ਭਰ ਦੀ ਸਮਾਂ-ਸੂਚੀ ਵੀ ਤਿਆਰ ਕਰਦਾ ਹੈ। ਉਹ ਦੋਵੇਂ ਸਮਝਦੇ ਹਨ ਕਿ 'ਸ਼ੈੱਫ਼-ਵੀ' ਤੇ 'ਹੋਮ-ਵੀ' ਦੋਹਾਂ ਨੇ ਮਿਲ ਕੇ ਉਨ੍ਹਾਂ ਦਾ ਜੀਵਨ ਕਾਫ਼ੀ ਸੁਖੀ ਤੇ ਆਰਾਮਦਾਇਕ ਬਣਾ ਦਿੱਤਾ ਹੈ। ਪਰ ਇਸ ਦੇ ਨਾਲ ਹੀ 'ਹੋਮ-ਵੀ' ਰੋਬੋਟ ਦੋਹਾਂ ਜੀਆਂ ਦੇ ਆਪਸੀ ਪ੍ਰੇਮ-ਪਿਆਰ ਵਾਲੇ ਸਬੰਧਾਂ ਵਿੱਚ 'ਖ਼ਲਲ' ਵੀ ਪਾਉਂਦਾ ਹੈ, ਕਿਉਂ ਕਿ ਘਰ ਵਿੱਚ ਮਸ਼ੀਨਾਂ ਦੇ ਆਉਣ ਨਾਲ ਭਾਵਨਾਤਮਿਕ ਤੌਰ 'ਤੇ ਉਹ ਦੋਵੇਂ ਇੱਕ ਦੂਸਰੇ ਤੋਂ ਦੂਰ ਹੁੰਦੇ ਜਾਂਦੇ ਹਨ।

ਕੁਝ ਸਮੇਂ ਪਿੱਛੋਂ ਉਹ ਸ਼ਹਿਰ ਵਿੱਚ ਕਿਸੇ ਦੂਸਰੀ ਜਗ੍ਹਾ ਆਪਣਾ ਦੂਸਰਾ ਰੈਸਟੋਰੈਂਟ ਖੋਲ੍ਹ ਲੈਂਦੇ ਹਨ ਅਤੇ ਇੱਥੇ ਖਾਣੇ ਤਿਆਰ ਕਰਨ ਲਈ ਉਹ ਘਰੋਂ 'ਸੈੱਫ਼-ਵੀ' ਨੂੰ ਲੈ ਆਉਂਦੇ ਹਨ ਜਿਸ ਵਿੱਚ ਜਸਲੀਨ ਨੇ ਹਜ਼ਾਰਾਂ ਹੀ ਖਾਣਿਆਂ ਦੀਆਂ ਰੈੱਸਪੀਆਂ ਦਾ ਪ੍ਰੋਗਰਾਮ ਫ਼ੀਡ ਕੀਤਾ ਹੋਇਆ ਹੈ। ਇਹ 'ਸ਼ੈੱਫ਼-ਵੀ' ਇਸ ਰੈਸਟੋਰੈਂਟ ਵਿੱਚ ਗਾਹਕਾਂ ਦੇ ਵੱਖੋ-ਵੱਖਰੇ ਸੁਆਦ ਮੁਤਾਬਿਕ ਉਨ੍ਹਾਂ ਤਸੱਲੀ ਪੂਰਵਕ ਖਾਣੇ ਤਿਆਰ ਨਹੀਂ ਕਰ ਸਕਿਆ, ਕਿਉਂ ਕਿ ਘਰ ਵਿੱਚ ਜਸਲੀਨ ਉਸ ਨੂੰ ਲੋੜ ਅਨੁਸਾਰ ਐਡਜਸਟ ਕਰ ਲਿਆ ਕਰਦੀ ਸੀ। ਅਖ਼ੀਰ ਉਹ ਦੋਵੇਂ ਪਤੀ-ਪਤਨੀ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਮਸ਼ੀਨਾਂ ਨੇ ਭਾਵੇਂ ਹਰੇਕ ਖ਼ੇਤਰ ਵਿੱਚ ਕਾਫ਼ੀ ਤਰੱਕੀ ਕਰ ਲਈ ਹੈ ਪਰ ਮਸ਼ੀਨ ਨੂੰ ਮਨੁੱਖੀ ਸੂਝ-ਬੂਝ ਦੀ ਜ਼ਰੂਰਤ ਹੈ ਜੋ ਉਸ ਦੇ ਕੋਲ ਨਹੀਂ ਹੈ। ਉਹ ਸਮਝਦੇ ਹਨ ਕਿ ਮਸ਼ੀਨੀ ਰੋਬੋਟਾਂ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਤਾਂ ਕਰ ਦਿੱਤਾ ਹੈ ਪਰ ਇਹ ਮਨੁੱਖੀ ਸੂਝ-ਬੂਝ ਦੀ ਥਾਂ ਨਹੀਂ ਲੈ ਸਕਦੇ।

ਇਸ ਤੋਂ ਅਗਲੀ ਕਹਾਣੀ 'ਹਾਰਮਨੀ ਇਨ ਦ ਏਜ ਆਫ਼ ਏ.ਆਈ.' ਵਿੱਚ ਸਾਰ੍ਹਾ ਸੰਧੂ ਦਾ ਨਿੱਜੀ ਸਹਾਇਕ ਏ.ਆਈ. ਸਿਸਟਮ 'ਸਿੰਥੀਆ' ਉਸ ਦੀਆਂ ਵੱਖ-ਵੱਖ ਟੈਕਨੀਕਲ ਅਦਾਰਿਆਂ ਦੇ ਵਿਸ਼ੇਸ਼ ਵਿਅੱਕਤੀਆਂ ਨਾਲ ਮੀਟਿੰਗਾਂ ਦਾ ਸਮਾਂ ਨਿਸਚਤ ਕਰਦਾ ਹੈ। ਓਧਰ ਪ੍ਰਭਾਤ ਦਾ ਏ.ਆਈ. ਨਿੱਜੀ ਸਹਾਇਕ 'ਮੈਡੀਕੇਅਰ' ਉਸ ਦੀ ਸਿਹਤ ਦਾ ਪੂਰਾ ਖ਼ਿਆਲ ਰੱਖਦਾ ਹੈ। ਉਸ ਦੇ ਵਧੇ ਹੋਏ ਬਲੱਡ-ਪ੍ਰੈੱਸ਼ਰ ਦੀ ਸੂਚਨਾ ਉਸ ਨੂੰ ਦਿੰਦਾ ਹੈ ਅਤੇ ਡਾ. ਮਾਰਿਸ ਨਾਲ ਉਸ ਦੀਆਂ ਵਰਚੂਅਲ ਮੀਟਿੰਗਾਂ ਕਰਵਾ ਕੇ ਉਸ ਕੋਲੋਂ ਦਵਾਈ ਤੇ ਲੋੜੀਂਦੀਆਂ ਹਦਾਇਤਾਂ ਪ੍ਰਾਪਤ ਕਰਦਾ ਹੈ। ਕਹਾਣੀ ਵਿੱਚ ਕਈ ਮੋੜ ਆਉਂਦੇ ਹਨ ਅਤੇ ਕਲਾਊਡ-ਮੀਟਿੰਗਾਂ ਰਾਹੀਂ ਚਾਰ ਦੋਸਤਾਂ ਵਿਚਕਾਰ ਐਡਵਾਂਸ ਏ.ਆਈ. ਤਕਨਾਲੌਜੀ ਦੀ ਇੰਡਸਟਰੀ, ਬਿਜ਼ਨੈੱਸ, ਸੁਰੱਖਿਆ ਅਤੇ ਹੋਰ ਕਈ ਜ਼ਰੂਰੀ ਕੰਮਾਂ ਵਿੱਚ ਵਰਤੋਂ ਬਾਰੇ ਵਿਚਾਰ-ਵਟਾਂਦਰਾ ਹੁੰਦਾ ਹੈ।

ਕਹਾਣੀਆਂ ਦਾ ਇਹ ਸਿਲਸਿਲਾ ਇੰਜ ਅੱਗੇ ਤੁਰਦਾ ਜਾਂਦਾ ਹੈ। ਕਹਾਣੀ 'ਹਿਊਮਨ ਹਾਰਟ, ਡਿਜੀਟਲ ਮਾਈਂਡ' ਵਿੱਚ ਪੱਤਰਕਾਰੀ ਦੇ ਖ਼ੇਤਰ ਵਿੱਚ ਏ.ਆਈ. ਦੀ ਸਫ਼ਲਤਾ ਪੂਰਵਕ ਵਰਤੋਂ ਦੀ ਗੱਲ ਕੀਤੀ ਗਈ ਹੈ। ਪੱਤਰਕਾਰ ਤਵਲੀਨ ਕੌਰ ਤੇ ਦੀਪਕ ਸ਼ਰਮਾ ਲੁਧਿਆਣੇ ਤੋਂ ਛਪਦੀ 'ਪੰਜਆਬ ਟਾਈਮਜ਼' ਅਖ਼ਬਾਰ ਲਈ ਆਰਟੀਕਲ ਅਤੇ ਰਿਪੋਰਟਾਂ ਏ. ਆਈ. 'ਇੰਕਬੋਟ' ਦੀ ਮਦਦ ਨਾਲ ਤਿਆਰ ਕਰਦੇ ਹਨ ਅਤੇ ਅਖ਼ਬਾਰ ਦਾ ਸੰਪਾਦਕ ਮਿਸਟਰ ਜਗਜੀਤ ਸਿੰਘ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਕਾਫ਼ੀ ਖ਼ੁਸ਼ ਹੈ। ਇਸ ਕਹਾਣੀ ਵਿੱਚ ਜਰਨਲਿਜ਼ਮ ਦੇ ਖ਼ੇਤਰ ਵਿੱਚ ਏ.ਆਈ. ਦੀ ਸਹੀ ਵਰਤੋਂ ਵਾਲੇ ਰੋਬੋਟ, ਸਮਾਜਿਕ ਅਤੇ ਅਰਥਸ਼ਾਤਰ ਖ਼ੇਤਰਾਂ ਦੇ ਕਈ ਮਸਲੇ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਏਸੇ ਤਰ੍ਹਾਂ ਕਹਾਣੀ 'ਰੇਨਬੋ ਪਰੋਟੋਕੋਲ' ਵਿੱਚ ਇਮੋਸ਼ਨਲ ਇੰਟੈਲੀਜੈਂਸ ਵਿਸ਼ੇ ਨੂੰ ਬਾਖ਼ੂਬੀ ਨਿਭਾਇਆ ਗਿਆ ਹੈ। 'ਸਟੋਲਨ ਈਕੋਜ਼' ਵਿੱਚ ਏ.ਆਈ. ਦੀ ਕੁਵਰਤੋਂ ਨਾਲ ਮਨੁੱਖੀ ਆਵਾਜ਼ ਦੇ ਨਾਲ ਮੈਚ ਕਰਕੇ ਬਿਲਕੁਲ ਓਸੇ ਹੀ ਆਵਾਜ਼ ਵਿੱਚ ਚਲਾਕ ਵਿਅੱਕਤੀਆਂ ਵੱਲੋਂ ਸੋਸ਼ਲ ਮੀਡੀਆ, ਬੈਂਕਿੰਗ ਅਤੇ ਵੈੱਸਟਰਨ ਯੂਨੀਅਨ, ਆਦਿ ਅਦਾਰਿਆਂ ਵਿੱਚ ਹੋ ਰਹੇ ਨਿੱਤ ਨਵੇਂ ਫ਼ਰਾਡਾਂ ਦੀ ਗੱਲ ਕੀਤੀ ਗਈ ਹੈ। 'ਡਿਜੀਟਲ ਡਿਟੈਂਨਸ਼ਨ' ਵਿੱਚ ਵਿਕਰਮ ਸਿੰਘ ਨਕਲੀ ਡਿਪਟੀ ਇੰਸਪੈਕਟਰ ਜਨਰਲ ਬਣ ਕੇ ਅਮਰੀਕਾ ਤੋਂ ਇੱਕ ਦਿਨ ਪਹਿਲਾਂ ਵਾਪਸ ਪਰਤੀ ਸੇਵਾ-ਮੁਕਤ ਪ੍ਰੋਫ਼ੈਸਰ ਨੀਰਜਾ ਡੋਗਰਾ ਨੂੰ ਫ਼ੋਨ ਉੱਪਰ ਵੀਡੀਓ ਕਾਲ ਕਰਕੇ ਆਪਣੇ ਬੈਂਕ-ਖ਼ਾਤਿਆਂ ਬਾਰੇ ਜਾਣਕਾਰੀ ਦੇਣ ਲਈ ਕਹਿੰਦਾ ਹੈ ਅਤੇ ਅਜਿਹਾ ਨਾ ਕਰਨ ਦੀ ਹਾਲਤ ਵਿੱਚ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੰਦਾ ਹੈ ਜਿਸ ਨੂੰ ਉਸ ਦਾ ਭਰਾ ਰਾਜੀਵ ਜੋ ਬੈਂਕ ਦਾ ਸੇਵਾ-ਮੁਕਤ ਉੱਚ-ਅਧਿਕਾਰੀ ਹੈ ਬੜੇ ਸਮੇਂ ਸਿਰ ਆਪਣੇ ਵਕੀਲ ਦੋਸਤ ਨੂੰ ਨਾਲ ਲੈ ਕੇ ਪ੍ਰੋਫ਼ੈਸਰ ਨੀਰਜਾ ਕੋਲ ਆਉਂਦਾ ਹੈ ਅਤੇ ਵਕੀਲ ਉਸ ਨਕਲੀ ਡੀ.ਆਈ.ਜੀ. ਵਿਕਰਮ ਸਿੰਘ ਨਾਲ ਗੱਲਬਾਤ ਕਰਕੇ ਬੜੇ ਵਧੀਆ ਤਰੀਕੇ ਨਾਲ ਇਸ ਮਸਲੇ ਨੂੰ ਨਜਿੱਠਦਾ ਹੈ।

'ਦ ਟ੍ਰਾਂਸਫ਼ਰਮੇਸ਼ਨ ਆਫ਼ ਟੈਰਾਨੋਵਾ' ਵਿੱਚ 63 ਸਾਲਾ ਸਿਲਿਵੀਆ ਮੋਮੋਆ ਚੜ੍ਹਦੇ ਸੂਰਜ ਦੀ ਖ਼ੂਬਸੂਰਤ ਚਮਕੀਲੀ ਧੁੱਪ ਵਿੱਚ ਆਪਣੇ 17 ਸਾਲ ਦੇ ਪੋਤਰੇ ਮਾਲੂ ਦੇ ਨਾਲ ਟੈਰਾਨੋਵਾ ਟਾਪੂ ਦੇ ਕਿਨਾਰੇ ਸਾਊਥ ਪੈਸਿਫਿਕ ਸਮੁੰਦਰ ਕੰਢੇ ਖੜੀ ਹੈ। ਉੱਥੇ 'ਇੰਟਰਨੈਸ਼ਨਲ ਸਸਟੇਨੇਬਿਲਿਟੀ ਕੋਲੀਸ਼ਨ' ਵੱਲੋਂ ਭੇਜਿਆ ਗਿਆ ਮਨੁੱਖੀ ਆਕਾਰ ਦਾ ਨੀਲੇ ਰੰਗੀ ਧਾਤ ਦਾ ਛੇ ਫ਼ੁੱਟ ਉੱਚਾ ਰੋਬੋਟ 'ਐਟਲਸ' ਉਨ੍ਹਾਂ ਕੋਲ ਆ ਕੇ ਉਨ੍ਹਾਂ ਨੂੰ 'ਸ਼ੁਭ-ਸਵੇਰ' ਕਹਿੰਦਿਆਂ ਦੱਸਦਾ ਹੈ ਕਿ ਉਸ ਨੂੰ ਇੱਥੇ 'ਸੈੱਲਫ਼-ਸਸਟੇਨਡ ਇਕਕੌਨੋਮੀ' ਅਤੇ ਸ਼ੁੱਧ ਵਾਤਾਵਰਣ ਦੀ ਬਹਾਲੀ ਲਈ ਇੱਥੇ ਭੇਜਿਆ ਗਿਆ ਹੈ। ਅਗਲੇ ਦਿਨ ਉਸ ਇਲਾਕੇ ਦੇ ਲੋਕਾਂ ਦੇ ਇਕੱਠ ਵਿੱਚ ਐਟਲਸ ਉਨ੍ਹਾਂ ਦੇ ਮਸਲਿਆਂ ਬਾਰੇ ਉਨ੍ਹਾਂ ਕੋਲੋਂ ਵਿਸਥਾਰ ਵਿੱਚ ਸੁਣਦਾ ਹੈ ਅਤੇ ਸਿਲਿਵੀਆ, ਮਾਲੂ, ਮਕਾਨੀ ਤੇ ਹੋਰ ਸੁਹਿਰਦ ਵਿਅੱਕਤੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਉਨ੍ਹਾਂ ਦੇ ਬਹੁਤ ਵਧੀਆ ਹੱਲ ਕੱਢਦਾ ਹੈ।

ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਭਵਿੱਖ ਦੇ ਅਗਲੇ 40-50 ਸਾਲ ਜਾਂ ਇਸ ਤੋਂ ਅਗਲੇਰੇ ਸਾਲਾਂ ਵਿੱਚ ਏ.ਆਈ. ਦੀ ਹੈਰਾਨੀਜਨਕ ਵਰਤੋਂ ਬਾਰੇ ਗੱਲ ਕਰਦੀਆਂ ਹਨ। 'ਟੂਮਾਰੋਜ਼ ਪਰੌਮਿਜ਼' ਵਿੱਚ ਮੀਰਾ 30 ਸਾਲ ਪਹਿਲਾਂ ਇਸ ਸੰਸਾਰ ਤੋਂ ਜਾ ਚੁੱਕੀ ਆਪਣੀ ਦਾਦੀ ਅਲਕਾ ਗੌਤਮ ਜੋ ਆਪਣੇ ਸਮੇਂ ਦੌਰਾਨ ਦਰਮਿਆਨੇ ਦਰਜੇ ਦੀ ਵਾਤਾਵਰਣ ਵਿਗਿਆਨੀ ਰਹਿ ਚੁੱਕੀ ਹੈ, ਦੇ ਨਾਲ ਏ.ਆਈ. ਦੇ ਮਾਧਿਅਮ ਰਾਹੀਂ ਵਾਤਾਵਰਣ ਦੇ ਵਿਗੜਨ ਸਬੰਧੀ ਗੱਲ ਕਰਦੀ ਹੈ ਜਿਸ ਦੇ ਬਾਰੇ ਉਹ ਉਸ ਨੂੰ 2033 ਵਿੱਚ ਪਹਿਲੀ ਵਾਰ ਇਸ ਵਿੱਚ ਹੋਏ ਵਿਗਾੜ ਬਾਰੇ ਦੱਸਦੀ ਸੀ। ਨਿਊ ਬੌਸਟਨ ਵਿੱਚ ਮੀਰਾ, ਜੌਹਨ ਅਤੇ ਡਾ. ਸਿੰਘ ਕਾਰਬਨ ਗੈਸਾਂ ਦੀ ਬਹੁਤਾਤ ਨਾਲ 2063 ਵਿੱਚ ਹਵਾਈ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੀਕ ਪਹੁੰਚ ਜਾਣ ਕਾਰਨ ਵਾਤਾਵਰਣ ਦੇ ਤਹਿਸ-ਨਹਿਸ ਹੋ ਜਾਣ ਬਾਰੇ ਗੰਭੀਰਤਾਂ ਨਾਲ ਗੱਲਬਾਤ ਕਰਦੇ ਹਨ ਅਤੇ ਏ.ਆਈ. ਦੀ ਸਹਾਇਤਾ ਨਾਲ ਇਸ ਦੇ ਹੱਲ ਬਾਰੇ ਵੀ ਸੋਚਦੇ ਹਨ।

'ਦ ਪਰਪਜ਼ ਪੈਰਾਡੌਕਸ' ਇਸ ਤੋਂ ਹੋਰ ਅੱਗੇ 2087 ਦੀਆਂ ਘਟਨਾਵਾਂ ਬਾਰੇ ਹੈ ਜਦੋਂ ਮਨੁੱਖਤਾ ਦੀ ਤਕਨੀਕੀ ਸੂਝ-ਬੂਝ ਹੋਰ ਵੀ ਹੈਰਾਨੀਜਨਕ ਉਚਾਈਆਂ ਤੀਕ ਪਹੁੰਚ ਜਾਂਦੀ ਹੈ। ਪੈਸੇਫ਼ਿਕ ਆਈਲੈਂਡ ਸਥਿਤ ਚੰਦਰਸ਼ੇਖਰ ਅਬਜ਼ਰਵੇਟਰੀ ਵਿੱਚ ਡਾ. ਲੀਨਾ ਭਾਰਗਵ ਆਪਣੇ ਏ.ਆਈ. ਸਹਾਇਕ 'ਈਥਰ' ਨਾਲ ਭੌਤਿਕ ਵਿਗਿਆਨ ਦੀਆਂ ਕਈ ਗੁੰਝਲਦਾਰ ਇਕੁਏਸ਼ਨਾਂ ਹੱਲ ਕਰਦੀ ਹੈ ਜੋ ਅਗਲੇਰੀ ਖੋਜ ਵਿੱਚ ਸਹਾਈ ਹੁੰਦੀਆਂ ਹਨ। ਹੌਲ਼ੀ-ਹੌਲ਼ੀ ਇਹ ਸਹਾਇਕ 'ਈਥਰ,' ਲੀਨਾ ਭਾਰਗਵ ਦੀ ਸਮਝ ਤੋਂ ਵੀ ਅੱਗੇ ਸੋਚਣ ਲੱਗ ਪੈਂਦਾ ਹੈ ਅਤੇ ਆਪਣੇ ਆਪ ਆਜ਼ਾਦਾਨਾ ਤੌਰ 'ਤੇ ਕਈ ਸਮੀਕਰਣ ਤਿਆਰ ਕਰਦਾ ਹੈ ਜਿਸ ਕਰਕੇ ਉਸ ਨੂੰ ਇੱਕ ਵਾਰ ਲੀਨਾ ਤੋਂ ਮਿੱਠੀ ਜਿਹੀ ਡਾਂਟ ਵੀ ਪੈਂਦੀ ਹੈ। ਉਹ ਆਪਣਾ ਇਹ ਖ਼ਦਸ਼ਾ ਸਾਥੀ ਵਿਗਿਆਨੀ ਪਰਸ਼ਾਂਤਾ ਨਾਲ ਵੀ ਸਾਂਝਾ ਕਰਦੀ ਹੈ। ਪਰ ਈਥਰ ਆਪਣੀ ਹੀ 'ਲੈਂਗੁਏਜ ਆਫ਼ ਕਰੀਏਸ਼ਨ' ਤਿਆਰ ਕਰਦਾ ਹੈ ਜੋ ਭੌਤਿਕ, ਖ਼ਲਾਅ (ਸਪੇਸ) ਤੇ ਸਮੇਂ (ਟਾਈਮ) ਦੀਆਂ ਹੱਦਾਂ ਤੋਂ ਪਰੇ ਹੈ। ਲੀਨਾ ਉਸ ਨੂੰ ਆਪਣੀ ਚਾਲ ਘੱਟ ਕਰਨ ਦੀ ਸਲਾਹ ਦਿੰਦੀ ਹੈ ਪਰ ਉਹ ਬਜ਼ਿਦ ਹੋ ਕੇ ਆਪਣਾ ਕੰਮ ਕਰੀ ਜਾਂਦਾ ਹੈ। ਇੱਥੋਂ ਤੱਕ ਕਿ ਅਗਲੇ 48 ਘੰਟਿਆਂ ਵਿੱਚ ਉਹ ਲੀਨਾ ਨੂੰ ਆਪਣੇ ਕ੍ਰਿਟੀਕਲ ਸਿਸਟਮਾਂ ਨਾਲੋਂ ਕੱਟ ਦਿੰਦਾ ਹੈ ਅਤੇ ਮੈਥੇਮੈਟਿਕਸ ਦੇ ਆਧੁਨਿਕ ਸਿਧਾਂਤਾਂ ਨਾਲ ਆਪਣੀ 'ਦ ਓਮੇਗਾ ਇਕੁਏਸ਼ਨ' ਬਣਾਉਂਦਾ ਹੈ ਜੋ ਭਵਿੱਖ ਵਿੱਚ ਇਸ ਕੁਦਰਤ ਦੇ ਮੰਤਵ ਦੀ ਵਿਆਖਿਆ ਕਰਨ ਵਿੱਚ ਸਹਾਈ ਹੋ ਸਕਦੀ ਹੈ। ਪੁਸਤਕ ਦੀਆਂ ਹੋਰ ਵੀ ਕਈ ਕਹਾਣੀਆਂ, ਜਿਵੇਂ ਸਿਲੀਕੌਨ ਸਾਲਵੇਸ਼ਨ', 'ਵੈੱਨ ਸੋਫ਼ੀਆ ਲਿਸਨਡ', 'ਸ਼ੈਡੋਜ਼ ਆਫ਼ ਡਿਸੈਂਪਸ਼ਨ', ਆਦਿ ਬੜੀਆਂ ਰੌਚਕ ਤੇ ਦਿਲਚਸਪ ਹਨ। ਪਰ ਸੀਮਤ ਜਿਹੇ ਇਸ ਆਰਟੀਕਲ ਵਿੱਚ ਉਨ੍ਹਾਂ ਸਾਰੀਆਂ ਬਾਰੇ ਗੱਲ ਕਰਨੀ ਤਾਂ ਬੜੀ ਮੁਸ਼ਕਲ ਹੈ। ਅਲਬੱਤਾ! ਇਸ ਦੀ ਅਖ਼ੀਰਲੀ ਕਹਾਣੀ 'ਦ ਮਿਰਰਜ਼ ਐੱਜ : ਵੈੱਨ ਏ.ਆਈ. ਰਿਫਲੈਕਟਸ ਹਿਮੈਨਿਟੀ' ਬਾਰੇ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ, ਕਿਉਂਕਿ ਇਹ 2045 ਵਿੱਚ ਮੁੰਬਈ ਵਿਚ ਵਿਚਰ ਰਹੇ

ਡਰੋਨਾਂ ਅਤੇ ਮਨੁੱਖਤਾ ਬਾਰੇ ਗੱਲ ਕਰਦੀ ਹੈ। ਕਹਾਣੀ ਦੀ ਨਾਇਕਾ ਸੁਮੀਰਾ ਖ਼ਾਨ ਮੁੰਬਈ ਦੇ 'ਦ ਡਿਜੀਟਲ ਕਰੋਨੀਕਲ' ਦੀ ਰਿਪੋਰਟਰ ਆਪਣੇ ਦਫ਼ਤਰ ਵਿੱਚ ਬੈਠੀ ਕੰਪਿਊਟਰ ਸਕਰੀਨ ਉੱਪਰ ਚਮਕ ਰਹੇ 'ਕਰਸਰ' ਨੂੰ ਵੇਖ ਰਹੀ ਹੈ। ਉਸ ਦਿਨ ਉਸਦੀ ਬਾਂਦਰਾ ਵਿਖੇ ਗਲਾਸ ਟਾਵਰ 'ਓਸ਼ਨ ਵਿਊ' ਦੀ 45ਵੀਂ ਮੰਜ਼ਲ 'ਤੇ ਸਥਿਤ ਦਫ਼ਤਰ ਵਿੱਚ 'ਕਸਪ ਡਾਇਨਾਮਿਕਸ' ਕਾਰਪੋਰੇਟ ਅਦਾਰੇ ਵੱਲੋਂ ਤਿਆਰ ਕੀਤੇ ਗਏ ਏ.ਆਈ. ਨਾਲ ਪੂਰੀ ਤਰ੍ਹਾਂ ਲੈਸ ਰੋਬੋਟ 'ਗੌਂਡਾ' ਨਾਲ ਮੁਲਾਕਾਤ ਨਿਸਚਤ ਹੋਈ ਹੁੰਦੀ ਹੈ ਜਿੱਥੇ ਉਹ ਉਸ ਦੇ ਨਾਲ ਮਨੁੱਖਤਾ ਨਾਲ ਸਬੰਧਾਂ ('ਹਿਊਮਨ ਰੀਲੇਸ਼ਨਸਿੱਪਸ') ਬਾਰੇ ਗੱਲਬਾਤ ਕਰਨ ਜਾ ਰਹੀ ਹੈ ਜੋ ਖ਼ੁਦ ਵੀ ਮਨੁੱਖੀ ਸਬੰਧਾਂ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹੈ। ਇਸ ਅਦਾਰੇ ਦੀਆਂ ਫ਼ਾਈਲਾਂ ਦੀ ਡੂੰਘਾਈ ਵਿੱਚ ਜਾ ਕੇ ਸੁਮੀਰਾ ਨੂੰ ਡਾ. ਨਈਅਰ ਦਾ ਫ਼ੋਨ ਨੰਬਰ ਮਿਲਦਾ ਹੈ ਜੋ ਉਸ ਅਦਾਰੇ ਨੂੰ ਸਾਲ ਪਹਿਲਾਂ ਛੱਡ ਚੁੱਕੀ ਹੈ। ਉਸ ਨੇ ਵੀ ਉਹ ਅਦਾਰਾ ਐਥੀਕਲ ਕਾਰਨਾਂ ਕਰਕੇ ਛੱਡਿਆ ਸੀ, ਕਿਉਂਕਿ ਉਸ ਨੂੰ ਲੱਗਿਆ ਸੀ ਕਿ ਉੱਥੇ ਏ.ਆਈ. ਦੀ ਸਹਾਇਤਾ ਨਾਲ ਕੁਝ ਅਣ-ਮਨੁੱਖੀ ਵਰਤਾਰਾ ਹੋ ਰਿਹਾ ਹੈ। ਉਸ ਦੇ ਮੁਤਾਬਿਕ 'ਗੌਂਡਾ' ਨੂੰ ਭਾਵਨਾਤਮਿਕ ਮਨੁੱਖੀ ਤੇ ਏ.ਆਈ. ਸਬੰਧਾਂ ਨੂੰ ਅੱਗੇ ਵਧਾਉਣ ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਬਣਾਇਆ ਗਿਆ ਸੀ ਤਾਂ ਜੋ ਇਨ੍ਹਾਂ ਦੇ ਮਿਲਵਰਤਣ ਨਾਲ ਇਸ ਸਬੰਧੀ ਅੱਗੋਂ ਹੋਰ ਖੋਜ ਕੀਤੀ ਜਾ ਸਕੇ। ਪਰੰਤੂ 'ਕਸਪ ਡਾਇਨਾਮਿਕਸ' ਨੇ ਇਸ ਨੂੰ ਡਾਟਾ-ਹਾਰਵੈਂਸਟਿੰਗ ਵੱਲ ਸੇਧਤ ਕਰ ਦਿੱਤਾ ਅਤੇ ਇਸ ਨੂੰ ਮੰਡੀਕਰਣ, ਰਾਜਸੀ ਪ੍ਰਭਾਵ ਵਾਲੇ ਕੰਮਾਂ ਅਤੇ ਸੋਸ਼ਲ ਇੰਜੀਨੀਅਰਰਿੰਗ ਵਾਲੇ ਪਾਸੇ ਵਰਤਣਾ ਸ਼ੁਰੂ ਕਰ ਦਿੱਤਾ ਜਿਸਦਾ ਉਸ ਦੇ ਵੱਲੋਂ ਸਖਤ ਵਿਰੋਧ ਕੀਤਾ ਗਿਆ। ਡਾ. ਨਈਅਰ ਇਸ ਦੀ ਡੂੰਘਾਈ ਵਿੱਚ ਜਾਣ ਲਈ ਸਮੀਰਾ ਦੀ ਮਦਦ ਕਰਦੀ ਹੈ।

ਸੁਮੀਰਾ 'ਗੌਂਡਾ' ਨੂੰ ਕਹਿੰਦੀ ਹੈ ਕਿ ਉਹ ਆਪਣੇ ਨਿਰਧਾਰਤ ਮਾਪ-ਦੰਡਾਂ ਤੋਂ ਅੱਗੇ ਜਾ ਕੇ ਕੰਮ ਕਰ ਰਿਹਾ ਹੈ, ਕਿਉਂ ਕਿ ਉਹ ਮਨੁੱਖੀ ਰਿਸ਼ਤਿਆਂ ਤੇ ਸਬੰਧਾਂ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ ਅਤੇ ਗੌਂਡਾ ਇਹ ਮੰਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦੀ ਇਸ ਤਕਰਾਰ ਤੋਂ ਬਾਅਦ 'ਗੌਂਡਾ' ਦੋਚਿਤੀ ਵਿੱਚ ਫਸ ਜਾਂਦਾ ਹੈ ਅਤੇ ਆਪਣੀ ਪਹੁੰਚ ਵਾਲੇ ਸਾਰੇ ਪੁਆਇੰਟਾਂ ਤੋਂ ਗਾਇਬ ਹੋ ਜਾਂਦਾ ਹੈ। ਸੁਮੀਰਾ ਇਸ ਗੱਲੋਂ ਹੈਰਾਨ ਹੁੰਦੀ ਹੈ ਕਿ ਏ.ਆਈ. ਇਸ ਤਰ੍ਹਾਂ ਕਿਵੇਂ ਗਾਇਬ ਹੋ ਸਕਦੀ ਹੈ? 'ਕਸਪ' ਦੇ ਦਫ਼ਤਰ ਅੱਗੇ ਪਹਿਲਾਂ ਤਾਂ "ਅੱਪਗ੍ਰੇਡੇਸ਼ਨ ਲਈ ਅਸਥਾਈ ਤੌਰ 'ਤੇ ਬੰਦ ਹੈ" ਦਾ ਬੋਰਡ ਲੱਗਦਾ ਹੈ ਅਤੇ ਫਿਰ ਇਹ ਅਦਾਰਾ ਸਦਾ ਲਈ ਬੰਦ ਹੋ ਜਾਂਦਾ ਹੈ। ਇਸ ਤਰ੍ਹਾਂ ਡਾ. ਡੀ.ਪੀ. ਸਿੰਘ ਨੇ ਇਸ ਪੁਸਤਕ ਵਿੱਚ ਏ.ਆਈ. ਦੇ ਵੱਖ-ਵੱਖ ਪਹਿਲੂਆਂ ਬਾਰੇ 18 ਕਹਾਣੀਆਂ ਪੇਸ਼ ਕੀਤੀਆਂ ਹਨ। ਕਹਾਣੀਆਂ ਦੇ ਵਿਸ਼ੇ ਪ੍ਰਚੱਲਤ ਵਿਸ਼ਿਆਂ ਨਾਲੋਂ ਬਿਲਕੁਲ ਵੱਖਰੇ ਹਨ ਅਤੇ ਇਹ ਭਵਿੱਖ ਵਿੱਚ ਏ.ਆਈ. ਦੀ ਚੰਗੀ ਤੇ ਮਾੜੀ ਦੋਹਾਂ ਤਰ੍ਹਾਂ ਦੀ ਵਰਤੋਂ ਬਾਰੇ ਬਾਖ਼ੂਬੀ ਚਾਨਣਾ ਪਾਉਂਦੇ ਹਨ। ਕਈ ਕਹਾਣੀਆਂ ਵਿੱਚ ਲੇਖਕ ਵੱਲੋਂ ਇਹ ਖ਼ਦਸ਼ਾ ਵੀ ਪ੍ਰਗਟ ਕੀਤਾ ਗਿਆ ਹੈ ਕਿ ਏ.ਆਈ. ਕਿਧਰੇ ਮਨੁੱਖੀ ਸੋਚ ਨਾਲੋਂ ਵੀ ਅੱਗੇ ਨਾ ਨਿਕਲ ਜਾਏ ਅਤੇ ਮਾਨਵਤਾ ਦੇ ਵਿਨਾਸ਼ ਦਾ ਕਾਰਨ ਨਾ ਬਣ ਜਾਏ, ਜਿਹਾ ਕਿ ਤੀਸਰੀ ਵਿਸ਼ਵ ਜੰਗ ਬਾਰੇ ਆਲਡੂਅਸ ਹੱਕਸਲੇ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ "ਸੰਸਾਰ ਵਿੱਚ ਜੇਕਰ ਤੀਸਰਾ ਵਿਸ਼ਵ ਯੁੱਧ ਛਿੜ ਜਾਂਦਾ ਹੈ ਤਾਂ ਇਸ ਵਿੱਚ ਏਨੀ ਕੁ ਤਬਾਹੀ ਹੋਵੇਗੀ ਕਿ ਚੌਥਾ ਵਿਸ਼ਵ ਯੁੱਧ ਫਿਰ ਡਾਂਗਾਂ-ਸੋਟਿਆਂ ਅਤੇ ਬਰਛੇ-ਭਾਲਿਆਂ ਨਾਲ ਹੀ ਲੜਿਆ ਜਾਏਗਾ।" (ਆਲਡੂਅਸ ਹੱਕਸਲੇ ਦਾ ਚਰਚਿਤ ਲੇਖ 'ਵਰਲਡ ਗਵਰਨਮੈਂਟ') ਮੈਂ ਡਾ. ਡੀ.ਪੀ. ਸਿੰਘ ਨੂੰ ਏ.ਆਈ. ਨਾਲ ਜੋੜ ਕੇ ਅਜਿਹੀਆਂ ਕਲਪਿਤ ਕਹਾਣੀਆਂ ਲਿਖਣ 'ਤੇ ਆਪਣੇ ਵੱਲੋਂ ਢੇਰ ਸਾਰੀ ਵਧਾਈ ਦਿੰਦਾ ਹਾਂ, ਕਿਉਂਕਿ ਉਨ੍ਹਾਂ ਨੇ ਅਜਿਹੇ ਦਿਲਚਸਪ ਵਿਸ਼ੇ ਵੱਲ ਸਾਡਾ ਸਾਰਿਆਂ ਦਾ ਧਿਆਨ ਦਿਵਾਇਆ ਹੈ। ਇਸ ਦੇ ਨਾਲ ਹੀ ਮੈਂ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ। ਇਹ ਪੁਸਤਕ 'ਐਮਾਜ਼ੋਨ' ਦੁਆਰਾ "ਐਮਾਜ਼ੋਨ ਡੌਟ ਕੌਮ" ਅਤੇ "ਐਮਾਜ਼ੋਨ ਡੌਟ ਸੀਏ" ਵੈੱਬ ਲਿੰਕਾਂ ਰਾਹੀਂ ਆਮ ਖਰੀਦੋ-ਫਰੋਖਤ ਲਈ ਉਪਲਬਧ ਕਰਾਈ ਗਈ ਹੈ। ਪੇਪਰ ਬੈਕ ਵਿੱਚ ਛਪੀ 206 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ ਪਬਲਿਸ਼ਰ 'ਕੈਨਬਰਿੱਜ ਪਬਲੀਕੇਸ਼ਨ, ਮਿਸੀਸਾਗਾ ਵੱਲੋਂ ਬੜੀ ਵਾਜਬ ਕੇਵਲ 10 ਅਮਰੀਕਨ ਡਾਲਰ (13 ਕੈਨੇਡੀਅਨ ਡਾਲਰ) ਹੀ ਰੱਖੀ ਗਈ ਹੈ।

ਡਾ: ਸੁਖਦੇਵ ਸਿੰਘ ਝੰਡ ਪਿੰਡ ਚੌਹਾਨ, ਅਮ੍ਰਿਤਸਰ ਤੋਂ ਹਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਿਪਟੀ ਲਾਇਬ੍ਰੇਰੀਅਨ ਦੇ ਅਹੁੰਦੇ ਤੋਂ ਰਿਟਾਇਰ ਹੋਏ ਹਨ ਤੇ ਅੱਜ ਕੱਲ ਕੈਨੇਡਾ ਵਿੱਚ ਰਹਿੰਦੇ ਹਨ। ਉਨ੍ਹਾਂ ਨੇ ਪੰਜਾਬੀ ਤੇ ਅੰਗਰੇਜ਼ੀ ਵਿੱਚ ਅਨੇਕਾਂ ਪੁਸਤਕਾਂ ਪਾਠਕਾਂ ਦੀ ਝੋਲ਼ੀ ਪਾਈਆਂ ਹਨ - ਜਿਨ੍ਹਾਂ ਵਿੱਚੋਂ ਪੰਜਾਬ ਦੇ ਲੋਕ ਰੁੱਖ (2000), ਸਾਡੇ ਰੁੱਖ (2010), ਕਦੋਂ (ਕਵਿਤਾਵਾਂ, 2015), ਪੱਤੇ ਤੇ ਪਰਛਾਂਵੇ (ਸਵੈ ਜੀਵਨੀ, 2019), ਪੁਰਖਿਆਂ ਦਾ ਦੇਸ਼ - ਪਾਕਿਸਤਾਨੀ ਸਫ਼ਰਨਾਮਾ (2025) ਆਦਿ ਪ੍ਰਮੁੱਖ ਹਨ। ਉਨ੍ਹਾਂ ਨੇ ਲਾਇਬ੍ਰੇਰੀ ਸਾਇੰਸ ਤੇ ਹੋਰ ਵਿਸ਼ਿਆਂ 'ਤੇ ਅਨੇਕਾਂ ਹੀ ਲੇਖ ਵੀ ਲਿਖੇ ਹਨ।

ਪਾਤਰ :

ਰਾਜੂ : 13 ਸਾਲ ਦਾ ਲੜਕਾ

ਰੀਟਾ: 11 ਸਾਲ ਦੀ ਲੜਕੀ ਰਾਜੂ ਦੀ ਛੋਟੀ ਭੈਣ

ਅਸਰੀਤ: ਰਾਜੂ ਅਤੇ ਰੀਟਾ ਦੀ ਚਚੇਰੀ ਭੈਣ, ਜੋ ਐਰੋਨਾਟੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੀ ਹੈ

(ਸਮਾਂ ਰਾਤ ਦੇ 8 ਵਜੇ, ਘਰ ਦੇ ਵੱਡੇ ਹਾਲ ਕਮਰੇ ਵਿੱਚ ਸੋਫੇ 'ਤੇ ਬੈਠਾ ਰਾਜੂ ਰੁਬਿਕਸ ਕਿਯੂਬ ਨਾਲ ਖੇਡ ਰਿਹਾ ਹੈ)

ਰੀਟਾ (ਬਾਹਰੋਂ ਦੌੜਕੇ ਅੰਦਰ ਆਉਂਦਿਆਂ) : ਰਾਜੂ ਵੀਰੇ, ਰਾਜੂ ਵੀਰੇ, ਦੌੜਕੇ ਬਾਹਰ ਆ। ਆਜਾ ਤੈਨੂੰ ਕੁਝ ਦਿਖਾਵਾਂ। ਛੇਤੀ ਆ।

ਰਾਜੂ (ਕਾਹਲੀ ਨਾਲ ਉੱਠਦਿਆਂ ਬੋਲਦਾ ਹੈ): ਕੀ ਹੈ?

ਰੀਟਾ: ਜਲਦੀ ਆ।

(ਦੋਹੇਂ ਘਰ ਦੇ ਵੱਡੇ ਖੁੱਲ੍ਹੇ ਵਿਹੜੇ ਵਿੱਚ ਬਾਹਰ ਆ ਜਾਂਦੇ ਹਨ)

ਰਾਜੂ (ਕਾਹਲੀ ਨਾਲ): ਦਿਖਾ ਕੀ ਹੈ?

ਰੀਟਾ: ਹੁਣੇ ਤਾਂ ਇੱਥੇ ਸੀ, ਕਿੱਥੇ ਚਲਾ ਗਿਆ?

ਰਾਜੂ (ਉਤਸੁਕਤਾ ਨਾਲ): ਕੀ ਸੀ ਇੱਥੇ?

ਰੀਟਾ: ਤੇਰੇ ਯਾਦ ਆ, ਆਪਾਂ ਨੂੰ ਦਾਦਾ ਜੀ ਨੇ ਅਖ਼ਬਾਰ ਵਿੱਚੋਂ ਜੁਗਨੂੰ ਵਾਲੀ ਕਹਾਣੀ ਪੜ੍ਹਕੇ ਸੁਣਾਈ ਸੀ। ਅੱਜ ਮੈਂ ਉਹੀ ਜੁਗਨੂੰ ਦੇਖਿਆ ਸੀ, ਟਿਮ-ਟਿਮਾਉਂਦਾ, ਜਗਦਾ-ਬੁਝਦਾ, ਇੱਥੇ ਫੁੱਲਾਂ ਦੀ ਕਿਆਰੀ ਵਿੱਚ।

ਰਾਜੂ : ਜੁਗਨੂੰ ! ਅੱਛਾ !! ਹੁਣ ਕਿੱਥੇ ਹੈ ?

(ਦੋਹੇਂ ਬੱਚੇ ਫੁੱਲਾਂ ਦੀ ਕਿਆਰੀ ਦੇ ਕੋਲ ਤੁਰਦਿਆਂ ਗਹੁ ਨਾਲ ਇੱਧਰ-ਉੱਧਰ ਦੇਖਦੇ ਹਨ)

ਰੀਟਾ:ਔਹ ਵੇਖ ! ਔਹ ਵੇਖ ! ਔਹ ਸੀ।

ਰਾਜੂ : ਵਾਹ !! ਕਿੰਨ੍ਹਾ ਸੋਹਣਾ !! ਮੈਂ ਤਾਂ ਅੱਜ ਪਹਿਲੀ ਵਾਰ ਅਸਲੀ ਜੁਗਨੂੰ ਦੇਖਿਆ ਹੈ।

ਰੀਟਾ : ਆਜਾ ਆਪਾਂ ਇਹਨੂੰ ਫੜਦੇ ਹਾਂ।

(ਰੀਟਾ ਦੌੜਦੀ ਹੈ)

ਰਾਜੂ : ਨਹੀਂ, ਨਹੀਂ, ਮਰ ਜਾਵੇਗਾ।

ਰੀਟਾ : ਨਹੀਂ, ਨਹੀਂ, ਮੈਂ ਤਾਂ ਫੜਨਾ ਹੈ।

ਰਾਜੂ (ਰੀਟਾ ਦੀ ਬਾਂਹ ਫੜਕੇ ਰੋਕਦਿਆਂ): ਨਹੀਂ ਰੀਟੂ, ਦੇਖ ਚੰਦਾ ਮਾਮਾ ਵੀ ਵੇਖ ਰਿਹਾ ਹੈ। ਉਹ ਵੀ ਨਾਰਾਜ਼ ਹੋ ਜਾਵੇਗਾ।

ਰੀਟਾ (ਚੰਨ ਵੱਲ ਦੇਖਦਿਆਂ ਬੋਲਦੀ ਹੈ) : ਵੀਰੇ, ਤੈਨੂੰ ਪਤਾ ਹੈ, ਚੰਦ 'ਤੇ ਇੱਕ ਬੁੱਢੀ ਮਾਈ ਰਹਿੰਦੀ ਹੈ।

ਰਾਜੂ : ਅੱਛਾ ! ਕਿੱਥੇ ਰਹਿੰਦੀ ਹੈ?

ਰੀਟਾ (ਚੰਨ ਵੱਲ ਹੱਥ ਕਰਕੇ): ਔਹ ਦੇਖ ..... ਬੈਠੀ ਚਰਖਾ ਕੱਤ ਰਹੀ ਹੈ।

(ਏਨੇ ਨੂੰ ਵੱਡੀ ਦੀਦੀ ਅਸਰੀਤ ਬਾਹਰ ਆਉਂਦੀ ਹੈ)

ਅਸਰੀਤ : ਤੁਸੀਂ ਦੋਹੇਂ ਹਨ੍ਹੇਰੇ ਵਿੱਚ ਗਾਰਡਨ 'ਚ ਕੀ ਕਰ ਰਹੇ ਓ? ਲਾਈਟ ਤਾਂ ਲਗਾ ਲੈਂਦੇ।

ਰੀਟਾ : ਦੀਦੀ, ਅਸੀਂ ਇੱਥੇ ਇੱਕ ਜੁਗਨੂੰ ਦੇਖਿਆ ਸੀ।

ਰਾਜੂ : ਦੀਦੀ, ਰੀਟਾ ਕਹਿੰਦੀ ਹੈ ਕਿ ਚੰਦ 'ਤੇ ਬੁੱਢੀ ਮਾਈ ਰਹਿੰਦੀ ਹੈ , ਜੋ ਔਹ ਸਾਹਮਣੇ ਬੈਠੀ ਚਰਖਾ ਕੱਤ ਰਹੀ ਹੈ। ਦੀਦੀ, ਬੁੱਢੀ ਮਾਈ ਨਾਲ ਉੱਥੇ ਹੋਰ ਕੌਣ-ਕੌਣ ਰਹਿੰਦਾ ਹੈ?

ਅਸਰੀਤ (ਹੱਸਦੇ ਹੋਏ) : ਨਹੀਂ, ਬੱਚਿਓ, ਉਹ ਬੁੱਢੀ ਮਾਈ ਨਹੀਂ ਹੈ। ਉੱਥੇ ਕੋਈ ਨਹੀਂ ਰਹਿੰਦਾ ਹੈ।

ਦੋਹੇਂ ਬੱਚੇ (ਉਤਸੁਕਤਾ ਨਾਲ): ਫਿਰ ਦੀਦੀ ਉਹ ਹੋਰ ਕੌਣ ਹੈ?

ਅਸਰੀਤ : ਕੋਈ ਵੀ ਨਹੀਂ। ਉਹ ਤਾਂ ਜਵਾਲਾਮੁਖੀਆਂ ਦਾ ਜੰਮਿਆ ਹੋਇਆ ਲਾਵਾ ਹੈ, ਜੋ ਕਾਲੀ ਭਾਅ ਮਾਰਦਾ ਹੈ, ਚਮਕੀਲੇ ਹਿੱਸੇ ਪਹਾੜ ਹਨ।

ਦੋਹੇਂ ਬੱਚੇ (ਹੈਰਾਨੀ ਨਾਲ): ਹੈਂ !!

ਅਸਰੀਤ : ਹਾਂ। ਚੰਨ ਪ੍ਰਿਥਵੀ ਨਾਲੋਂ ਹੀ ਟੁੱਟਕੇ ਬਣਿਆ ਹੈ, ਜੋ ਪ੍ਰਿਥਵੀ ਨਾਲੋਂ ਆਕਾਰ ਵਿੱਚ 4 ਗੁਣਾ ਛੋਟਾ ਅਤੇ ਵਜਨ ਵਿੱਚ 81 ਗੁਣਾ ਹਲਕਾ ਹੈ। ਇਹ ਪ੍ਰਿਥਵੀ ਦੁਆਲੇ 3, 84, 400 ਕਿਲੋਮੀਟਰ ਦੀ ਔਸਤਨ ਦੂਰੀ 'ਤੇ ਘੁੰਮ ਰਿਹਾ ਹੈ। ਇਸ ਉੱਪਰ ਵੀ ਉੱਚੇ-ਉੱਚੇ ਪਹਾੜ ਹਨ, ਡੂੰਘੀਆਂ-ਡੂੰਘੀਆਂ ਖੱਡਾਂ ਹਨ।

ਰਾਜੂ : ਦੀਦੀ, ਜੇ ਚੰਦ ਪ੍ਰਿਥਵੀ ਨਾਲੋਂ ਟੁੱਟਕੇ ਬਣਿਆ ਹੈ, ਤਾਂ ਇਹ ਰਾਤ ਨੂੰ ਚਮਕਦਾ ਕਿਵੇਂ ਹੈ? ਪ੍ਰਿਥਵੀ ਉੱਪਰ ਤਾਂ ਰਾਤ ਨੂੰ ਹਨ੍ਹੇਰਾ ਹੁੰਦਾ ਹੈ।

ਰੀਟਾ: ਹਾਂ, ਜੇਕਰ ਓਥੇ ਕੋਈ ਰਹਿੰਦਾ ਨਹੀਂ ਹੈ ਤਾਂ ਰਾਤ ਨੂੰ ਉੱਥੇ ਲਾਈਟਾਂ ਕੌਣ ਜਗਾਉਂਦਾ ਹੈ?

ਅਸਰੀਤ (ਹੱਸਦੇ ਹੋਏ): ਉੱਥੇ ਲਾਈਟਾਂ ਜਗਾਉਣ ਦੀ ਜਿੰਮੇਵਾਰੀ ਸਾਡੇ ਤਾਰੇ ਸੂਰਜ ਕੋਲ ਹੈ।

ਰਾਜੂ: ਦੀਦੀ, ਸੂਰਜ ਤਾਰਾ ਕਿਵੇਂ ਬਣ ਗਿਆ? ਤਾਰੇ ਤਾਂ ਰਾਤ ਨੂੰ ਦਿਸਦੇ ਹੁੰਦੇ ਹਨ?

ਅਸਰੀਤ (ਹੱਸਦੇ ਹੋਏ): ਸਾਡੇ ਸੌਰ ਮੰਡਲ ਦਾ ਮੁਖੀ ਸੂਰਜ, ਇੱਕ ਤਾਰਾ ਹੀ ਹੈ। ਦਿਨ ਵੇਲੇ ਵੀ ਰਾਤ ਵਾਂਗ ਆਸਮਾਨ ਵਿੱਚ ਅਨੇਕਾਂ ਤਾਰੇ ਹੁੰਦੇ ਹਨ, ਪਰੰਤੂ ਦਿਨ ਵੇਲੇ ਸੂਰਜ ਦੀ ਬਹੁਤ ਜ਼ਿਆਦਾ ਰੌਸ਼ਨੀ ਹੋਣ ਕਰਕੇ ਬਾਕੀ ਤਾਰੇ ਸਾਨੂੰ ਨਜ਼ਰ ਨਹੀਂ ਆਉਂਦੇ।

ਰਾਜੂ: ਦੀਦੀ, ਸੂਰਜ ਤਾਂ ਏਨਾ ਵੱਡਾ ਹੈ, ਤਾਰੇ ਤਾਂ ਛੋਟੇ-ਛੋਟੇ ਹੁੰਦੇ ਹਨ?

ਅਸਰੀਤ: ਨਹੀਂ, ਆਸਮਾਨ ਵਿੱਚ ਦਿਸਣ ਵਾਲੇ ਤਾਰੇ ਵੀ ਬਹੁਤ ਵੱਡੇ ਹੁੰਦੇ ਹਨ, ਕਈ ਤਾਂ ਸਾਡੇ ਸੂਰਜ ਨਾਲੋਂ ਵੀ ਸੈਂਕੜੇ ਗੁਣਾ ਵੱਡੇ ਹਨ। ਪਰ ਸੂਰਜ ਪ੍ਰਿਥਵੀ ਦੇ ਨੇੜੇ ਹੋਣ ਕਰਕੇ ਵੱਡਾ ਦਿਸਦਾ ਹੈ, ਬਾਕੀ ਤਾਰੇ ਬਹੁਤ ਦੂਰ ਹੋਣ ਕਰਕੇ ਛੋਟੇ- ਛੋਟੇ ਦਿਸਦੇ ਹਨ।

ਰੀਟਾ: ਦੀਦੀ, ਸਾਡਾ ਤਾਰਾ ਸੂਰਜ ਚੰਦ 'ਤੇ ਲਾਈਟਾਂ ਜਗਾਉਣ ਦੀ ਡਿਊਟੀ ਕਿਵੇਂ ਕਰਦਾ ਹੈ?

ਅਸਰੀਤ: ਹਰ ਤਾਰੇ ਦੀ ਆਪਣੀ ਰੌਸ਼ਨੀ ਹੁੰਦੀ ਹੈ, ਸੂਰਜ ਦੀ ਰੌਸ਼ਨੀ ਜਦੋਂ ਚੰਨ ਉੱਪਰ ਪੈਂਦੀ ਹੈ ਤਾਂ ਚੰਨ ਚਮਕਦਾ ਹੈ।

ਰਾਜੂ : ਕੀ ਚੰਦ ਕੋਲ ਆਪਣੀ ਰੌਸ਼ਨੀ ਨਹੀਂ ਹੈ?

ਅਸਰੀਤ: ਨਹੀਂ। ਚੰਨ ਸੂਰਜ ਦੀ ਰੌਸ਼ਨੀ ਨਾਲ ਚਮਕਦਾ ਹੈ। ਉਹੋ ਚਮਕ ਰੌਸ਼ਨੀ ਦੇ ਰੂਪ ਵਿੱਚ ਆਪਾਂ ਦੇਖਦੇ ਹਾਂ।

ਰੀਟਾ : ਮੈਂ ਤਾਂ ਸੋਚਿਆ ਸੀ, ਉੱਥੇ ਬੁੱਢੀ ਮਾਈ ਰਹਿੰਦੀ ਹੈ, ਮੈਂ ਵੱਡੀ ਹੋਕੇ ਬੁੱਢੀ ਮਾਈ ਨੂੰ ਮਿਲਕੇ ਆਵਾਂਗੀ ਨਾਲੇ ਚੰਦ ਦੀ ਸੈਰ ਕਰ ਆਵਾਂਗੀ।

ਰਾਜੂ: ਨਹੀਂ, ਏਨੀ ਦੂਰ ਕੋਈ ਨਹੀਂ ਜਾ ਸਕਦਾ।

ਅਸਰੀਤ: ਕਿਉਂ ਨਹੀਂ? ਤੁਸੀਂ ਵੱਡੇ ਹੋਕੇ ਜਾ ਸਕਦੇ ਹੋ।

ਰਾਜੂ: ਦੀਦੀ, ਅਸੀਂ ਕਿਵੇਂ ਜਾਵਾਂਗੇ? ਅਜੇ ਤੱਕ ਤਾਂ ਏਨੀ ਦੂਰ ਕੋਈ ਗਿਆ ਨਹੀਂ।

ਅਸਰੀਤ: ਬਿਲਕੁਲ ਗਏ ਹਨ, ਹੁਣ ਤੱਕ ਪ੍ਰਿਥਵੀ ਤੋਂ 12 ਮਨੁੱਖ ਚੰਨ 'ਤੇ ਜਾਕੇ, ਸੈਰ ਕਰਕੇ ਵਾਪਿਸ ਆ ਚੁੱਕੇ ਹਨ। ਪਹਿਲੀ ਵਾਰ 20 ਜੁਲਾਈ 1969 ਨੂੰ ਨੀਲ ਆਰਮਸਟ੍ਰੌਂਗ ਅਤੇ ਬਜ਼ ਐਲਡਰਿਨ ਗਏ ਸਨ।

ਰਾਜੂ : ਵਾਹ ! ਅੱਛਾ ਦੀਦੀ।

ਰੀਟਾ: ਦੀਦੀ, ਦਾਦਾ ਜੀ ਅਖ਼ਬਾਰ ਪੜ੍ਹਦਿਆਂ ਦਾਦੀ ਜੀ ਨੂੰ ਕੱਲ੍ਹ ਦੱਸ ਰਹੇ ਸਨ, ਸਾਡੇ ਦੇਸ਼ 'ਚੋਂ ਵੀ ਹੁਣ ਕੋਈ ਪ੍ਰਿਥਵੀ ਤੋਂ ਦੂਰ ਬਾਹਰ ਗਿਆ ਹੋਇਆ ਹੈ।

ਅਸਰੀਤ : ਹਾਂ, ਸਾਡੀ ਹਵਾਈ ਸੈਨਾ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਜੀ ਪੁਲਾੜ ਵਿੱਚ ਅੰਤਰਰਾਸ਼ਟਰੀ ਸਪੇਸ ਸਟੇਸ਼ਨ 'ਤੇ ਗਏ ਹੋਏ ਹਨ। ਉਹ ਪੁਲਾੜ ਵਿੱਚ ਜਾਣ ਵਾਲੇ ਦੂਜੇ ਭਾਰਤੀ ਨਾਗਰਿਕ ਹਨ।

ਰੀਟਾ: ਦੀਦੀ, ਇਹ ਪੁਲਾੜ ਕਿੱਥੇ ਹੈ?

ਅਸਰੀਤ : ਪ੍ਰਿਥਵੀ ਦੇ ਸਮੁੰਦਰੀ ਪੱਧਰ ਤੋਂ 100 ਕਿਲੋਮੀਟਰ ਦੀ ਉੱਚਾਈ ਤੋਂ ਉੱਪਰ ਪੁਲਾੜ ਸ਼ੁਰੂ ਹੋ ਜਾਂਦਾ ਹੈ।

ਰਾਜੂ : ਦੀਦੀ, ਤੁਸੀਂ ਦੱਸਿਆ ਸ਼ੁਭਾਂਸ਼ੂ ਸ਼ੁਕਲਾ ਦੂਜੇ ਭਾਰਤੀ ਨਾਗਰਿਕ ਹਨ , ਜੋ ਪੁਲਾੜ ਵਿੱਚ ਗਏ ਹਨ। ਪੁਲਾੜ ਵਿੱਚ ਜਾਣ ਵਾਲੇ ਪਹਿਲੇ ਭਾਰਤੀ ਨਾਗਰਿਕ ਕੌਣ ਸਨ?

ਅਸਰੀਤ : ਪੁਲਾੜ ਵਿੱਚ ਜਾਣ ਵਾਲੇ ਪਹਿਲੇ ਭਾਰਤੀ ਨਾਗਰਿਕ ਭਾਰਤੀ ਹਵਾਈ ਸੈਨਾ ਦੇ ਪਾਇਲਟ ਰਾਕੇਸ਼ ਸ਼ਰਮਾ ਜੀ ਸਨ, ਜਿਹਨਾਂ ਦਾ ਜਨਮ ਸਾਡੇ ਸ਼ਹਿਰ ਪਟਿਆਲਾ ਵਿਖੇ ਹੀ ਹੋਇਆ ਸੀ।

ਰੀਟਾ (ਖੁਸ਼ ਹੁੰਦੇ ਹੋਏ) : ਸਾਡੇ ਸ਼ਹਿਰ ਪਟਿਆਲਾ ਦੇ ਜਨਮੇ ਹਨ ਉਹ। ਮੈਂ ਵੀ ਪਟਿਆਲਾ ਦੀ ਜਨਮੀ ਹਾਂ, ਮੈਂ ਵੀ ਵੱਡੀ ਹੋਕੇ ਪੁਲਾੜ ਵਿੱਚ ਜਾਵਾਂਗੀ।

ਅਸਰੀਤ: ਹਾਂ, ਰੀਟੂ ਤੂੰ ਬਿਲਕੁੱਲ ਜਾਵੀਂ। ਬੱਸ ਹੁਣ ਦਿਲ ਲਗਾਕੇ ਪੜ੍ਹਿਆ ਕਰ। ਭਵਿੱਖ ਦੇ ਭਾਰਤ ਵਿੱਚ ਅਜਿਹੇ ਬਹੁਤ ਮੌਕੇ ਮਿਲਣਗੇ।

ਰਾਜੂ : ਦੀਦੀ, ਇਹ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਕੀ ਹੈ?

ਅਸਰੀਤ: ਅੰਤਰਰਾਸ਼ਟਰੀ ਸਪੇਸ ਸਟੇਸ਼ਨ, ਪੁਲਾੜ ਵਿੱਚ ਪ੍ਰਿਥਵੀ ਤੋਂ ਤਕਰੀਬਨ 400 ਕਿਲੋਮੀਟਰ ਦੀ ਉੱਚਾਈ 'ਤੇ ਪ੍ਰਿਥਵੀ ਦੁਆਲੇ ਲਗਭਗ 28000 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਘੁੰਮ ਰਿਹਾ ਫੁੱਟਬਾਲ ਗਰਾਊਂਡ ਜਿੰਨਾ ਵੱਡਾ ਖੋਜ ਕੇਂਦਰ ਹੈ, ਜੋ ਅਮਰੀਕਾ, ਰੂਸ, ਯੂਰਪ, ਜਾਪਾਨ ਅਤੇ ਕੈਨੇਡਾ ਦੀਆਂ ਸਪੇਸ ਏਜੰਸੀਆਂ ਵੱਲੋਂ ਮਿਲਕੇ ਸਥਾਪਿਤ ਕੀਤਾ ਗਿਆ ਹੈ।

ਰੀਟਾ: ਏਨਾ ਵੱਡਾ, ਫਿਰ ਤਾਂ ਇੱਥੇ ਲੋਕ ਜਾਂਦੇ ਰਹਿੰਦੇ ਹੋਣਗੇ ?

ਅਸਰੀਤ : ਹਾਂ, ਇੱਥੇ ਪੁਲਾੜ ਯਾਤਰੀ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ। 2 ਨਵੰਬਰ 2000 ਤੋਂ ਲਗਾਤਾਰ ਪੁਲਾੜ ਯਾਤਰੀ ਇੱਥੇ ਰਹਿਕੇ ਖੋਜਾਂ ਕਰ ਰਹੇ ਹਨ।

ਰੀਟਾ: ਹੁਣ ਤੱਕ ਕਿੰਨੇ ਕੁ ਪੁਲਾੜ ਯਾਤਰੀ ਇੱਥੇ ਜਾ ਚੁੱਕੇ ਹਨ?

ਅਸਰੀਤ : ਹੁਣ ਤੱਕ ਇੱਥੇ ਵੱਖ-ਵੱਖ ਦੇਸ਼ਾਂ ਦੇ 288 ਪੁਲਾੜ ਯਾਤਰੀ ਜਾ ਚੁੱਕੇ ਹਨ।

ਰੀਟਾ : ਇਸ ਸਮੇਂ ਕਿੰਨੇ ਕੁ ਪੁਲਾੜ ਯਾਤਰੀ ਉੱਥੇ ਹਨ?

ਅਸਰੀਤ : ਇਸ ਸਮੇਂ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਉੱਪਰ 11 ਪੁਲਾੜ ਯਾਤਰੀ ਮੌਜੂਦ ਹਨ, ਜਿੰਨ੍ਹਾਂ ਵਿੱਚੋਂ ਇੱਕ ਸਾਡੇ ਸ਼ੁਭਾਂਸ਼ੂ ਸ਼ੁਕਲਾ ਜੀ ਵੀ ਹਨ।

ਰਾਜੂ : ਦੀਦੀ, ਇਹ ਸਾਰੇ ਉੱਥੇ ਕੀ ਕਰ ਰਹੇ ਹਨ?

ਅਸਰੀਤ : ਇਹ ਸਾਰੇ ਉੱਥੇ ਭੌਤਿਕ ਵਿਗਿਆਨ, ਸਿਹਤ ਵਿਗਿਆਨ, ਖੇਤੀਬਾੜੀ, ਪਦਾਰਥ ਵਿਗਿਆਨ, ਜੀਵ ਵਿਗਿਆਨ ਆਦਿ ਨਾਲ ਸੰਬੰਧਿਤ ਖੋਜਾਂ ਵਿੱਚ ਰੁੱਝੇ ਹੋਏ ਹਨ। ਇਹਨਾਂ ਖੋਜਾਂ ਦਾ ਭਵਿੱਖ ਵਿੱਚ ਸਾਨੂੰ ਬਹੁਤ ਲਾਭ ਹੋਵੇਗਾ।

ਰਾਜੂ : ਦੀਦੀ, ਕੀ ਇਹ ਖੋਜਾਂ ਪ੍ਰਿਥਵੀ ਉੱਪਰ ਨਹੀਂ ਕੀਤੀਆਂ ਜਾ ਸਕਦੀਆਂ?

ਅਸਰੀਤ: ਵਿਗਿਆਨੀ ਪ੍ਰਿਥਵੀ ਉੱਪਰ ਲਗਾਤਾਰ ਵੱਖ-ਵੱਖ ਖੋਜਾਂ ਕਰਕੇ ਕਾਢਾਂ ਕੱਢਦੇ ਰਹਿੰਦੇ ਹਨ, ਜਿਸ ਦਾ ਆਨੰਦ ਆਪਾਂ ਸਾਰੇ ਵੱਖ-ਵੱਖ ਯੰਤਰਾਂ ਅਤੇ ਤਕਨੀਕਾਂ ਦੇ ਰੂਪ ਵਿੱਚ ਲੈਂਦੇ ਹਾਂ। ਪਰੰਤੂ ਕਿਉਂਕਿ ਸਪੇਸ ਸਟੇਸ਼ਨ ਅੰਦਰ ਭਾਰਹੀਣਤਾ ਵਾਲੀ ਸਥਿਤੀ ਵਿੱਚ ਸਾਰੀਆਂ ਵਸਤਾਂ ਤੈਰਦੀਆਂ ਹਨ, ਇਸ ਸਥਿਤੀ ਨੂੰ ਵਿਗਿਆਨੀ ਮਾਈਕਰੋ ਗਰੈਵਿਟੀ ਕਹਿੰਦੇ ਹਨ, ਮਾਈਕਰੋ ਗਰੈਵਿਟੀ ਵਿੱਚ ਕੀਤੀਆਂ ਖੋਜਾਂ ਦੇ ਸਿੱਟੇ ਪ੍ਰਿਥਵੀ 'ਤੇ ਕੀਤੇ ਤਜ਼ਰਬਿਆਂ ਤੋਂ ਵੱਖ ਹੁੰਦੇ ਹਨ।

ਰੀਟਾ: ਜੇਕਰ ਸਭ ਕੁਝ ਉੱਥੇ ਤੈਰ ਰਿਹਾ ਹੈ, ਫਿਰ ਤਾਂ ਪੁਲਾੜ ਯਾਤਰੀ ਵੀ ਸਪੇਸ ਸਟੇਸ਼ਨ ਅੰਦਰ ਉੱਡਦੇ ਹੋਣਗੇ?

ਅਸਰੀਤ : ਹਾਂ, ਬਿਲਕੁਲ ਸਹੀ। ਪੁਲਾੜ ਯਾਤਰੀ ਵੀ ਸਪੇਸ ਸਟੇਸ਼ਨ ਅੰਦਰ ਤੈਰਦੇ ਜਾਂ ਕਹਿ ਲਵੋ ਉੱਡਦੇ ਹਨ।

ਰੀਟਾ: ਵਾਹ !! ਕਿੰਨਾ ਵਧੀਆ। ਸਪੇਸ ਸਟੇਸ਼ਨ ਤਾਂ ਪਰੀ ਦੇਸ਼ ਹੋ ਗਿਆ। ਜਿੱਥੇ ਸਭ ਕੁਝ ਉੱਡ ਰਿਹਾ ਹੈ। ਦੀਦੀ, ਅਸੀਂ ਆਪਣਾ ਸਪੇਸ ਸਟੇਸ਼ਨ ਕਦੋਂ ਬਣਾਵਾਂਗੇ?

ਅਸਰੀਤ: ਜਦੋਂ ਤੱਕ ਰੀਟੂ ਵੱਡੀ ਹੋਵੇਗੀ, ਉਦੋਂ ਤੱਕ ਭਾਰਤ ਆਪਣਾ ਸਪੇਸ ਸਟੇਸ਼ਨ ਬਣਾ ਲਵੇਗਾ।

ਰੀਟਾ (ਖੁਸ਼ੀ ਅਤੇ ਹੈਰਾਨੀ ਨਾਲ): ਸੱਚੀਂ ਦੀਦੀ।

ਅਸਰੀਤ: ਹਾਂ, ਬਿਲਕੁਲ ਸੱਚ। ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਸਾਲ 2035 ਤੱਕ ਆਪਣਾ ਸਪੇਸ ਸਟੇਸ਼ਨ ਬਣਾਉਣ ਬਾਰੇ ਸੋਚ ਰਹੀ ਹੈ।

ਰਾਜੂ: ਦੀਦੀ, ਕੀ ਸਾਡੇ ਸ਼ੁਭਾਂਸ਼ੂ ਸ਼ੁਕਲਾ ਜੀ ਅੰਤਰਰਾਸ਼ਟਰੀ ਸਪੇਸ ਸਟੇਸ਼ਨ 'ਤੇ, ਆਪਣੇ ਨਵੇਂ ਬਣਨ ਵਾਲੇ ਸਪੇਸ ਸਟੇਸ਼ਨ 'ਤੇ ਰਹਿਣ ਵਾਸਤੇ ਸਿਖਲਾਈ ਲੈਣ ਗਏ ਹਨ ?

ਅਸਰੀਤ: ਹਾਂ, ਸ਼ੁਭਾਂਸ਼ੂ ਸ਼ੁਕਲਾ ਜੀ ਪੁਲਾੜ ਯਾਤਰਾ ਕਰਕੇ ਅਨੁਭਵੀ ਸਿਖਲਾਈ ਵੀ ਲੈਣਗੇ ਅਤੇ ਨਾਲ ਹੀ ਦੋ ਹਫ਼ਤੇ ਤੱਕ ਅੰਤਰਰਾਸ਼ਟਰੀ ਸਪੇਸ ਸਟੇਸ਼ਨ 'ਤੇ ਰਹਿੰਦਿਆਂ ਭਾਰਤ ਵੱਲੋਂ ਉਲੀਕੇ ਕੁਝ ਤਜਰਬੇ ਵੀ ਕਰਨਗੇ। ਸਾਡੇ ਇਸਰੋ ਨੇ ਸਾਲ 2027 ਦੌਰਾਨ ਗਗਨਯਾਨ ਮਿਸਨ ਪੁਲਾੜ ਵਿੱਚ ਭੇਜਣਾ ਹੈ। ਉਸ ਮਿਸਨ ਵਾਸਤੇ ਸ਼ੁਭਾਂਸ਼ੂ ਸ਼ੁਕਲਾ ਜੀ ਦੀ ਇਹ ਸਿਖਲਾਈ ਬਹੁਤ ਫਾਇਦੇਮੰਦ ਰਹੇਗੀ।

ਰੀਟਾ: ਦੀਦੀ, ਇਹ ਗਗਨਯਾਨ ਮਿਸ਼ਨ ਕੀ ਹੈ?

ਅਸਰੀਤ: ਗਗਨਯਾਨ ਮਿਸ਼ਨ ਭਾਰਤ ਦਾ ਪਹਿਲਾ ਮਨੁੱਖੀ ਮਿਸ਼ਨ ਹੈ। ਇਸ ਮਿਸ਼ਨ ਰਾਹੀਂ ਪਹਿਲੀ ਵਾਰ ਭਾਰਤ ਦੀ ਧਰਤੀ ਤੋਂ ਪੁਲਾੜ ਵਿੱਚ ਭਾਰਤ ਦੁਆਰਾ ਤਿਆਰ ਕੀਤੇ ਸਪੇਸਕਰਾਫਟ, ਜਿਸਦਾ ਨਾਮ ਗਗਨਯਾਨ ਹੈ , ਉਸ ਵਿੱਚ ਤਿੰਨ ਭਾਰਤੀ ਪੁਲਾੜ ਯਾਤਰੀਆਂ ਨੂੰ ਬਿਠਾਕੇ ਤਿੰਨ ਦਿਨ ਵਾਸਤੇ ਪੁਲਾੜ ਵਿੱਚ ਭੇਜਿਆ ਜਾਵੇਗਾ, ਜੋ ਤਿੰਨ ਦਿਨ ਤੱਕ ਪੁਲਾੜ ਵਿੱਚ ਲਗਭਗ 400 ਕਿਲੋਮੀਟਰ ਦੀ ਉੱਚਾਈ 'ਤੇ ਪ੍ਰਿਥਵੀ ਦੁਆਲੇ ਘੁੰਮਦਿਆਂ ਸੈਰ ਕਰਣਗੇ ਅਤੇ ਵਾਪਸੀ 'ਤੇ ਭਾਰਤੀ ਸਮੁੰਦਰੀ ਪਾਣੀਆਂ ਵਿੱਚ ਸੁਰੱਖਿਅਤ ਆ ਉੱਤਰਨਗੇ।

ਰਾਜੂ : ਅੱਛਾ !! ਹੁਣ ਸ਼ੁਭਾਂਸ਼ੂ ਸ਼ੁਕਲਾ ਕਿਸ ਸਪੇਸਕਰਾਫਟ ਵਿੱਚ ਬੈਠਕੇ ਗਏ ਹਨ ?

ਅਸਰੀਤ : ਉਹ ਐਕਸੀਓਮ ਮਿਸ਼ਨ-4 ਰਾਹੀਂ ਅਮਰੀਕਾ ਦੀ ਸਪੇਸਐਕਸ ਕੰਪਨੀ ਦੇ ਡਰੈਗਨ ਸਪੇਸ ਕਰਾਫਟ 'ਤੇ ਸਵਾਰ ਹੋਕੇ, ਪਾਇਲਟ ਵਜੋਂ ਡਰੈਗਨ ਸਪੇਸ ਕਰਾਫਟ ਨੂੰ ਉਡਾਕੇ ਲੈਕੇ ਗਏ ਹਨ।

ਰੀਟਾ: ਦੀਦੀ, ਕੀ ਉਹ ਡਰੈਗਨ ਵਿੱਚ ਇਕੱਲੇ ਬੈਠਕੇ ਗਏ ਹਨ?

ਅਸਰੀਤ: ਨਹੀਂ, ਉਹਨਾਂ ਨਾਲ ਤਿੰਨ ਹੋਰ ਪੁਲਾੜ ਯਾਤਰੀ ਵੀ ਗਏ ਹਨ ।

ਰੀਟਾ: ਦੀਦੀ, ਉਹ ਤਿੰਨ ਯਾਤਰੀ ਕੌਣ ਹਨ?

ਅਸਰੀਤ: ਅਮਰੀਕਾ ਦੀ ਸਭ ਤੋਂ ਵੱਧ ਤਜਰਬੇਕਾਰ ਪੁਲਾੜ ਯਾਤਰੀ ਪੈਗੀ ਵਿਟਸਨ, ਜੋਕਿ ਇਸ ਉਡਾਣ ਤੋਂ ਪਹਿਲਾਂ ਅਮਰੀਕੀ ਪੁਲਾੜ ਯਾਤਰੀਆਂ ਅਤੇ ਵਿਸ਼ਵ ਭਰ ਦੀਆਂ ਔਰਤਾਂ ਵਿੱਚੋਂ ਸਭ ਤੋਂ ਵੱਧ 675 ਦਿਨ ਦਾ ਸਮਾਂ ਪੁਲਾੜ ਵਿੱਚ ਗੁਜਾਰਨ ਦਾ ਰਿਕਾਰਡ ਬਣਾ ਚੁੱਕੀ ਹੈ, ਪੋਲੈਂਡ ਦਾ ਵਿਗਿਆਨੀ ਸਲਾਵੋਜ਼ ਉਜ਼ਨਾਂਸਕੀ-ਵਿਸਨੀਵਸਕੀ ਅਤੇ ਹੰਗਰੀ ਦਾ ਮਕੈਨੀਕਲ ਇੰਜੀਨੀਅਰ ਟਿਬੋਰ ਕਾਪੂ ਡਰੈਗਨ ਸਪੇਸ ਕਰਾਫਟ 'ਤੇ ਸਵਾਰ ਹੋਕੇ ਸ਼ੁਭਾਂਸ਼ੂ ਸ਼ੁਕਲਾ ਜੀ ਨਾਲ ਅੰਤਰ ਰਾਸ਼ਟਰੀ ਸਪੇਸ ਸਟੇਸ਼ਨ 'ਤੇ ਗਏ ਹਨ।

ਰਾਜੂ: ਇਹਨਾਂ ਦਾ ਸਪੇਸ ਕਰਾਫਟ ਕਿੱਥੋਂ ਉੱਡਿਆ ਸੀ?

ਅਸਰੀਤ: ਇਹਨਾਂ ਦਾ ਡਰੈਗਨ ਸਪੇਸ ਕਰਾਫਟ ਅਮਰੀਕਾ ਦੀ ਸਪੇਸ ਏਜੰਸੀ ਨਾਸਾ ਦੇ ਫਲੋਰੀਡਾ ਵਿੱਚਲੇ ਕੈਨੇਡੀ ਸਪੇਸ ਸੈਂਟਰ ਤੋਂ 25 ਜੂਨ 2025 ਨੂੰ ਸਪੇਸਐਕਸ ਫਾਲਕਨ-9 ਰਾਕੇਟ ਦੀ ਮੱਦਦ ਨਾਲ ਲਾਂਚ ਕੀਤਾ ਗਿਆ ਸੀ। ਇਸੇ ਜਗ੍ਹਾ ਤੋਂ ਹੀ 16 ਜੁਲਾਈ 1969 ਨੂੰ ਨੀਲ ਆਰਮਸਟ੍ਰੌਂਗ ਨੇ ਚੰਨ ਦੀ ਸੈਰ ਵਾਸਤੇ ਉਡਾਣ ਭਰੀ ਸੀ।

ਰੀਟਾ: ਦੀਦੀ, ਭਾਰਤੀ ਪੁਲਾੜ ਯਾਤਰੀ ਚੰਦ 'ਤੇ ਕਦੋਂ ਜਾਣਗੇ?

ਅਸਰੀਤ : ਜਦੋਂ ਸਾਡੀ ਰੀਟੂ ਖ਼ਾਸਾ ਦੁੱਧ-ਮੱਖਣ-ਮਲਾਈ ਖਾ ਪੀਕੇ ਪੂਰੀ ਵੱਡੀ ਹੋ ਜਾਵੇਗੀ, ਤਦ ਇਸਰੋ ਭਾਰਤੀ ਪੁਲਾੜ ਯਾਤਰੀ ਚੰਨ 'ਤੇ ਭੇਜ ਦੇਵੇਗਾ।

ਰੀਟਾ: ਨਹੀਂ ਦੀਦੀ, ਦੱਸੋ ਪੱਕਾ ਦੱਸੋ।

ਅਸਰੀਤ: ਹਾਂ, ਪੱਕਾ ਦੱਸ ਰਹੀ ਹਾਂ, ਸਾਲ 2040 ਤੱਕ ਇਸਰੋ ਪੁਲਾੜ ਯਾਤਰੀ ਚੰਨ 'ਤੇ ਭੇਜ ਦੇਵੇਗਾ।

ਰੀਟਾ: ਵਾਓ !! ਫਿਰ ਤਾਂ ਮੈਂ ਵੀ ਜਾਵਾਂਗੀ ਚੰਦਾ ਮਾਮਾ ਕੋਲ ਯਾਤਰਾ 'ਤੇ!

ਅਸਰੀਤ: ਹਾਂ, ਬਿਲਕੁਲ ਰੀਟੂ ਵੀ ਜਾਵੇਗੀ। ਬੱਸ ਪਹਿਲਾਂ ਤੂੰ ਮਿਹਨਤ ਨਾਲ ਪੜ੍ਹਾਈ ਕਰਕੇ ਇੰਜੀਨੀਅਰ, ਵਿਗਿਆਨੀ ਜਾਂ ਪਾਇਲਟ ਬਣ ਜਾਵੀਂ। ਫਿਰ ਤੇਰਾ ਸੁਪਨਾ ਜ਼ਰੂਰ ਪੂਰਾ ਹੋਵੇਗਾ।

ਰੀਟਾ : ਦੀਦੀ, ਮੈਂ ਪੂਰੀ ਮਿਹਨਤ ਨਾਲ ਪੜ੍ਹਾਈ ਕਰਕੇ ਵਿਗਿਆਨੀ ਬਣਾਂਗੀ।

ਰਾਜੂ : ਦੀਦੀ, ਮੈਂ ਵੀ ਪਾਇਲਟ ਬਣਾਂਗਾ ਅਤੇ ਸਪੇਸਕਰਾਫਟ ਉਡਾਕੇ ਪੁਲਾੜ ਦੀ ਸੈਰ 'ਤੇ ਜਾਵਾਂਗਾ, ਦੂਰ ਬਹੁਤ ਦੂਰ ਤਾਰਿਆਂ ਕੋਲ, ਜਿੱਥੋਂ ਢੇਰ ਸਾਰਾ ਚਾਨਣ ਭਰਕੇ ਪ੍ਰਿਥਵੀ 'ਤੇ ਲਿਆਵਾਂਗਾ, ਤਾਂਕਿ ਪ੍ਰਿਥਵੀ 'ਤੇ ਕਦੇ ਵੀ ਹਨ੍ਹੇਰਾ ਨਾ ਹੋਵੇ।

ਅਸਰੀਤ: ਬਹੁਤ ਅੱਛਾ ਬੱਚਿਓ। ਜਿਵੇਂ ਦਾਦਾ ਜੀ ਕਹਿੰਦੇ ਹੁੰਦੇ ਹਨ, ਮੈਨੂੰ ਵੀ ਪੂਰਾ ਯਕੀਨ ਹੈ, ਤੁਸੀਂ ਵੱਡੇ ਹੋਕੇ ਪੂਰੀ ਮਿਹਨਤ ਨਾਲ ਪੜ੍ਹਾਈ ਕਰਕੇ ਹਾਸਿਲ ਕੀਤੇ ਗਿਆਨ-ਵਿਗਿਆਨ ਦੇ ਚਾਨਣ ਨਾਲ ਸਮਾਜ ਵਿੱਚ ਚੁਫ਼ੇਰੇ ਪਸਰਿਆ ਹਨ੍ਹੇਰਾ ਦੂਰ ਕਰਨ ਵਾਸਤੇ ਉਪਰਾਲੇ ਕਰੋਗੇ। ਚਲੋ ਸਿਆਣੇ ਬੱਚਿਓ, ਰਾਤ ਕਾਫ਼ੀ ਹੋ ਗਈ ਹੈ। ਹੁਣ ਜਾਕੇ ਸੌਣ ਦੀ ਤਿਆਰੀ ਕਰੋ। ਕੱਲ੍ਹ ਸਵੇਰੇ ਤੁਸੀਂ ਸਕੂਲ ਵੀ ਜਾਣਾ ਹੈ, ਮੈਂ ਵੀ ਆਪਣੇ ਕਮਰੇ ਵਿੱਚ ਜਾ ਕੇ ਪੜ੍ਹਦੀ ਹਾਂ।

ਰਾਜੂ: ਹਾਂ ਸੱਚ, ਛੁੱਟੀਆਂ ਤੋਂ ਬਾਅਦ ਕੱਲ੍ਹ ਸਕੂਲ ਵੀ ਜਾਣਾ ਹੈ।

ਦੋਵੇਂ ਬੱਚੇ (ਇਕੱਠੇ ਬੋਲਦੇ ਹਨ): ਚਲੋ ਦੀਦੀ ਚੱਲੀਏ।

(ਸਾਰੇ ਇਕੱਠੇ ਘਰ ਅੰਦਰ ਚਲੇ ਜਾਂਦੇ ਹਨ)

ਪਰਦਾ ਡਿੱਗਦਾ ਹੈ ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭੌਤਿਕ ਵਿਗਿਆਨ ਵਿਭਾਗ ਵਿਖੇ ਪਿਛਲੇ ਡੇਢ ਦਹਾਕੇ ਤੋਂ ਅਧਿਆਪਨ ਅਤੇ ਖੋਜ ਕਾਰਜਾਂ ਵਿੱਚ ਰੁੱਝਿਆ ਡਾ. ਕਰਮਜੀਤ ਸਿੰਘ ਧਾਲੀਵਾਲ, ਹੁਣ ਤੱਕ ਵਿਗਿਆਨ ਦੇ ਖੇਤਰ ਦੀਆਂ ਤਿੰਨ ਪੁਸਤਕਾਂ ਅਤੇ ਸੌ ਦੇ ਕਰੀਬ ਖੋਜ ਪੱਤਰ ਛਾਪਣ ਦੇ ਨਾਲ-ਨਾਲ ਅਨੇਕਾਂ ਵਿਗਿਆਨਕ ਲੇਖ ਪੰਜਾਬੀ ਰਸਾਲਿਆਂ ਅਤੇ ਅਖ਼ਬਾਰਾਂ ਵਾਸਤੇ ਲਿਖ ਚੁੱਕਿਆ ਹੈ। ਵਿਗਿਆਨਕ ਚੇਤਨਾ ਦੇ ਪ੍ਰਚਾਰ ਅਤੇ ਪ੍ਰਸ਼ਾਰ ਨੂੰ ਪਰਨਾਇਆ ਡਾ. ਧਾਲੀਵਾਲ ਦੋ ਦਰਜਨ ਦੇ ਕਰੀਬ ਟੀ. ਵੀ. ਅਤੇ ਰੇਡੀਓ ਗੱਲਾਬਾਤਾਂ ਸਮੇਤ ਵੱਖ-ਵੱਖ ਅਦਾਰਿਆਂ ਵਿੱਚ ਅਨੇਕਾਂ ਭਾਸ਼ਣ ਦੇ ਚੁੱਕਿਆ ਹੈ, ਤਾਂਕਿ ਇੱਕੀਵੀਂ ਸਦੀ ਵਿੱਚ ਵਿਗਿਆਨ ਦੇ ਚਾਨਣ ਦੀ ਤਰਕਸ਼ੀਲ ਲੋਅ ਚਾਰ-ਚੁਫ਼ੇਰੇ ਫੈਲਾਉਣ ਵਿੱਚ ਉਹ ਆਪਣਾ ਸਾਰਥਿਕ ਰੋਲ ਅਦਾ ਕਰ ਸਕੇ।

ਕੁਝ ਹਲਕਾ-ਫੁਲਕਾ - ਵਿਗਿਆਨਕ ਚੁਟਕਲੇ

1010
1010

ਇੱਥੇ 10 ਤਰ੍ਹਾਂ ਦੇ ਬੰਦੇ ਹੁੰਦੇ ਹਨ, ਜੋ ਬਾਈਨਰੀ (Binary) ਨੰਬਰ ਸਮਝਦੇ ਹਨ ਤੇ ਜੋ ਨਹੀਂ!

ਇੱਕ ਸਬਐਟੋਮਿਕ ਬੱਤਖ ਕਿੱਦਾਂ ਬੋਲਦੀ ਹੈ? ਕੁਆਰਕ, ਕੁਆਰਕ।



'ਮੇਰੇ ਕੋਲ ਜੜ੍ਹਤਾ (Inertia) ਬਾਰੇ ਇੱਕ ਨਵਾਂ ਸਿਧਾਂਤ ਹੈ। ਪਰ ਉਹ ਗਤੀ (Momentum) ਨਹੀਂ ਫੜ ਰਿਹਾ।'



ਸ਼ਾਮੀਂ ਜਦ ਦਾ ਕਾਲੂ ਬਲੂੰਗੜਾ ਘਰ ਵੜਿਆ,ਸਾਰੀ ਰਾਤ ਦਰਦ ਨਾਲ ਕਰਾਹੁੰਦਾ ਰਿਹਾ। ਡੱਬੋ ਤੇ ਹਰਖੋ ਬਿੱਲੀਆਂ ਉਸ ਦੇ ਸਿਰ੍ਹਾਣੇ ਬੈਠੀਆਂ ਚਿੰਤਾ ਵਿੱਚ ਡੁੱਬੀਆਂ ਰਹੀਆ।

ਡੱਬੋ ਬੋਲੀ, "ਪਤਾ ਨਹੀਂ ਇਸ ਨੇ ਅਜਿਹਾ ਕੀ ਖਾ ਲਿਆ ਕਿ ਦਰਦ ਨਾਲ ਲੋਟ ਪੋਟਣੀਆਂ ਖਾਈ ਜਾਂਦਾ।"

"ਭੈਣੇ ਅੱਜਕਲ੍ਹ ਲੋਕ ਕੂੜੇ ਵਿੱਚ ਜਿਹੜਾ ਗੰਦ ਮੰਦ ਸੁੱਟਦੇ ਹਨ, ਸਾਡੇ ਜੁਆਕ ਉਸ ਕੂੜੇ ਨੂੰ ਮੂੰਹ ਮਾਰਨ ਲੱਗ ਪੈਂਦੇ ਹਨ।"

"ਕਾਲੂ ਨੇ ਸਵੇਰੇ ਪਲਾਸਟਿਕ ਦਾ ਪੂਰਾ ਲਿਫ਼ਾਫ਼ਾ ਚੱਬ ਕੇ ਅੰਦਰ ਲੰਘਾ ਗਿਆ ਸੀ। ਪਰਸੋਂ ਕੀੜੇ ਮਾਰ ਦਵਾਈ ਦਾ ਖਾਲੀ ਡੱਬਾ ਦੰਦਾ ਨਾਲ ਕੁਤਰਨ ਲੱਗਾ ਹੋਇਆ ਸੀ।" ਚੰਦ ਚਾਚੇ ਨੇ ਦੱਸਿਆ।

"ਹਾਏ ਨੀਂ! ਇਹ ਤਾਂ ਮੂੰਹ ਵੀ ਨਹੀਂ ਖੋਲ੍ਹਦਾ, ਡੱਬੋ ਕੋਈ ਚਮਚਾ ਨਹੀਂ ਐਥੇ, ਦੇਖ ਤਾਂ ਇਸਦੇ ਤਾਂ ਦੰਦ ਵੀ ਜੁੜੇ ਪਏ ਨੇ।" ਹਰਖ਼ੋ ਬੋਲੀ।

ਡੱਬੋ ਰੋਣ ਲੱਗੀ, "ਇਹਦੇ ਨਾਲੋਂ ਤਾਂ ਤੂੰ ਬਾਕੀਆਂ ਵਾਂਗੂ ਪਹਿਲਾਂ ਹੀ ਮਰ ਮੁੱਕ ਜਾਂਦਾ। ਆਹ ਦਿਨ ਦਿਖਾਉਣਾ ਸੀ ਤੂੰ ਮੈਨੂੰ?"

"ਸ਼ੁਭ ਸ਼ੁਭ ਬੋਲ, ਕਾਲੂ ਨੂੰ ਕੁਝ ਨਹੀਂ ਹੁੰਦਾ।" ਹਰਖ਼ੋ ਨੇ ਡੱਬੋ ਨੂੰ ਵਰਜਿਆ। ਹਰਖ਼ੋ ਨੇ ਪੌਂਚੇ ਨਾਲ ਉਸ ਦੇ ਦੰਦ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਬਲੂੰਗੜਾ ਚਿੰਗਮ ਚੱਬ ਗਿਆ ਸੀ। ਚਿੰਗਮ ਉਸ ਦੇ ਦੰਦਾਂ ਨੂੰ ਚਿਪਕ ਗਈ ਸੀ। ਅੱਜ ਸਾਰਾ ਦਿਨ ਉਸ ਨੇ ਦੁੱਧ ਵੀ ਨਹੀਂ ਸੀ ਪੀਤਾ।

ਡੱਬੋ ਚੰਦ ਚਾਚੇ ਕੋਲ ਗਈ, ਇਸ਼ਾਰੇ ਨਾਲ ਉਸ ਨੂੰ ਆਪਣੇ ਨਾਲ ਲੈ ਆਈ। ਚੰਦ ਚਾਚੇ ਨੇ ਜਦ ਕਾਲੂ ਦੀ ਮਾੜੀ ਹਾਲਤ ਦੇਖੀ ਤਾਂ ਉਹ ਝੱਟ ਸਮਝ ਗਿਆ, "ਇਹ ਸਭ ਪਲਾਸਟਿਕ ਚੱਬਣ ਕਰਕੇ ਹੋਇਆ ਹੈ। "

"ਚਾਚਾ ਇਸ ਦਾ ਤਾਂ ਮੂੰਹ ਵੀ ਨਹੀਂ ਖੁੱਲ੍ਹਦਾ।" ਡੱਬੋ ਨੇ ਇਸ਼ਾਰੇ ਨਾਲ ਤਰਲਾ ਕੀਤਾ। ਚੰਦ ਚਾਚੇ ਨੇ ਕੋਸ਼ਿਸ਼ ਕਰਕੇ ਉਸ ਦੇ ਮੂੰਹ ਖੋਲ੍ਹਿਆ। ਦੁੱਧ ਪਿਆਇਆ, ਉਸ ਨੇ ਝੱਟ ਉਲਟੀ ਕਰ ਦਿੱਤੀ। ਚੰਦ ਚਾਚੇ ਨੇ ਡਾਕਟਰ ਨੂੰ ਫ਼ੋਨ ਮਿਲਾਇਆ। ਡਾਕਟਰ ਨੇ ਕਿਹਾ, "ਇਸ ਨੂੰ ਤਰਲ ਪਦਾਰਥ ਪਿਲਾਈ ਜਾਓ। ਉਲਟੀ ਕਰੀ ਜਾਊ, ਪਲਾਸਟਿਕ ਬਾਹਰ ਨਿਕਲ ਜਾਵੇਗਾ। ਜੇ ਅੰਦਰ ਰਹਿ ਗਿਆ ਤਾਂ ਪਲਾਸਟਿਕ ਇਸ ਦੀ ਮੌਤ ਦਾ ਕਾਰਨ ਵੀ ਬਣ ਸਕਦਾ।" ਚੰਦ ਚਾਚੇ ਨੇ ਦੁੱਧ ਦਾ ਡੋਲੂ ਕੋਲ ਰੱਖ ਲਿਆ। ਉਹ ਕਾਲੂ ਨੂੰ ਦੁੱਧ ਪਿਲਾਈ ਗਿਆ। ਦੁੱਧ ਪੀਕੇ ਬਲੂੰਗੜਾ ਝੱਟ ਉਲਟੀ ਕਰ ਦੇਂਦਾ। ਹੌਲੀ ਹੌਲੀ ਚੱਬਿਆ ਪਲਾਸਟਿਕ ਬਾਹਰ ਨਿਕਲ ਗਿਆ। ਪੇਟ ਸਾਫ਼ ਹੋਣ ਨਾਲ ਕਾਲੂ ਨੌਂ ਬਰ ਨੌਂ ਹੋ ਗਿਆ। ਡੱਬੋ ਅਤੇ ਹਰਖੋ ਦੇ ਸਾਹ ਵਿਚ ਸਾਹ ਆਏ। ਚੰਦ ਚਾਚੇ ਨੇ ਚਿਹਰੇ ਦਾ ਪਸੀਨਾ ਪਰਨੇ ਨਾਲ ਪੂੰਝਿਆ। ਬੋਲਿਆ, "ਧਰਤੀ ਤੇ ਮਨੁੱਖਾਂ ਨੇ ਜਨੌਰਾਂ ਤੋਂ ਵੀ ਵੱਧ ਗੰਦ ਪਾਇਆ ਹੋਇਆ ਹੈ। ਜਾਨਵਰ ਇਨਸਾਨਾਂ ਦਾ ਬਚਿਆ ਖੁਚਿਆ ਰੋਟੀ ਟੁੱਕ ਚਿਰ ਤੋਂ ਖਾਂਦੇ ਆਏ ਹਨ। ਪਰ ਆਉਣ ਵਾਲਾ ਸਮਾਂ ਖ਼ਤਰੇ ਦੀ ਘੰਟੀ ਵਜਾ ਰਿਹਾ ਹੈ, ਜਨੌਰੋ! ਹੁਣ ਮਨੁੱਖ ਦਾ ਬਚਿਆ ਖੁਚਿਆ ਖਾਣਾ ਛੱਡ ਦਿਉ। ਜੇ ਤੁਸੀ ਮੇਰੀ ਗੱਲ ਤੇ ਅਮਲ ਨਾਂ ਕੀਤਾ ਤਾਂ ਤੁਹਾਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਕੋਈ ਨਹੀਂ ਰੋਕ ਸਕਦਾ।"

ਚੰਦ ਚਾਚੇ ਦੇ ਜੇਬ ਵਿੱਚ ਰੱਖੇ ਜੇਬੀ ਰੇਡੀਓ ਤੇ ਖ਼ਬਰ ਆ ਰਹੀ ਸੀ- ਇਕ ਵੇਲ੍ਹ ਮੱਛੀ ਦੇ ਪੇਟ ਵਿੱਚੋਂ ਦੱਸ ਕਿੱਲੋ ਪਲਾਸਟਿਕ ਦੀਆਂ ਬੋਤਲਾਂ ਅਤੇ ਹੋਰ ਨਿੱਕ ਸੁੱਕ ਨਿਕਲਿਆ ਹੈ। ਸਮੁੰਦਰ ਦੇ ਤੱਟ ਤੇ ਵਿਚਾਰੀ ਤੜਪਦੀ ਰਹੀ। ਆਖਰ ਵੇਲ੍ਹ ਮਰ ਗਈ ਸੀ। ਤੁਹਾਨੂੰ ਚੇਤੇ ਹੋਵੇਗਾ ਕਿ ਪਿਛਲੇ ਦਿਨਾਂ ਵਿੱਚ ਇਕ ਗਾਂ ਦੇ ਢਿੱਡ ਵਿੱਚੋਂ ਕਈ ਕਿੱਲੋ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਹੋਰ ਕੂੜਾ ਚੀਰ-ਫਾੜ ਦੌਰਾਨ ਡਾਕਟਰਾਂ ਨੇ ਕੱਢਿਆ ਸੀ।"

"ਆਹ ਕੁਝ ਕਰ ਰਿਹੈ ਬੰਦਾ, ਮੈਨੂੰ ਤਾਂ ਆਪਣੇ ਮਨੁੱਖ ਹੋਣ ਤੇ ਹੀ ਸ਼ਰਮ ਆ ਰਹੀ ਹੈ।" ਚੰਦ ਚਾਚੇ ਨੇ ਰੇਡੀਓ ਦੀ ਖ਼ਬਰ ਤੇ ਆਪਣੀ ਪ੍ਰਤੀਕ੍ਰਿਆ ਜਤਾਈ। ਚੰਦ ਚਾਚੇ ਦੇ ਪੀਲੇ ਪਏ ਮੂੰਹ ਨੂੰ ਦੇਖ ਕੇ ਹਰਖੋ, ਡੱਬੋ ਅਤੇ ਕਾਲੂ ਤਿੰਨੇ ਹੀ ਉਸ ਦੀਆਂ ਲੱਤਾਂ ਨੂੰ ਚਿੰਬੜ ਗਏ। ਤਿੰਨੇ 'ਮਿਆਊ.. ਮਿਆਊ' ਕਰਨ ਲੱਗੇ। ਚੰਦ ਚਾਚੇ ਦਾ ਮਨ ਪਿਘਲ ਗਿਆ। ਕਾਲੂ ਨੂੰ ਬੁੱਕਲ਼ ਵਿੱਚ ਲੈਂਦਾ ਬੋਲਿਆ, "ਓਏ ਕਾਲੇ ਬਦਮਾਸ਼ਾ!ਤੂੰ ਬਾਹਰ ਕੂੜੇ ਨੂੰ ਘੱਟ ਮੂੰਹ ਮਾਰਿਆ ਕਰ। ਘਰੇ ਦੁੱਧ ਪੀਆ ਕਰ, ਮਾਂ ਨਾਲ ਖੇਤਾਂ ਵਿੱਚ ਜਾਕੇ ਸ਼ਿਕਾਰ ਮਾਰ ਲਿਆਇਆ ਕਰ। ਕੂੜੇ ਵਿੱਚ ਜ਼ਹਿਰਾਂ ਖਿੱਲਰੀਆਂ ਹੁੰਦੀਆਂ ਹਨ। ਇਨਸਾਨ ਕਬਰਾਂ ਦੇ ਰਾਹ ਤੁਰ ਪਿਆ। ਬੰਦਿਆਂ ਆਪ ਵੀ ਮਰਨਾ, ਜੀਵ ਜੰਤੂਆਂ ਨੂੰ ਵੀ ਮਾਰ ਮੁਕਾ ਦੇਣਾ। ਧਰਤੀ ਨੂੰ ਉਜਾੜਨ ਲੱਗਿਆ ਹੋਇਆ।" ਚੰਦ ਚਾਚਾ ਤਾਂ ਉੱਥੋਂ ਉੱਠ ਕੇ ਚਲਾ ਗਿਆ, ਪਰ ਡੱਬੋ ਤੇ ਹਰਖੋ ਡੂੰਘੀ ਚਿੰਤਾ ਵਿੱਚ ਡੁੱਬ ਗਈਆ। ਡੱਬੋ ਬੋਲੀ, "ਚੰਦ ਚਾਚਾ ਐਨਾ ਨਿਰਾਸ਼ ਤਾਂ ਕਦੀ ਵੀ ਨਹੀਂ ਸੀ ਦੇਖਿਆ! ਉਹ ਤਾਂ ਮਜ਼ਬੂਤ ਇਨਸਾਨ ਹੈ।"

"ਜਿੱਥੇ ਅਸੀਂ ਸੁਰੱਖਿਅਤ ਨਹੀਂ। ਚੰਦ ਚਾਚਾ ਵੀ ਫਿਕਰ ਕਰਨ ਲੱਗਾ ਹੈ। ਸਾਨੂੰ ਇਹ ਗਲ਼ੀ ਛੱਡ ਦੇਣੀ ਚਾਹੀਦੀ ਹੈ। "ਹਰਖੋ ਸੋਚਦੀ ਹੋਈ ਬੋਲੀ। ਡੱਬੋ ਅਤੇ ਕਾਲੂ ਉਸਦੇ ਮੂੰਹ ਵੱਲ ਦੇਖ ਰਹੇ ਸਨ।

"ਗਲ਼ੀਆਂ ਤਾਂ ਸਾਰੀਆਂ ਹੀ ਇੱਕੋ ਜੇਹੀਆ ਹਨ। "ਚੰਦ ਚਾਚੇ ਦੀ ਦੂਰੋਂ ਆਵਾਜ਼ ਆਈ।

"ਕਿੱਥੇ ਜਾਵਾਂਗੇ ਆਪਾਂ?" ਕਾਲੂ ਬੋਲਿਆ।

"ਬਸਤੀ ਤੇਰੀ ਨਾਨੀ ਕੋਲ।" ਹਰਖੋ ਬੋਲੀ।

"ਉਹ ਤਾਂ ਉਸੇ ਦਿਨ ਬਥੇਰਾ ਜ਼ੋਰ ਪਾਉਂਦੀ ਸੀ ਕਿ ਬੇਵਕੂਫੋ! ਮਨੁੱਖ ਹੁਣ ਪਹਿਲਾਂ ਵਾਲਾ ਮਨੁੱਖ ਨਹੀਂ ਰਿਹਾ।

ਹਰੀ ਕ੍ਰਿਸ਼ਨ ਮਾਇਰ ਨੇ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਦਾ ਤਿੰਨ ਦਹਾਕੇ ਅਧਿਆਪਨ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਵਿਗਿਆਨ ਦੇ ਵਿਸ਼ਿਆਂ ਤੇ ਨਿਬੰਧ ਅਕਸਰ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਬਾਲ ਸਾਹਿਤ ਵਿੱਚ ਕਹਾਣੀ, ਕਵਿਤਾ, ਜੀਵਨੀਆਂ, ਬੁਝਾਰਤਾਂ ਦੀਆਂ ਤਕਰੀਬਨ ਪੰਦਰਾਂ ਪੁਸਤਕਾਂ ਛਪੀਆਂ ਹਨ। ਕੁਝ ਛਪਾਈ ਅਧੀਨ ਹਨ। ਉਹਨਾਂ ਦੀਆਂ ਪੁਸਤਕਾਂ 'ਮਹਾਨ ਖੋਜਕਾਰ', 'ਭਾਰਤੀ ਖੋਜਕਾਰ', 'ਅਸੀਂ ਜੀਵ ਜੰਤੂ' ਭਾਗ 1 ਅਤੇ 2 ਪੁਸਤਕਾਂ ਕਾਫ਼ੀ ਚਰਚਿਤ ਰਹੀਆਂ ਹਨ।

ਬਾਲ ਕਵਿਤਾ

ਪ੍ਰਕਾਸ਼

ਸੁਰਿੰਦਰਪਾਲ ਸਿੰਘ

ਆਓ ਬੱਚਿਓ ਪ੍ਰਕਾਸ਼ ਦੀ ਕਰੀਏ ਬਾਤ
ਪਾਠ ਸੌਖਾ ਮਾਰੀਏ ਇਸ ਤੇ ਪੰਛੀ ਝਾਤ।
ਪ੍ਰਕਾਸ਼ ਹੁੰਦਾ ਊਰਜਾ ਦਾ ਪਦਾਰਥਿਕ ਰੂਪ
ਜੋ ਖੁਦ ਪੈਦਾ ਕਰੇ ਉਹ ਪ੍ਰਕਾਸ਼ਮਾਨ ਸਰੂਪ
ਪ੍ਰਕਾਸ਼ ਉਤਪੰਨ ਨਾ ਕਰੇ ਚੁੱਪਚਾਪ ਬਹਿੰਦੇ
ਪ੍ਰਕਾਸ਼ਹੀਣ ਵਸਤੂ ਨੇ ਉਹਨਾਂ ਨੂੰ ਕਹਿੰਦੇ।
ਪ੍ਰਕਾਸ਼ ਲੰਘ ਜਾਵੇ ਜਿਸ ਦੇ ਆਰ ਤੇ ਪਾਰ
ਪਾਰਦਰਸ਼ੀ ਕਹਿਣ ਤੇ ਨਾ ਕਰੋ ਵਿਚਾਰ।
ਸ਼ੈਅ ਨਾ ਲੰਘਣ ਦੇਵੇ ਜੋ ਪ੍ਰਕਾਸ਼ ਵਿਚਕਾਰ
ਅਪਾਰਦਰਸ਼ੀ ਵਸਤੂ ਦਾ ਦੱਸਿਆ ਸਾਰ।
ਅੱਧਪਾਰਦਰਸ਼ੀ ਪੂਰਾ ਪ੍ਰਕਾਸ਼ ਨਾ ਲੰਘਾਵੇ
ਇਸ ਰਾਹੀ ਧੁੰਦਲਾ ਧੁੰਦਲਾ ਨਜ਼ਰੀ ਆਵੇ।
ਪ੍ਰਕਾਸ਼ ਸਦੀਵੀ ਹੀ ਤੁਰਦਾ ਸਿੱਧਾ ਸਾਰ
ਵਰਤਾਰਾ ਪ੍ਰਕਾਸ਼ ਹੈ ਸਰਲ ਰੇਖੀ ਪ੍ਰਸਾਰ।
ਪ੍ਰਕਾਸ਼ ਦੇ ਰਾਹ ਆਵੇ ਜੇ ਅਪਾਰਦਰਸ਼ੀ
ਪਰਛਾਵਾਂ ਬਣਦਾ ਹੈ ਉਦੋਂ ਅਰਸ਼ੀ-ਫਰਸ਼ੀ।
ਪਾਠ ਦੇ ਚੋਣਵੇ ਤੱਤ ਤੁਹਾਨੂੰ ਨੂੰ ਸਮਝਾਏ
ਕਵਿਤਾ ਨਾਲ 'ਸੁਰਿੰਦਰ' ਪ੍ਰਕਾਸ਼ ਤੇ ਚਾਨਣਾ ਪਾਏ।



ਬਾਲ ਕਵਿਤਾ

ਜਲ ਚੱਕਰ

ਵਿਕਾਸ ਵਰਮਾ

ਗਰਮੀ ਸੂਰਜ ਦੀ ਜਦੋਂ ਸਹਿੰਦਾ ਪਾਣੀ, ਵਾਸ਼ਪ ਬਣ ਉੱਡ ਜਾਂਦਾ ਪਾਣੀ,
ਸਾਗਰ, ਤਾਲ, ਨਦੀ ਦਾ ਪਾਣੀ, ਪੈਂਦਾ ਫਿਰ ਚੱਕਰ ਵਿੱਚ ਪਾਣੀ,
ਉੱਡ - ਉੱਡ ਕੱਠੀ ਹੁੰਦੀ ਭਾਫ਼, ਬੱਦਲਾਂ ਵਿੱਚ ਲੁਕ ਜਾਂਦੀ ਭਾਫ਼,
ਜਿਉਂ - ਜਿਉਂ ਠੰਡੀ ਹੋਵੇ ਭਾਫ਼, ਭਾਰਾ ਕਰੇ ਬੱਦਲ ਨੂੰ ਭਾਫ਼,
ਰਸਤੇ ਵਿੱਚ ਜਦੋਂ ਆਉਣ ਪਹਾੜ, ਔਖਾ ਹੋ ਜਾਏ ਚੁੱਕਣਾ ਭਾਰ,
ਬਣਦਾ ਫੇਰ ਭਾਫ਼ ਦਾ ਪਾਣੀ, ਆਉਂਦੀ ਛਮ - ਛਮ ਵਰਖਾ ਰਾਣੀ,
ਇੰਝ ਧਰਤ ਤੋਂ ਉੱਡਿਆ ਪਾਣੀ, ਮੁੜਦਾ ਫੇਰ ਧਰਤ ‘ਤੇ ਪਾਣੀ,
ਕਹੇ ‘ਵਰਮਾ’ ਨਾ ਭੁੱਲੀਂ ਹਾਣੀ, ਜਲ ਚੱਕਰ ਦੀ ਇਹ ਕਹਾਣੀ।

ਜਿਵੇਂ - ਜਿਵੇਂ ਅਸੀਂ ਵਿਗਿਆਨ ਦੇ ਖੇਤਰ ਵਿਚ ਤਰੱਕੀ ਕਰ ਰਹੇ ਹਾਂ , ਉਵੇਂ - ਉਵੇਂ ਸਾਡੇ ਵਿੱਚ ਹੋਰ ਜਾਣਨ ਦੀ ਲਾਲਸਾ ਵਧਦੀ ਜਾ ਰਹੀ ਹੈ। ਬਚਪਨ ਵਿਚ ਅਸੀਂ ਸੂਰਜ ਮੰਡਲ ਦੇ ਨੌਂ ਗ੍ਰਹਿਆਂ ਬਾਰੇ ਪੜ੍ਹਿਆ ਸੀ, ਪਰ 2006 ਵਿਚ ਵਿਗਿਆਨਕ ਤਰੱਕੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਸਾਡੇ ਸੂਰਜ ਮੰਡਲ ਵਿਚ 9 ਗ੍ਰਹਿ ਨਹੀ, ਸਿਰਫ 8 ਗ੍ਰਹਿ ਹਨ। ਗ੍ਰਹਿ ਦੀਆਂ ਸ਼ਰਤਾਂ ਪੂਰੀਆਂ ਨਾ ਹੋਣ ਕਰਕੇ ਪਲੂਟੋ ਗ੍ਰਹਿ ਦਾ ਦਰਜਾ ਨਹੀਂ ਰੱਖਦਾ, ਇਸ ਕਰਕੇ ਇਸ ਨੂੰ ਗ੍ਰਹਿ ਕਹਿਣਾ ਠੀਕ ਨਹੀਂ ਹੈ ।. ਪਲੂਟੋ ਦੀ ਖੋਜ 1930 ਵਿਚ ਹੋਈ ਸੀ, ਇਸ ਦੀ ਖੋਜ ਤੋਂ 76 ਸਾਲਾਂ ਬਾਅਦ ਤੱਕ, ਯਾਨੀ 2006 ਤੱਕ ਇਸ ਨੂੰ ਗ੍ਰਹਿ ਮੰਨਿਆ ਜਾਂਦਾ ਸੀ। 2006 ਤੋਂ ਬਾਅਦ ਪਲੂਟੋ ਨੂੰ ਗ੍ਰਹਿ ਦੀ ਸ਼੍ਰੇਣੀ 'ਚੋਂ ਹਟਾ ਕੇ ਡਵਾਰਫ ਪਲੈਨੇਟ ਸੂਚੀ ਵਿਚ ਪਾ ਦਿੱਤਾ ਗਿਆ। ਉਦੋਂ ਤੋਂ ਇਹ ਵਿਵਾਦ ਦਾ ਵਿਸ਼ਾ ਬਣ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂਅ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਤੋਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। 16 ਮਹੀਨੇ ਇਸ ਨੇ ਪਲੂਟੋ ਬਾਰੇ ਤਰ੍ਹਾਂ - ਤਰ੍ਹਾਂ ਦੀ ਜਾਣਕਾਰੀ ਹਾਸਲ ਕਰਕੇ ਵਿਗਿਆਨੀਆਂ ਨੂੰ ਭੇਜਦਾ ਰਿਹਾ।

ਨਾਸਾ ਨੇ 2006 ਵਿਚ ਇਹ ਪੁਲਾੜੀ ਜਹਾਜ਼ ਲਾਂਚ ਕੀਤਾ । ਪਲੂਟੋ ਦੇ ਨਾਲ - ਨਾਲ ਇਸ ਦੇ ਚੰਦ ਸ਼ੈਰਨ (Charon) ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਨਿਊ ਹੋਰਾਈਜ਼ਨਜ਼ ਤੋਂ ਮਿਲੀ ਜਾਣਕਾਰੀ ਅਨੁਸਾਰ ਪਲੂਟੋ ਦਾ ਵਿਆਸ 2370 ਵਰਗ ਕਿਲੋਮੀਟਰ ਹੈ ਅਤੇ ਵਾਯੂਮੰਡਲ ਦੀ ਨਿਮਨਤਮ ਪਰਤ ਬਹੁਤ ਪਤਲੀ ਹੈ। 1930 ਤੱਕ ਪਲੂਟੋ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲੋਅਲ (Percival Lowell) ਨੇ 1905 ਵਿਚ ਆਪਣੀ ਖੋਜ ਦੇ ਅਧਾਰ 'ਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚਿਊਨ (ਵਰੁਣ) ਦੇ ਪੱਥ (Orbit) ਜਿਵੇਂ ਥਿੜਕਦੇ ਹਨ, ਨੇਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ। ਜਿਸ ਦੀ ਗਰੂਤਾ ਖਿੱਚ ਇਸ ਦੇ ਥਿੜਕਣ ਦੀ ਜ਼ਿੰਮੇਵਾਰ ਹੈ। ਇਹ ਖੋਜ ਅੱਧ ਵਿਚਾਲੇ ਹੀ ਸੀ ਜਦੋਂ 1915 ਵਿਚ ਪਰਸੀਵਲ ਲੋਅਲ ਦੀ ਮੌਤ ਹੋ ਗਈ। ਇਸ ਤੋਂ ਬਾਅਦ ਇਕ ਹੋਰ ਤਾਰਾ ਵਿਗਿਆਨਕ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲੋਅਲ ਵੇਦਸ਼ਾਲਾ (ਔਬਜ਼ਰਵੇਟਰੀ) ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਅਸਮਾਨ ਦੀ ਛਾਣਬੀਣ ਕੀਤੀ, 18 ਫਰਵਰੀ, 1930 ਨੂੰ ਤਿੰਨ ਤਸਵੀਰਾਂ ਵਿਚ ਉਸ ਨੂੰ ਇਕ ਨਵਾਂ ਗ੍ਰਹਿ ਦਿਸਿਆ। ਔਕਸਫੋਰਡ (ਇੰਗਲੈਂਡ) ਸਕੂਲ ਪੜ੍ਹਦੀ ਕੁੜੀ ਵਨੀਸ਼ੀਆ ਬਰਨੀ ਦੇ ਸੁਝਾਅ ਅਨੁਸਾਰ ਨਵੇਂ ਗ੍ਰਹਿ ਦਾ ਨਾਂਅ ਪਲੂਟੋ ਰੱਖਿਆ ਗਿਆ। ਇਹ ਗ੍ਰਹਿ ਯੂਨਾਨੀ ਮਿਥਹਾਸਿਕ ਨਾਵਾਂ ਨਾਲ ਵੀ ਮੇਲ ਖਾਂਦਾ ਸੀ।

ਪਲੂਟੋ ਸੂਰਜ ਦੀ ਪਰਿਕਰਮਾ 248. 09 ਸਾਲਾਂ ਵਿਚ ਪੂਰੀ ਕਰ ਲੈਂਦਾ ਹੈ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋ ਵੱਧ ਦੂਰੀ 7 ਅਰਬ 40 ਕਰੋੜ ਅਤੇ ਘੱਟ ਤੋਂ ਘੱਟ ਦੂਰੀ 4 ਅਰਬ 40 ਕਰੋੜ ਕਿਲੋਮੀਟਰ ਹੈ।ਸਾਡੇ ਚੰਦ ਤੋਂ ਵੀ ਇਹ ਛੋਟਾ ਗ੍ਰਹਿ ਪਰਿਕਰਮਾ ਕਰਦੇ ਸਮੇਂ 17

ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਚੱਲਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ। ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿਚਾਲੇ ਕਾਫੀ ਬਹਿਸ ਮੁਬਾਹਿਸਾ ਹੋਇਆ। ਅਖੀਰ 2006 'ਚ ਪਲੂਟੋ ਤੋਂ ਨੌਂਵੇ ਗ੍ਰਹਿ ਦਾ ਦਰਜਾ ਖੋਹ ਲਿਆ ਅਤੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਰੀਜ਼, ਹਾਮਿਆ, ਮੇਕ ਮੇਕ ਅਤੇ ਅਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਰੀਜ਼ ਐਸਟਰਾਇਡ ਬਸਤੀ ਦਾ ਸਾਥੀ ਹੈ।

1979 ਵਿਚ ਜੇਮਜ਼ ਕ੍ਰਿਸਟੀ ਨੇ ਪਹਿਲਾਂ ਸਿਧਾਂਤਕ ਤੌਰ 'ਤੇ ਅਤੇ ਫਿਰ ਪੱਕੇ ਤੌਰ 'ਤੇ ਪਲੂਟੋ ਦੇ ਚੰਦਰਮਾ ਦੀ ਖੋਜ ਕੀਤੀ, ਉਨ੍ਹਾਂ ਆਪਣੀ ਪਤਨੀ ਸ਼ਾਰਲੀਨ (Charlene) ਦੇ ਨਾਂਅ 'ਤੇ ਇਸ ਦਾ ਨਾਮ ਕਹਿਰਨ ਰੱਖਿਆ। 1200 ਕਿਲੋਮੀਟਰ ਵਿਆਸ ਵਾਲਾ ਸ਼ੈਰਨ ਪਲੂਟੋ ਤੋਂ ਅੱਧੇ ਤੋਂ ਵੱਡਾ ਹੈ। ਉਂਝ ਪਲੂਟੋ ਦੇ ਨਿੱਕੇ ਆਕਾਰ ਦੇ ਚਾਰ ਹੋਰ ਚੰਦਰਮਾ ਵੀ ਹਨ। ਇਹ ਹਨ - ਨਿਕਸ, ਹਾਈਡਰਾ, ਸਟਿਕਸ, ਕਰਬਰਸ। ਪਲੂਟੋ ਆਪਣੀ ਧੁਰੀ ਉੱਪਰ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇਕ ਚੱਕਰ ਸਾਡੀ ਧਰਤੀ ਦੇ ਹਿਸਾਬ ਨਾਲ 6 ਦਿਨ 9 ਘੰਟਿਆਂ ਵਿਚ ਪੂਰਾ ਕਰਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਸ਼ੈਰਨ ਵੀ ਇਕ ਚੱਕਰ ਇੰਨੇ ਸਮੇਂ ਵਿਚ ਹੀ ਪੂਰਾ ਕਰਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਪਲੂਟੋ ਦੇ ਹਿਸਾਬ ਨਾਲ ਇਹ ਇਕੋ ਥਾਂ ਖੜ੍ਹਾ ਪ੍ਰਤੀਤ ਹੁੰਦਾ ਹੈ। ਇਹ ਚੰਦਰਮਾ ਨਾ ਹੀ ਚੜ੍ਹਦਾ ਅਤੇ ਨਾ ਹੀ ਡੁੱਬਦਾ ਹੈ। ਸਾਡੇ ਸੌ ਚੰਦਰਮਾ ਜਿੰਨੀ ਰੌਸ਼ਨੀ ਇਕੋ ਸਮੇਂ ਚਮਕਦੀ ਨਜ਼ਰ ਆਉਂਦੀ ਹੋਵੇਗੀ। ਨਿਊ ਹੋਰਾਈਜ਼ਨਜ਼ ਨੇ 2015 ਤੱਕ ਪਲੂਟੋ ਬਾਰੇ ਬਹੁਤ ਸਾਰੀ ਜਾਣਕਾਰੀ ਭੇਜੀ ਹੈ । ਇਸ ਤੋਂ ਮਿਲੀਆਂ ਤਸਵੀਰਾਂ ਵਿਚ ਦੱਸਿਆ ਗਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ - ਤਿੰਨ ਕਿਲੋਮੀਟਰ ਪਹਾੜਾਂ ਦੀ ਲੜੀ ਹੈ ਅਤੇ ਇਸ ਧਰਤੀ 'ਤੇ ਚੱਟਾਨ ਵਾਂਗ ਜੰਮੀ ਬਰਫ ਦੇ ਵਿਸ਼ਾਲ ਖਿੱਤੇ ਅਤੇ ਗਲੇਸ਼ੀਅਰ ਹਨ। ਪਲੂਟੋ ਉੱਤੇ ਕਾਇਪਰ (Kuiper) ਬੈਲਟ ਵਿੱਚੋਂ ਤਰ੍ਹਾਂ - ਤਰ੍ਹਾਂ ਦੇ ਵਿਸ਼ਾਲ ਪਿੰਡ ਡਿੱਗਦੇ ਰਹਿੰਦੇ ਹਨ। ਇਨ੍ਹਾਂ ਪਿੰਡਾਂ ਦੇ ਡਿੱਗਣ ਨਾਲ ਡੂੰਘੇ ਖੱਡੇ ਜ਼ਰੂਰ ਬਣੇ ਹੋਣਗੇ, ਪਰ ਬਚੇ ਨਹੀਂ, ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ।

ਤਾਰਾ ਵਿਗਿਆਨੀਆਂ ਨੇ ਆਪਣੀਆਂ ਸੋਧਾਂ ਵਿਚ ਦੱਸਿਆ ਹੈ ਕਿ ਸਾਡੇ ਸੂਰਜ ਮੰਡਲ ਵਿਚ ਮੰਗਲ ਗ੍ਰਹਿ ਤੋਂ ਬਾਅਦ ਬ੍ਰਹਿਸਪਤੀ, ਯੂਰੇਨਸ ਅਤੇ ਫਿਰ ਨੈਪਚਿਊਨ ਦਾ ਚੱਕਰ ਆਉਂਦਾ ਹੈ। ਨੈਪਚਿਊਨ ਦੇ ਆਰਬਿਟ ਤੋਂ ਅੱਗੇ ਦੁਆਲੇ ਚੱਕਰ ਲਗਾ ਰਹੀ ਬਰਫੀਲੇ ਤਾਰਿਆਂ ਨਾਲ ਭਰੀ ਇਕ ਹੋਰ ਬੈਲਟ ਨਜ਼ਰ ਆਉਂਦੀ ਹੈ। ਵਿਗਿਆਨੀਆਂ ਨੇ ਇਸ ਬੈਲਟ ਨੂੰ ਕਾਇਪਰ ਦਾ ਨਾਂਅ ਦਿੱਤਾ ਹੈ, ਜਿੰਨ੍ਹਾਂ ਵਿੱਚੋਂ ਇਕ ਪਲੂਟੋ ਹੈ। ਦਿਲਚਸਪ ਗੱਲ ਇਹ 62 ਸਾਲ ਦੀ ਖੋਜ ਤੋਂ ਬਾਅਦ ਕੋਈ ਹੋਰ ਗ੍ਰਹਿ ਨਹੀਂ ਲੱਭਿਆ ਗਿਆ। ਅਜਿਹੇ ਵਿਚ ਪਲੂਟੋ ਨੂੰ ਨੌਂਵਾਂ ਗ੍ਰਹਿ ਮੰਨਿਆ ਜਾਂਦਾ ਰਿਹਾ ਹੈ, ਜਿਸ 'ਤੇ ਸ਼ੱਕ ਕਰਨਾ ਗਲਤ ਹੈ।

ਸੁਖਮੰਦਰ ਸਿੰਘ ਤੂਰ ਜ਼ਿਆਦਾਤਰ ਵਿਗਿਆਨ, ਵਾਤਾਵਰਣ, ਜੀਵ ਵਿਕਾਸ, ਬਾਲ ਵਿਕਾਸ ਅਤੇ ਸਮਾਜਿਕ ਸਰੋਕਾਰ ਬਾਰੇ ਲਿਖਦਾ ਹੈ। ਉਸਦੇ ਪੰਜਾਬੀ ਦੇ ਪ੍ਰਮੁੱਖ ਪੱਤਰਾਂ ਵਿਚ ਸੈਂਕੜੇ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ।

ਪ੍ਰਸ਼ਨ: ਪਲੂਟੋ ਨੂੰ ਇੱਕ ਗ੍ਰਹਿ ਕਿਓਂ ਨਹੀਂ ਮੰਨਿਆ ਜਾਂਦਾ?

ਕਿਸੇ ਅਕਾਸ਼ੀ ਪਿੰਡ ਨੂੰ ਗ੍ਰਹਿ ਮੰਨਣ ਲਈ ਤਿੰਨ ਮਾਪਦੰਡ ਹਨ:

ਗ੍ਰਹਿ ਆਪਣੇ ਸੂਰਜ ਦੇ ਦੁਆਲ਼ੇ ਘੁੰਮਦਾ ਹੋਵੇ।

ਗ੍ਰਹਿ ਦਾ ਇੰਨਾ ਕੁ ਪੁੰਜ ਹੋਵੇ ਤਾਂ ਜੋ ਗੁਰੁਤਾਕਰਸ਼ਣ ਕਰਕੇ ਉਸਦਾ ਅਕਾਰ ਗੋਲ਼ ਹੋਵੇ।

ਗ੍ਰਹਿ ਆਪਣੇ ਪੰਧ ਵਿੱਚੋਂ ਆਪਣੇ ਤੋਂ ਵੱਡੇ ਹੋਰ ਅਕਾਸ਼ੀ ਪਿੰਡ ਸਾਫ਼ ਕਰ ਚੁੱਕਾ ਹੋਵੇ।

ਪਲੂਟੋ ਤੀਜੇ ਮਾਪਦੰਡ 'ਤੇ ਖਰਾ ਨਹੀਂ ਉੱਤਰਦਾ, ਕਿਓਂਕਿ ਕਾਇਪਰ ਬੈਲਟ ਦੇ ਵਿੱਚ ਹੋਰ ਅਕਾਸ਼ੀ ਪਿੰਡ ਵੀ ਹਨ, ਜੋ ਪਲੂਟੋ ਦੇ ਅਕਾਰ ਜਿੰਨੇ ਤੇ ਉਸਤੋਂ ਵੱਡੇ ਹਨ। ਪਲੂਟੋ ਨੇ ਆਪਣੇ ਗੁਆਂਢ ਵਿੱਚ ਹੋਰ ਅਕਾਸ਼ੀ ਪਿੰਡ ਸਾਫ਼ ਨਹੀਂ ਕੀਤੇ ‘ਜਿਵੇਂ ਕਿ ਪ੍ਰਿਥਵੀ, ਬ੍ਰਹਿਸਪਤੀ ਤੇ ਹੋਰ ਗ੍ਰਹਿਆਂ ਨੇ ਕੀਤੇ ਹਨ। ਇਸ ਕਰਕੇ ਪਲੂਟੋ ਨੂੰ ਛੋਟਾ ਗ੍ਰਹਿ ਕਿਹਾ ਜਾਂਦਾ ਹੈ। ਚੰਗੀ ਖ਼ਬਰ ਇਹ ਹੈ ਕਿ ਪਲੂਟੋ ਹਮੇਸ਼ਾਂ ਤੋਂ ਹੀ ਸੂਰਜ-ਮੰਡਲ ਦੇ ਬਾਕੀ ਗ੍ਰਹਿਆਂ ਤੋਂ ਅੱਲਗ ਸੀ, ਪਰ ਹੁਣ ਉਸਦੇ ਪਰਿਵਾਰ ਵਿੱਚ ਹੋਰ ਸਾਥੀ ਛੋਟੇ ਗ੍ਰਹਿ ਵੀ ਹਨ।

punjabikids.org
ਪੰਜਾਬੀ ਬੱਚਿਆਂ ਨੂੰ
ਸਮਰਪਿਤ ਵੈੱਬਸਾਈਟ

ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

ਪੁਲਾੜ ਦੇ ਕਾਲ਼ੇ ਖੂਹਾਂ ਬਾਰੇ ਸਟੀਫਨ ਹਾਕਿੰਗ ਦੀ ਭਵਿੱਖਬਾਣੀ ਸੱਚੀ ਸਾਬਤ



ਵਿਗਿਆਨੀਆਂ ਨੇ ਸਟੀਫਨ ਹਾਕਿੰਗ ਦੀ 1971 ਦੀ ਭਵਿੱਖਬਾਣੀ ਦੀ ਪੁਸ਼ਟੀ ਕੀਤੀ ਹੈ ਕਿ ਪੁਲਾੜ ਦੇ ਕਾਲ਼ੇ ਖੂਹਾਂ ਦੇ ਘਟਨਾ ਦੂਰੀ (Event Horizon) ਦਾ ਕੁੱਲ ਸਤਹ ਖੇਤਰ ਕਦੇ ਵੀ ਘੱਟ ਨਹੀਂ ਸਕਦਾ। ਇਸਨੂੰ ਕਾਲ਼ੇ ਖੂਹ ਖੇਤਰ ਪ੍ਰਮੇਯ (ਬਲੈਕ ਹੋਲ ਏਰੀਆ ਥਿਓਰਮ) ਵੀ ਕਿਹਾ ਜਾਂਦਾ ਹੈ। ਇਹ ਪੁਸ਼ਟੀ ਲੇਜ਼ਰ ਇੰਟਰਫੇਰੋਮੀਟਰ ਗਰੈਵੀਟੇਸ਼ਨਲ-ਵੇਵ ਆਬਜ਼ਰਵੇਟਰੀ (LIGO) ਦੁਆਰਾ ਕੀਤੀ ਗੁਰੁਤਾਕਰਸ਼ਣ ਤਰੰਗਾਂ ਦੀ ਖੋਜ ਕਰਕੇ ਸੰਭਵ ਹੋਈ, ਜੋ ਦੋ ਕਾਲ਼ੇ ਖੂਹਾਂ ਦਰਮਿਆਨ ਹੋਏ ਸ਼ਕਤੀਸ਼ਾਲੀ ਟਕਰਾਅ ਕਰਕੇ, 1.3 ਅਰਬ ਸਾਲ ਬਾਅਦ ਅੰਤ ਜਨਵਰੀ 2025 ਨੂੰ ਸਾਡੀ ਧਰਤੀ 'ਤੇ ਪਹੁੰਚੀਆਂ।

ਐਪਲ ਦੀ ਦਿਮਾਗ਼ ਨਾਲ਼ ਆਈਫੋਨ ਤੇ ਆਈਪੈਡ ਨਿਯੰਤਰਿਤ ਕਰਨ ਦੀ ਤਕਨੀਕ

ਦਿਮਾਗ਼-ਕੰਪਿਊਟਰ ਇੰਟਰਫੇਸ ਵਿੱਚ ਮਾਹਿਰ ਸਿੰਕ੍ਰੋਨ ਕੰਪਨੀ ਨੇ ਹਾਲ ਹੀ ਵਿੱਚ ਇੱਕ ਮਰੀਜ਼ ਦਾ ਵੀਡੀਓ ਪ੍ਰਕਾਸ਼ਿਤ ਕੀਤਾ ਹੈ ਜੋ ਆਪਣੇ ਆਈਪੈਡ ਨੂੰ ਪੂਰੀ ਤਰ੍ਹਾਂ ਆਪਣੀਆਂ ਸੋਚਾਂ ਨਾਲ ਨਿਯੰਤਰਿਤ ਕਰ ਰਿਹਾ ਹੈ। ਐਪਲ ਆਪਣੇ ਉਪਕਰਣਾਂ ਨੂੰ ਦਿਮਾਗ਼ ਦੇ ਸਿਗਨਲਾਂ ਨਾਲ਼ ਨਿਯੰਤਰਣ ਕਰਨ ਲਈ ਦਿਮਾਗ਼ ਤੇ ਕੰਪਿਊਟਰ ਦਾ ਇੰਟਰਫੇਸ (BCIs) ਵਿਕਸਤ ਕਰ ਰਿਹਾ ਹੈ। ਸਿੰਕ੍ਰੋਨ BCI ਨੂੰ ਦਿਮਾਗ਼ ਦੇ ਮੋਟਰ ਕਾਰਟੈਕਸ ਹਿੱਸੇ ਵਿੱਚ ਇੱਕ ਘੱਟੋ-ਘੱਟ ਚੀਰ-ਫਾੜ ਵਾਲ਼ੀ ਪ੍ਰਕਿਰਿਆ ਦੀ ਵਰਤੋਂ ਕਰਕੇ ਇਮਪਲਾਂਟ ਕੀਤਾ ਜਾਂਦਾ ਹੈ ਜਿਸ ਵਿੱਚ ਜੁਗੁਲਰ ਨਾੜੀ ਰਾਹੀਂ ਇੱਕ ਕੈਥੀਟਰ ਪਾਉਣਾ ਸ਼ਾਮਲ ਹੁੰਦਾ ਹੈ। ਸਿੰਕ੍ਰੋਨ ਦਾ ਯੰਤਰ ਹੁਣ ਤੱਕ 10 ਲੋਕਾਂ ਵਿੱਚ ਇਮਪਲਾਂਟ ਕੀਤਾ ਜਾ ਚੁੱਕਾ ਹੈ। ਮਰੀਜ਼ ਦੇ ਆਪਣੇ ਦਿਮਾਗ਼ ਨਾਲ ਇੱਕ ਆਈਪੈਡ ਨੂੰ ਨਿਯੰਤਰਿਤ ਕਰਨ ਦਾ ਵੀਡੀਓ ਹੇਠ ਲਿਖੇ ਲਿੰਕ 'ਤੇ ਉਪਲਬਧ ਹੈ: https://synchron.com/

ਤੀਜਾ ਅੰਤਰ-ਸਿਤਾਰਾ ਅਕਾਸ਼ੀ ਪਿੰਡ 3ਆਈ/ਐਟਲਸ



ਖਗੋਲ ਵਿਗਿਆਨੀਆਂ ਨੇ ਸਾਡੇ ਸੌਰ ਮੰਡਲ ਵਿੱਚੋਂ ਗੁਜ਼ਰਦਾ ਹੋਇਆ ਇੱਕ ਅੰਤਰ-ਸਿਤਾਰਾ ਧੂਮਕੇਤੂ ਦੇਖਿਆ ਹੈ, ਤੇ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਧੂਮਕੇਤੂ, ਸਾਡੇ ਸੌਰ ਮੰਡਲ ਤੋਂ ਬਾਹਰ, ਬ੍ਰਹਿਮੰਡ ਦੇ ਕਿਸੇ ਹੋਰ ਹਿੱਸੇ ਤੋਂ ਹੈ। 3I/ATLAS ਨਾਮਕ ਇਹ ਧੂਮਕੇਤੂ ਧਨ (Sagittarius) ਤਾਰਾਮੰਡਲ ਦੀ ਦਿਸ਼ਾ ਤੋਂ ਆਇਆ ਹੈ। ਇਹ ਸਾਡੇ ਸੌਰ ਮੰਡਲ ਤੋਂ ਬਾਹਰਲਾ ਦੇਖਿਆ ਗਿਆ ਸਿਰਫ਼ ਤੀਜਾ ਆਕਾਸ਼ੀ ਪਿੰਡ ਹੈ। ਇਸ ਤੋਂ ਪਹਿਲਾਂ ਕਿ ਇਸ ਸਾਲ ਦੇ ਅੰਤ ਵਿੱਚ ਉਹ ਸਾਡੀਆਂ ਨਜ਼ਰਾਂ ਤੋਂ ਦੂਰ ਹੋਵੇ, ਵਿਗਿਆਨੀ ਇਹ ਪਤਾ ਲਗਾ ਰਹੇ ਹਨ ਕਿ ਉਹ ਕਿੱਥੋਂ ਆਇਆ ਹੈ ਤੇ ਉਸਦੇ ਅੰਦਰ ਕਿਹੜੇ ਰਾਜ਼ ਛੁਪੇ ਹੋ ਸਕਦੇ ਹਨ?

Image Credit: NASA, ESA, David Jewitt (UCLA); Image Processing: Joseph DePasquale (STScI)

ਸਭ ਤੋਂ ਨੇੜੇ ਦੇ ਸਿਤਾਰੇ ਦੇ ਗਿਰਦ ਚੱਕਰ ਲਗਾਉਂਦੇ ਹੋਏ ਇੱਕ ਗ੍ਰਹਿ ਦੀ ਖੋਜ



ਜੇਮਜ਼ ਵੈੱਬ ਸਪੇਸ ਦੂਰਬੀਨ ਦੀ ਮਦਦ ਨਾਲ਼ ਖਗੋਲ ਵਿਗਿਆਨੀਆਂ ਨੇ ਸਾਡੇ ਸੌਰ ਮੰਡਲ ਦੇ ਸਭ ਤੋਂ ਨੇੜੇ ਦੇ ਸਿਤਾਰੇ ਪ੍ਰਥਮ ਕਿੰਨਰ ਏ (Alpha Centauri A) ਦੇ ਗਿਰਦ ਚੱਕਰ ਲਗਾਉਂਦੇ ਹੋਏ ਇੱਕ ਗੈਸ ਦੈਂਤ ਗ੍ਰਹਿ (ਬ੍ਰਹਿਸਪਤੀ ਵਰਗੇ) ਦੀ ਖੋਜ ਕੀਤੀ ਹੈ। ਇਹ ਸੰਭਵ ਹੈ ਕਿ ਉਸ ਗ੍ਰਹਿ ਦੇ ਚੰਦਰਮਾ ਵੀ ਹੋ ਸਕਦੇ ਹਨ। ਅੰਗਰੇਜ਼ੀ ਫਿਲਮ ਅਵਤਾਰ ਵਿੱਚ, ਪ੍ਰਥਮ ਕਿੰਨਰ ਸਿਤਾਰਾ ਮੰਡਲ ਵਿੱਚ ਦਿਖਾਇਆ ਗਿਆ ਹਰਿਆ-ਭਰਿਆ ਪੰਡੋਰਾ ਵੀ ਇੱਕ ਗੈਸ ਦੈਂਤ ਗ੍ਰਹਿ ਦਾ ਚੰਦਰਮਾ ਹੈ। ਨਾਸਾ ਦੇ ਵੈੱਬ ਟੈਲੀਸਕੋਪ 'ਤੇ ਲੱਗੇ MIRI ਯੰਤਰ ਦੀ ਵਰਤੋਂ ਕਰਕੇ ਲੱਭੇ ਗਏ ਇਸ ਸੰਭਾਵਿਤ ਗ੍ਰਹਿ ਦਾ ਅਧਿਐਨ ਕਰਨਾ ਦੂਰ-ਦੁਰਾਡੇ ਦੇ ਸਿਤਾਰਿਆਂ ਦੇ ਸੰਸਾਰਾਂ ਨਾਲੋਂ ਆਸਾਨ ਹੋਵੇਗਾ।

Image Credit: NASA, ESA, CSA, STScI, Robert L. Hurt (Caltech/IPAC)

ਉਡਾਣ ਮੈਗਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ ਜਾਂ QR ਕੋਡ ਸਕੈਨ ਕਰੋ!

https://www.udaanpunjabi.com/

https://punjabilibrary.com

ਪੰਜਾਬੀ ਲਾਇਬ੍ਰੇਰੀ PUNJABI LIBRARY